**Restaurant Supply** (Wholesaler)

ਉੱਚ ਕੁਆਲਿਟੀ ਦੇ ਭਾਂਡਿਆਂ, ਪਤੀਲੇ, ਕੁੱਕਵੇਅਰ, ਸਰਵਵੇਅਰ, ਕਮਰਸ਼ੀਅਲ ਜੂਸਰ, ਐਸਪਰੈਸੋ ਮਸ਼ੀਨਾਂ ਅਤੇ ਰੈਸਟੋਰੈਂਟ ਸਪਲਾਈ ਲਈ ਹਰ ਤਰ੍ਹਾਂ ਦੇ ਸਾਮਾਨ ਲਈ ਸਾਡੇ ਨਾਲ ਸੰਪਰਕ ਕਰੋ:

1125 Howard Street. Elk Grove Village. IL 60007
Ph: 847-979-5970. 847-979-5990.
847-228-0150, pragint@aol.com

Prag International
Ravi Kapoor (CEO)




**Licenced Illinois & Wisconsin State.**

Why pay rent if you can buy Find Out How much you can qualify!
Get Free Pre-Approval

Buying, Selling Renting or Investing
RE/MAX

Jesse Singh
847-606-3664

Amndip Singh
847-409-8787

New construction 60% cash back

Buy through us get free inspection & attorney fees free+cashback.
Selling Commission just pay only 1%

WEBSITE: jsingh.remax.com; E-Mail: jsingh@remax.net

Twenty-Sixth Year of Publication   ਮਿਡਵੈਸਟ ਐਡੀਸ਼ਨ   Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 27, Issue 22; May 30, 2026   20451 N. Plum Grove Rd., Palatine, IL 60074   Ph:847-359-0746, Fax:847-705-9388

## ਪੰਜਾਬ ਵਿਚ ਸਥਾਨਕ ਸਰਕਾਰਾਂ ਦੀਆਂ ਚੋਣਾਂ ਮੁਕੰਮਲ

### ਕਈ ਥਾਈਂ ਝੜਪਾਂ ਅਤੇ ਧੱਕੇਸ਼ਾਹੀ ਦੇ ਦੋਸ਼



**ਚੰਡੀਗੜ੍ਹ:**ਪੰਜਾਬ ਵਿਚ ਅੱਠ ਨਗਰ ਨਿਗਮਾਂ, 75 ਨਗਰ ਕੌਂਸਲਾਂ ਅਤੇ 20 ਨਗਰ ਪੰਚਾਇਤਾਂ ਦੇ 1896 ਵਾਰਡਾਂ ਦੀ ਚੋਣ ਲਈ ਵੋਟਾਂ ਪੈਣ ਦਾ ਕਾਰਜ ਮੁਕੰਮਲ ਹੋ ਗਿਆ। ਮੌਸਮ ਗਰਮ ਹੋਣ ਕਰਕੇ ਵੱਡੀ ਗਿਣਤੀ ਲੋਕ ਸਵੇਰੇ ਹੀ ਆਪਣੀ ਵੋਟ ਪਾਉਣ ਲਈ ਪੋਲਿੰਗ ਸਟੇਸ਼ਨਾਂ ਉੱਤੇ ਪਹੁੰਚ ਗਏ ਹਨ। ਪਰ ਸੱਤਾਧਾਰੀ ਧਿਰ ਅਤੇ ਵਿਰੋਧੀ ਪਾਰਟੀਆਂ ਦੇ ਵਰਕਰਾਂ ਵਿੱਚ ਸਾਰਾ ਦਿਨ ਹੀ ਗਰਮਾ-ਗਰਮੀ ਚਲਦੀ ਰਹੀ। ਸਮਾਣਾ, ਰਮਦਾਸ, ਅਮਰਗੜ੍ਹ, ਮਜੀਠਾ ,ਫਿਰੋਜ਼ਪੁਰ ਆਦਿ ਥਾਵਾਂ ਤੋਂ ਲੜਾਈ-ਝਗੜੇ, ਧੱਕਾ-ਮੁੱਕੀ, ਗੋਲੀਬਾਰੀ ਅਤੇ ਜਾਅਲੀ ਮਤਦਾਨ ਹੋਣ ਦੀਆਂ ਖ਼ਬਰਾਂ ਵੀ ਆਈਆਂ ਹਨ। ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਸਥਾਨਕ ਚੋਣਾਂ ਨੂੰ ਲੈ ਕੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਹੋਏ ਸਨ।

### ਬਿੱਟੂ ਨੂੰ ਪੁਲਸ ਨੇ ਰੋਕਿਆ

ਇਸ ਦੌਰਾਨ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਭਾਰੀ ਪੁਲੀਸ ਫੋਰਸ ਵਲੋਂ ਸੜਕ ਉਪਰ ਰੋਕਾਂ ਲਗਾ ਕੇ ਧੂਰੀ ਜਾਣ ਤੋਂ ਰੋਕ ਦਿੱਤਾ ਗਿਆ।ਇਸ ਦੌਰਾਨ ਬਿੱਟੂ ਅਤੇ ਪੁਲੀਸ ਅਧਿਕਾਰੀਆਂ ਵਿਚਕਾਰ ਕਾਫ਼ੀ ਤਕਰਾਰ ਹੋਈ । ਰਵਨੀਤ ਸਿੰਘ ਬਿੱਟੂ ਪੁਲੀਸ ਵਲੋਂ ਧੂਰੀ ਵਿਖੇ ਪਾਰਟੀ ਆਗੂ ਪ੍ਰੋ. ਓਂਕਾਰ ਸਿੰਘ ਸਿੱਧੂ ਨੂੰ ਹਿਰਾਸਤ ਵਿਚ ਲੈਣ ਦੀ ਸੂਚਨਾ ਮਿਲਣ ਤੇ ਪੁੱਜੇ ਸਨ।

### 7555 ਉਮੀਦਵਾਰ ਮੈਦਾਨ ਵਿਚ ਸਨ

ਪ੍ਰਾਪਤ ਜਾਣਕਾਰੀ ਅਨੁਸਾਰ ਸਥਾਨਕ ਚੋਣਾਂ ਲਈ ਕੁੱਲ 7555 ਉਮੀਦਵਾਰ ਚੋਣ ਮੈਦਾਨ 'ਚ ਸਨਨ ਜਿਨ੍ਹਾਂ ਦੀ ਕਿਸਮਤ ਦਾ 35.45 ਲੱਖ ਵੋਟਰਾਂ ਵੱਲੋਂ ਫੈਸਲਾ ਕਰ ਦਿੱਤਾ ਗਿਆ। ਜਿਸ ਦਾ ਨਤੀਜਾ 29 ਮਈ ਨੂੰ ਸਾਹਮਣੇ ਆਏਗਾ। ਇਨ੍ਹਾਂ ਚੋਣਾਂ ਲਈ ਸੂਬੇ ਭਰ 'ਚ 1,014 ਪੋਲਿੰਗ ਬੂਥ ਬਣਾਏ ਗਏ ਸਨ ਅਤੇ 35 ਹਜ਼ਾਰ ਦੇ ਕਰੀਬ ਚੋਣ ਅਮਲਾ ਜਮਹੂਰੀ ਪ੍ਰਕਿਰਿਆ 'ਚ ਡਿਊਟੀ 'ਤੇ ਤਾਇਨਾਤ ਕੀਤੇ ਗਏ ਸਨ। ਇਸ ਤੋਂ ਇਲਾਵਾ ਚੋਣਾਂ ਦਾ ਅਮਲ ਅਮਨ ਅਮਾਨ ਨਾਲ ਨਿਬੇੜਨ ਲਈ 32 ਹਜ਼ਾਰ ਪੁਲੀਸ ਕਰਮਚਾਰੀ ਤਾਇਨਾਤ ਸਨ ।

ਜ਼ਿਕਰਯੋਗ ਹੈ ਕਿ ਇਹਨਾਂ ਚੋਣਾਂ ਨੂੰ ਲੈ ਕੇ ਪੰਜਾਬ ਦੀਆਂ ਸਾਰੀ ਹੀ ਰਾਜਨੀਤਿਕ ਪਾਰਟੀਆਂ ਵੱਲੋਂ ਪੂਰਾ ਜ਼ੋਰ ਲਗਾਇਆ ਗਿਆ ।

ਇਹ ਚੋਣਾਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੋਈਆਂ ਹਨ, ਇਸ ਲਈ ਇਸ ਨੂੰ ਵਿਧਾਨ ਸਭਾ ਚੋਣਾਂ ਦਾ ਸੈਮੀਫਾਈਨਲ ਵੀ ਮੰਨਿਆ ਜਾ ਰਿਹਾ। ਪੰਜਾਬ ਵਿੱਚ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ, ਵਿਰੋਧੀ ਧਿਰ ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਵੀ ਆਪਣੀ ਪਾਰਟੀ ਦੇ ਉਮੀਦਵਾਰਾਂ ਦੀ ਹਮਾਇਤ ਵਿੱਚ ਡਟੇ ਹੋਏ ਸਨ।

### ਸਮਾਣਾ ਵਿਚ ਝੜਪਾਂ

**ਸਮਾਣਾ:**ਚੋਣਾਂ ਦੌਰਾਨ ਕਈ ਥਾਵਾਂ 'ਤੇ ਝੜਪਾਂ ਅਤੇ ਤਕਰਾਰਾਂ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ । ਇੱਥੇ

(ਬਾਕੀ ਸਫ਼ਾ 4 'ਤੇ)

## ਰਾਜਾ ਵੜਿੰਗ ਗੱਡੇ 'ਤੇ ਚੜ੍ਹ ਕੇ ਵੋਟ ਪਾਉਣ ਆਇਆ

**ਮੁਕਤਸਰ:**ਕਾਂਗਰਸੀ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਨਗਰ ਕੌਂਸਲ ਚੋਣਾਂ ਦੌਰਾਨ ਮੁਕਤਸਰ ਦੇ ਵਾਰਡ ਨੰਬਰ ਛੇ ਤੋਂ ਖਾਲਸਾ ਕਾਲਜ ਆਫ ਐਜੂਕੇਸ਼ਨ ਵਿਖੇ ਸਥਿਤ ਬੂਥ ਵਿਖੇ ਆਪਣੀ ਵੋਟ ਪੋਲ ਕੀਤੀ । ਇਸ ਮੌਕੇ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਧਰਮ ਪਤਨੀ ਅੰਮ੍ਰਿਤਾ ਵੜਿੰਗ ਵੀ ਮੌਜੂਦ ਸਨ । ਵੋਟ ਪਾਉਣ ਵਾਸਤੇ ਉਹ ਆਪਣੇ ਘਰ ਤੋਂ ਬਲਦ ਗੱਡੇ ਉੱਪਰ ਬੈਠ ਕੇ ਆਏ ਜਿਸ ਰਾਹੀਂ ਉਨ੍ਹਾਂ ਨੇ ਕੇਂਦਰ ਸਰਕਾਰ ਵੱਲੋਂ ਤੇਲ ਦੀਆਂ ਵਧਾਈਆਂ ਕੀਮਤਾਂ ਖ਼ਿਲਾਫ਼ ਰੋਸ ਪ੍ਰਗਟਾਇਆ।



## ਬੇਅਦਬੀਆਂ ਸੰਬੰਧੀ ਸਰਕਾਰ ਦੇ ਬਣਾਏ ਕਾਨੂੰਨ ਨੂੰ ਸਿੱਖ ਜਗਤ ਨਹੀਂ ਕਬੂਲਦਾ: ਗੜਗੱਜ

**ਜਗਰਾਉਂ:**ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਤੇ ਮਰਿਯਾਦਾ ਪ੍ਰਤੀ ਨਿਯਮ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਪੰਥ ਹੀ ਬਣਾ ਸਕਦਾ ਹੈ ਨਾ ਕਿ ਕੋਈ ਸਰਕਾਰ। ਪੰਜਾਬ ਸਰਕਾਰ ਨੇ ਗੁਰੂ ਸਾਹਿਬ ਜੀ ਦੀ ਹੈ ਉਸ ਨੂੰ ਸਿੱਖ ਜਗਤ ਕਿਸੇ ਸੂਰਤ ਵਿਚ ਨਹੀਂ ਮੰਨੇਗਾ। ਇਹ ਪ੍ਰਗਟਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਤ ਬਾਬਾ ਮੈਂਗਲ ਸਿੰਘ ਨਾਨਕਸਰ ਵਾਲਿਆਂ ਦੀ 17ਵੀਂ ਬਰਸੀ ਨਮਿਤ ਗੁਰਦੁਆਰਾ ਭਰੋਈ ਸਾਹਿਬ ਅਗਵਾੜ ਲੋਪੋ ਜਗਰਾਉਂ ਵਿਖੇ ਕਰਵਾਏ ਪੰਜ ਰੋਜ਼ਾ ਸਮਾਗਮਾਂ ਦੀ ਸਮਾਪਤੀ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ।



ਉਨ੍ਹਾਂ ਸੰਤ ਬਾਬਾ ਮੈਂਗਲ ਸਿੰਘ ਨਾਨਕਸਰ ਵਾਲਿਆਂ ਵਲੋਂ ਕੀਤੇ ਕਾਰਜਾਂ ਦੀ ਪ੍ਰਸੰਸਾ ਕੀਤੀ. ਤੇ ਉਨ੍ਹਾਂ ਤੋਂ ਵਰੋਸਾਏ ਅਤੇ ਸਪੁੱਤਰ ਸੰਤ ਬਾਬਾ ਅਰਵਿੰਦਰ ਸਿੰਘ ਨਾਨਕਸਰ ਵਾਲਿਆਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵੀ ਵਾਅਦਾ ' ਕੀਤਾ। ਇਸ ਮੌਕੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸੰਤ ਬਾਬਾ ਗੁਰਜੀਤ ਸਿੰਘ 1 ਨਾਨਕਸਰ, ਸੰਤ ਬਾਬਾ ਘਾਲਾ ਸਿੰਘ ਨਾਨਕਸਰ, ਸੰਤ ਬਾਬਾ ਲੱਖਾ ਸਿੰਘ ਨਾਨਕਸਰ, ਸੰਤ ਬਾਬਾ ਗੁਰਚਰਨ ਸਿੰਘ ਨਾਨਕਸਰ, ਸੰਤ ਬਾਬਾ ਭਾਗ ਸਿੰਘ ਨਾਨਕਸਰ, ਸੰਤ ਬਾਬਾ ਧੰਨਾ ਸਿੰਘ ਬੜੂੰਦੀ, ਬਾਬਾ ਕੁਲਦੀਪ ਸਿੰਘ ਗਊਸ਼ਾਲਾ, ਬਾਬਾ ਤੋਤਾ ਰਾਮ, ਬਾਬਾ ਹਰਬੰਸ ਸਿੰਘ ਨਾਨਕਸਰ, ਬਾਬਾ ਸਤਿਨਾਮ ਸਿੰਘ ਸੀਸ ਮਹਿਲ, ਬਾਬਾ ਰਾਮ ਸਿੰਘ, ਸੰਤ ਬਾਬਾ ਅਮੀਰ ਸਿੰਘ ਜਵੱਦੀ ਵਾਲੇ, ਬਾਬਾ ਰਵਿੰਦਰ ਸਿੰਘ ਤਖਾਣਬੱਧ, ਬਾਬਾ ਇੰਦਰਪਾਲ ਸਿੰਘ ਦੇਵੀਵਾਲ ਵਾਲੇ, ਬਾਬਾ ਸ਼ੇਰ ਸਿੰਘ ਸੁਨਾਮ, ਬਾਬਾ ਸ਼ੁੱਧ ਸਿੰਘ ਟੂਸੇ ਵਾਲੇ, ਬਾਬਾ ਹਰਚੰਦ ਸਿੰਘ ਝੋਰੜਾਂ, ਸੰਤ ਸੁਆਮੀ ਕ੍ਰਿਸ਼ਨਾ ਨੰਦ ਨੇ ਕਿਹਾ ਕਿ ਹਰ ਸਿੱਖ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਅਮਲੀ ਰੂਪ 'ਚ ਲਾਗੂ ਕਰਕੇ ਸਿੱਖੀ ਸਿਧਾਂਤਾਂ 'ਤੇ ਪਹਿਰਾ ਦੇਣਾ ਚਾਹੀਦਾ ਹੈ। ਉਨ੍ਹਾਂ ਸੱਚਖੰਡ ਵਾਸੀ ਸੰਤ ਬਾਬਾ ਮੈਂਗਲ ਸਿੰਘ ਨਾਨਕਸਰ ਵਾਲਿਆਂ ਵਲੋਂ ਕੀਤੇ ਗਏ ਕਾਰਜਾਂ ਨੂੰ ਉਨ੍ਹਾਂ ਦੇ ਸਪੁੱਤਰ ਅਤੇ ਵਰੋਸਾਏ ਸੰਤ ਬਾਬਾ, ਅਰਵਿੰਦਰ ਸਿੰਘ ਨਾਨਕਸਰ ਵਾਲਿਆਂ ਵਲੋਂ ਬਾਖੂਬੀ ਨਾਲ ਨਿਭਾਉਣ ਦੀ ਵੀ ਪ੍ਰਸੰਸਾ ਕੀਤੀ। ਇਸ ਸਮਾਗਮ ਵਿਚ ਬਾਬਾ ਰਵਿੰਦਰ ਸਿੰਘ ਜੋਨੀ ਤਖਾਣਬੱਧ, ਭਾਈ ਯਾਦਵਿੰਦਰ ਸਿੰਘ ਜਾਦੂ, ਭਾਈ ਸਤਿਨਾਮ ਸਿੰਘ ਤੋਂ ਇਲਾਵਾ ਅੱਧੀ ਦਰਜਨ ਹੋਰ ਕੀਰਤਨੀ ਜਥਿਆਂ ਨੇ ਗੁਰਬਾਣੀ ਦਾ ਕੀਰਤਨ

(ਬਾਕੀ ਸਫ਼ਾ 4 'ਤੇ)

**India Palace Restaurant**
And Banquet Hall
Best Price Wholesale
Ph: 630-400-0996
Lakhvir S. Johal
Ph: 317-709-7800
Restaurant-Fine Indian Cuisine
(Ph: 317-298-0773)
Banquet Hall Available Up to 550 People
Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store Restaurant, Ph: 317-888-2040
Desi Bazar Indianapolis, Ph: 317-709-7800

**Singh Auto Group**
3983 ST RD 38E
Lafayette, IN 47905
Ph: 765-607-1300
www.singhautosgroup.com
**University Motors**
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

**Bhaura Transport LLC**
Noblesville, IN
ਡਰਾਈਵਰਾਂ ਦੀ ਲੋੜ ਹੈ
*ਵੈਲਿਡ ਸੀ ਡੀ ਐਲ ਏ ਲਾਈਸੈਂਸ
*ਘੱਟੋ ਘੱਟ 2 ਸਾਲ ਦਾ ਤਜਰਬਾ
*ਖਾਲੀ ਅਤੇ ਲੋਡ ਸਮੇਤ ਮੀਲ .60 ਸੈਂਟ
*ਸਾਈਨ ਔਨ ਬੋਨਸ
*ਹਰ ਵੀਕਐਂਡ 'ਤੇ ਪੱਕਾ ਘਰ
*ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
*ਹਫਤਾਵਾਰ ਮੀਲ 3000 ਤੋਂ 4000
*ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ
*ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਅਵਤਾਰ ਸਿੰਘ
ਫੋਨ: 317-403-0493



GoldenKey LENDING

Grow your business with our Strategic

COMERCIAL LOAN SOLUTIONS

Partner with us for expert guidance and support

Contact Us at

317-620-4100

www.goldenkeylending.com

We speak your Language

English • ਪੰਜਾਬੀ • हिंदी • اردو

325 S. College Avenue, Indianapolis, Indiana 46202



NMLS 147421



Corporate NMLS# 68434
AZ License# BK-0945946

Sistar Mortgage

A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans

Available In Most States!

Special loan programs for:

- Jumbo Loans
- Self Employed and with a work permit
- Business loans with or without property

(734) 330-8859

balbir.grewal@sistarmortgage.com
balbirgrewal.sistarmortgage.com
https://www.nmlsconsumeraccess.org

SUPERIOR MACHINE PRODUCTS INC.

HIRING for: CNC PROGRAMMER/ MACHINIST

Superior Machine Products Inc.

W226N781 Eastmound Dr, Ste. A, Waukesha, WI 53186

ਸੁਪੀਰੀਅਰ ਮਸ਼ੀਨ ਪ੍ਰੋਡਕਟਸ ਇੰਕ.ਕੰਪਨੀ ਵਿਚ ਸੀਐੱਨਸੀ ਪ੍ਰੋਗਰਾਮਰ/ਮਸ਼ੀਨਿਸਟ ਦੀ ਲੋੜ ਹੈ।

Established precision manufacturing company specializing in tool & die, patterns, permanent molds, and high-precision machined components is seeking a skilled CNC Programmer/Machinist.

Responsibilities:

- Program, set up, and operate CNC milling machines
- Machine complex, tight-tolerance parts
- Interpret blueprints and GD&T
- Optimize tooling and machining processes

Requirements:

- 5+ years' experience (10+ years preferred)
- Strong CNC milling and programming experience
- Mastercam and/or WorkNC preferred
- Lathe experience is a plus
- Tool & die or mold experience preferred

What We Offer:


- Competitive pay based on experience
- Stable, long-term opportunity
- Clean, well-equipped shop environment

How to apply: E-Mail at asharma@smpicnc.com, and/or call Sohinder Singh at (269) 220 4579

ਆਪਣੇ ਅਤੇ ਆਪਣੇ ਪਰਿਵਾਰ ਨੂੰ ਸਿਹਤਮੰਦ ਰੱਖੋ। ਘੱਟ ਜਾਂ ਬਿਨਾਂ ਖਰਚੇ ਵਾਲੇ ਸਿਹਤ ਬੀਮੇ ਲਈ ਅੱਜ ਹੀ ਸਾਈਨ ਅਪ ਕਰੋ।

ਨਾਮਾਂਕਣ ਸਹਾਇਤਾ ਮੁਫ਼ਤ ਹੈ, ਭਾਵੇਂ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਜੋ ਵੀ ਹੋਵੇ।

ਡਾਕਟਰ ਦੀਆਂ ਮੁਲਾਕਾਤਾਂ
ਪ੍ਰੀਸਕ੍ਰਿਪਸ਼ਨਾਂ
ਟੀਕੇ
ਮਾਨਸਿਕ ਸਿਹਤ
ਹਸਪਤਾਲ ਦੀਆਂ ਭਰਤੀਆਂ



ਜਾਣੋ ਕਿ ਕੀ ਤੁਸੀਂ ਯੋਗ ਹੋ। ਆਪਣੀ ਸਿਹਤ ਕਵਰੇਜ ਬਾਰੇ ਸਭ ਤੋਂ ਵੱਧ ਸੂਚਿਤ ਫੈਸਲਾ ਲੈਣ ਲਈ NYC ਸਿਹਤ ਵਿਭਾਗ ਦੇ ਕਿਸੇ ਨਾਮਾਂਕਣ ਸਲਾਹਕਾਰ ਨਾਲ ਗੱਲ ਕਰੋ।

347-665-0214 'ਤੇ ਕਾਲ ਕਰੋ।


nyc.gov/healthcoverage 'ਤੇ ਜਾਓ।

NYC Health

Zohran Kwame Mamdani
Mayor

Alister F. Martin, MD, MPP
Commissioner

# ਵਾਰਤਾ ਅਸਫ਼ਲ ਰਹਿਣ ਮਗਰੋਂ ਚੀਨ ਦੀ ਸ਼ਰਨ 'ਚ ਪੁੱਜਾ ਪਾਕਿਸਤਾਨ



**ਅੰਮ੍ਰਿਤਸਰ:** ਅਮਰੀਕਾ ਅਤੇ ਈਰਾਨ ਵਿਚਕਾਰ ਵਿਚੋਲਗੀ ਕਰਨ ਦੀਆਂ ਕੋਸ਼ਿਸ਼ਾਂ ਬੇਸਿੱਟਾ ਰਹਿਣ ਕਾਰਨ ਪਾਕਿਸਤਾਨ ਦੀ ਸਥਿਤੀ ਵਿਗੜਦੀ ਜਾ ਰਹੀ ਹੈ। ਨਾ ਤਾਂ ਅਮਰੀਕਾ ਪਾਕਿ ਦੀ ਗੱਲ ਸੁਣ ਰਿਹਾ ਹੈ ਅਤੇ ਨਾ ਹੀ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਅਤੇ ਫ਼ੌਜ ਮੁਖੀ ਜਨਰਲ ਆਸਿਮ ਮੁਨੀਰ ਈਰਾਨ ਨੂੰ ਗੱਲਬਾਤ ਲਈ ਮਨਾਉਣ 'ਚ ਕਾਮਯਾਬ ਹੋਏ ਹਨ। ਹੁਣ, ਪਾਕਿ ਨੇ ਮਦਦ ਲਈ ਚੀਨ ਦਾ ਰੁਖ਼ ਕੀਤਾ ਹੈ। ਚੀਨੀ ਸਰਕਾਰੀ ਟੈਲੀਵਿਜ਼ਨ ਅਨੁਸਾਰ ਬੀਜਿੰਗ ਪਹੁੰਚੇ ਸ਼ਾਹਬਾਜ਼ ਸ਼ਰੀਫ ਤੇ ਜਨਰਲ ਮੁਨੀਰ ਅਮਰੀਕਾ-ਈਰਾਨ ਜੰਗ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਨ ਲਈ ਚੀਨ ਦੇ ਪ੍ਰਧਾਨ ਮੰਤਰੀ ਲੀ ਕਿਆਂਗ ਅਤੇ ਹੋਰ ਅਧਿਕਾਰੀਆਂ ਨਾਲ ਮੁਲਾਕਾਤ ਕਰ ਰਹੇ ਹਨ। ਬੀਜਿੰਗ ਲਈ ਰਵਾਨਾ ਹੋਣ ਤੋਂ ਪਹਿਲਾਂ ਜਨਰਲ ਮੁਨੀਰ ਅਚਾਨਕ ਈਰਾਨ ਦੀ ਰਾਜਧਾਨੀ ਤਹਿਰਾਨ ਪਹੁੰਚੇ, ਉਨ੍ਹਾਂ ਦੇ ਨਾਲ ਪਾਕਿ ਦੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਵੀ ਮੌਜੂਦ ਸਨ। ਉਥੇ ਉਨ੍ਹਾਂ ਨੇ ਉਚ ਈਰਾਨੀ ਅਧਿਕਾਰੀਆਂ ਅਤੇ ਫ਼ੌਜੀ ਕਮਾਂਡਰਾਂ ਨਾਲ ਕਈ ਦੌਰ ਦੀਆਂ ਗੁਪਤ ਮੀਟਿੰਗਾਂ ਕੀਤੀਆਂ। ਰਿਪੋਰਟਾਂ ਅਨੁਸਾਰ ਇਸ ਦੌਰੇ ਦਾ ਉਦੇਸ਼ ਕਤਰ ਅਤੇ ਪਾਕਿ ਦੁਆਰਾ ਤਿਆਰ ਕੀਤੇ ਗਏ 30 ਦਿਨਾਂ ਦੇ ਜੰਗਬੰਦੀ 'ਤੇ ਤਹਿਰਾਨ ਦੇ ਸਮਝੌਤੇ ਨੂੰ ਸੁਰੱਖਿਅਤ ਕਰਨਾ ਸੀ। ਜਾਣਕਾਰੀ ਅਨੁਸਾਰ ਸ਼ਾਹਬਾਜ਼ ਸ਼ਰੀਫ ਅਤੇ ਆਸਿਮ ਮੁਨੀਰ ਨੇ ਚੀਨ 'ਚ ਮੀਟਿੰਗ ਦੌਰਾਨ ਗੱਲਬਾਤ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਦੁਨੀਆ ਇਸ ਸਮੇਂ ਨਾਜ਼ੁਕ ਦੌਰ 'ਚੋਂ ਗੁਜ਼ਰ ਰਹੀ ਹੈ। ਪ੍ਰਧਾਨ ਮੰਤਰੀ ਲੀ ਕਿਆਂਗ ਨੇ ਕਿਹਾ ਕਿ ਚੀਨ ਮੱਧ ਪੂਰਬ 'ਚ ਸ਼ਾਂਤੀ ਅਤੇ ਸਥਿਰਤਾ ਲਿਆਉਣ 'ਚ ਜਲਦ ਤੋਂ ਜਲਦ ਸਾਕਾਰਾਤਮਕ ਯੋਗਦਾਨ ਪਾਉਣ ਲਈ ਪਾਕਿ ਨਾਲ ਸਾਂਝੇ ਤੌਰ 'ਤੇ ਕੰਮ ਕਰੇਗਾ। ਚੀਨ ਦੇ ਦੌਰੇ ਮੌਕੇ ਸ਼ਾਹਬਾਜ਼ ਸ਼ਰੀਫ ਅਤੇ ਲੀ ਕਿਆਂਗ ਨੇ ਬੀਜਿੰਗ 'ਚ ਅਰਥਵਿਵਸਥਾ, ਵਾਤਾਵਰਨ, ਮੀਡੀਆ ਅਤੇ ਦਸਤਾਵੇਜ਼ੀ, ਖੇਤੀਬਾੜੀ ਅਤੇ ਖੁਰਾਕ ਸੁਰੱਖਿਆ ਸਮੇਤ 15 ਸਮਝੌਤਿਆਂ 'ਤੇ ਦਸਤਖਤ ਵੀ ਕੀਤੇ।

# ਦਿਲਜੀਤ ਦੁਸਾਂਝ ਦਾ ਘਰ ਉਡਾਉਣ ਦੀ ਧਮਕੀ



**ਲੁਧਿਆਣਾ:** ਧਮਕੀ ਲੁਧਿਆਣਾ ਦੇ ਨਿਗਮ ਕਮਿਸ਼ਨਰ ਦੇ ਅਧਿਕਾਰਤ ਈਮੇਲ ਤੇ ਕੁਝ ਹੋਰ ਸਰਕਾਰੀ ਈਮੇਲ ਆਈਡੀਜ਼ 'ਤੇ ਸੋਮਵਾਰ ਨੂੰ ਗਾਇਕ ਦਿਲਜੀਤ ਦੋਸਾਂਝ ਦੇ ਘਰ ਅਤੇ ਨਗਰ ਨਿਗਮ ਦੇ ਮੇਅਰ ਇੰਦਰਜੀਤ ਕੌਰ ਦੇ ਘਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਕੁਝ ਦਿਨ ਪਹਿਲਾਂ ਹੀ ਹਰਿਆਣਾ ਦੇ ਕਰਨਾਲ ਜ਼ਿਲ੍ਹੇ ਦੇ ਗੌਂਦਰ ਪਿੰਡ ਵਿਚ ਦਿਲਜੀਤ ਦੇ ਮੈਨੇਜਰ ਗੁਰਪ੍ਰੀਤ ਕੰਗ ਦੇ ਘਰ ਕੁਝ ਬਦਮਾਸ਼ਾਂ ਨੇ ਕਥਿਤ ਤੌਰ 'ਤੇ ਗੋਲ਼ੀਆਂ ਚਲਾਈਆਂ ਸਨ। ਇਹ ਈਮੇਲਜ਼ ਸਵੇਰੇ ਕਰੀਬ 7:28 ਵਜੇ ਮਿਲੀਆਂ, ਜਿਸ ਪਿੱਛੋਂ ਲੁਧਿਆਣਾ ਪੁਲਿਸ ਨੂੰ ਇਸ ਦੀ ਸੂਚਨਾ ਦਿੱਤੀ ਗਈ। ਕੁਝ ਹੀ ਪਲਾਂ ਬਾਅਦ ਪੁਲਿਸ ਨੇ ਡਾਗ ਸਕੁਐਡ ਤੇ ਐਂਟੀ-ਸਾਬੋਟੇਜ ਟੀਮਾਂ ਦੇ ਨਾਲ ਕਲਾਕ ਟਾਵਰ ਲਾਗੇ ਸਥਿਤ ਨਗਰ ਨਿਗਮ ਜ਼ੋਨ-ਏ ਦਫ਼ਤਰ ਵਿਚ ਤਲਾਸ਼ੀ ਲਈ। ਪੁਲਿਸ ਨੇ ਇਮਾਰਤ ਨੂੰ ਖਾਲੀ ਕਰਵਾ ਕੇ ਤਲਾਸ਼ੀ ਲਈ ਪਰ ਹੱਥ ਕੁਝ ਨਹੀਂ ਲੱਗਾ। ਇਸ ਮਗਰੋਂ ਲੁਧਿਆਣਾ ਵਿਚ ਮੇਅਰ ਦੇ ਘਰ ਤੇ ਗਾਇਕ ਦਿਲਜੀਤ ਦੇ ਘਰ ਦੀ ਤਲਾਸ਼ੀ ਲਈ ਗਈ। ਧਮਕੀ ਵਾਲੀ ਈਮੇਲ ਭੇਜਣ ਵਾਲੇ ਨੇ ਕਿਹਾ ਸੀ ਕਿ ਮੇਅਰ ਦੇ ਦਫ਼ਤਰ ਨੂੰ ਦੁਪਹਿਰ 1:11 ਵਜੇ ਨਿਸ਼ਾਨਾ ਬਣਾਇਆ ਜਾਵੇਗਾ ਜਦਕਿ ਦਿਲਜੀਤ ਦੇ ਘਰ ਰਾਤ 9:11 ਵਜੇ ਬੰਬ ਧਮਾਕੇ ਦੀ ਧਮਕੀ ਦਿੱਤੀ ਗਈ ਸੀ। ਈਮੇਲ ਵਿਚ ਕਥਿਤ ਤੌਰ 'ਤੇ 6 ਜੂਨ ਤੱਕ ਦਾ ਅਲਟੀਮੇਟਮ ਦਿੱਤਾ ਗਿਆ ਹੈ।

## ਭੁੱਲ ਦੀ ਸੋਧ

**ਇੱਕ ਲੇਖ 'ਖਾੜਕੂ ਲਹਿਰਾਂ ਦੇ ਅੰਗ ਸੰਗ-ਤਿੱਤਰਾਂ ਬਟੇਰਿਆਂ ਸੰਗ ਦੋਸਤੀ ਤੇ ਇਨਕਲਾਬ ਤੋਂ ਮੋਹ ਭੰਗ' ਪੰਜਾਬ ਟਾਈਮਜ਼ ਦੇ 23 ਮਈ 2026 ਦੇ ਅੰਕ ਵਿਚ ਪ੍ਰਕਾਸ਼ਤ ਹੋਇਆ ਸੀ। ਗਲਤੀ ਨਾਲ ਇਸ ਲੇਖ ਦੇ ਲੇਖਕ ਵਜੋਂ ਕਰਮ ਬਰਸਟ ਦਾ ਨਾਮ ਛਪ ਗਿਆ ਸੀ, ਜਦੋਂ ਕਿ ਇਹ ਲੇਖ ਸ. ਸ. ਅਜ਼ਾਦ (ਫ਼ੋਨ ਨੰਬਰ: 788-8743450) ਦੀ ਲਿਖਤ ਸੀ। ਅਸੀਂ ਇਸ ਗਲਤੀ ਲਈ ਖਿਮਾ ਦੇ ਜਾਚਕ ਹਾਂ।**


## ਮਠਿਆਈ ਵਾਲੇ ਕਾਰੀਗਰ, ਹੈਲਪਰ ਅਤੇ ਕਾਊਂਟਰ ਸਾਂਭਣ ਲਈ ਵਰਕਰ ਦੀ ਲੋੜ ਹੈ।

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਬੰਬੇ ਸਵੀਟਸ ਲਈ ਮਿਠਾਈਆਂ ਬਣਾਉਣ ਵਾਲਾ ਕਾਰੀਗਰ, ਹੈਲਪਰ ਅਤੇ ਕਾਊਂਟਰ ਦਾ ਕੰਮ ਸੰਭਾਲਣ ਵਾਲੇ ਵਰਕਰ ਚਾਹੀਦੇ ਹਨ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

*ਚਾਹਵਾਨ ਸੰਪਰਕ ਕਰੋ:*

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635





## UMA TRAVELS

2541 W. Devon Ave., Chicago, IL 60659

For Delhi Amritsar-Bombay Ahmedabad, Hydrabad-Madras

Call For Special Sale Fares

**Call: 773-338-5603**


# Matrimonials

## ਲੜਕੇ ਦੀ ਲੋੜ ਹੈ

Jat Sikh family looking for a compatible match (Preferably Medico) for their daughter 32/5' 7", convent educated, MBBS (India), currently 1st year (Internal Medicine) residency in USA. From a Respectable India settled (Mohali) family, Father – Senior Retired Police officer, Mother very educated, only younger brother who is also a doctor. Please Contact us at: US +1 (708)774-2999, India :WhatsApp +919815306868

19-22

Khatri Punjabi family looking for a well educated US citizen Hindu/Sikh match for their August 92 born height 5'6, slim and fair complexion daughter. She has done B.tech M.S in C.S. &MBA. Working in Artificial intelligence. Boy Between the age of 31-38 years will be prefered.
Contact us at: 269-830-0980

## ਲੜਕੀ ਦੀ ਲੋੜ ਹੈ

ਯੂ.ਐਸ.ਏ. ਸੈਟਲਡ ਜੱਟ ਸਿੱਖ ਪਰਿਵਾਰ ਨੂੰ ਆਪਣੇ ਕੈਨੇਡੀਅਨ ਸਿਟੀਜ਼ਨ 32 ਸਾਲਾ 5'10" ਲੜਕੇ ਲਈ ਪੜ੍ਹੀ-ਲਿਖੀ, ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਕੈਨੇਡਾ ਵਿਚ ਪ੍ਰੋਫੈਸ਼ਨਲ ਸਾਈਕੈਟਰਿਕ LPN ਨਰਸਿੰਗ ਦੀ ਜੌਬ ਕਰ ਰਿਹਾ ਹੈ। ਕੁਝ ਦਿਨਾਂ ਦੇ ਵਿਆਹ ਤੋਂ ਬਾਅਦ ਲੀਗਲੀ ਡਾਇਵੋਰਸੀ ਹੈ। ਯੂਐਸਏ ਸੈਟਲਡ ਲੜਕੀ ਨੂੰ ਪਹਿਲ। ਚਾਹਵਾਨ ਸੰਪਰਕ ਕਰਨ: 224-281-8629

22-25

Very good looking gursikh Rehal Jatt boy 25', 6 feet tall is looking for suitable and green card or US citizen girl. He is in the US on Visitor visa, One sister settled in Canada. Convent education. Family belongs to district Patiala. Please contact us on 269-906-1331 or email- pcm68150@gmail.com

20-23

ਸੈਣੀ ਸਿੱਖ ਪਰਿਵਾਰ ਨੂੰ ਆਪਣੇ ਯੂ.ਐੱਸ. ਸਿਟੀਜ਼ਨ 32 ਸਾਲਾ, ਕੱਦ 5'6" ਲੜਕੇ ਲਈ ਪੜ੍ਹੀ-ਲਿਖੀ, ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ San Diego ਵਿਖੇ ਇਕ ਸਾਫਟਵੇਅਰ ਕੰਪਨੀ ਵਿਚ ਇੰਜੀਨੀਅਰ ਹੈ। ਚਾਹਵਾਨ ਸੰਪਰਕ ਕਰਨ: 858-337-9369

19-22

USA-settled Jatt Sikh falimy seeking a suitable Jatt Sikh, match for their, 31 years, 5'9", son. He has done his Bachelor's degree in Information Technology. We shall prefer a girl between age 28–31, Height 5'6-5'8, Well-educated (college degree preferred) U.S. Citizen or Green Card holder. Contact: Ranjit Singh – +91 98150 16285.

19-22

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੁਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

Ramgarhia Family seeks a suitable match for their USA Born and Raised Non-vegetarian 31 year 5'6.5" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.


## SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*

For Emergency Call anytime at 847-436-9010



*EARLY BIRD SALE!!!!*

*Etihad, Air India, KLM, Lufthansa, Delta, Qatar Airlines.*

Domestic fares available



*ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:*

*847-359-0746*

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Corrspondents**
**Chicago**
Sukhpal Gill
**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 135 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

ਪੁਲੀਸ ਮੁਲਾਜ਼ਮ ਵਿਰੋਧੀ ਉਮੀਦਵਾਰਾਂ ਨੂੰ ਸ਼ਾਂਤ ਕਰਨ ਲਈ ਲਗਾਤਾਰ ਜੱਦੋਜਹਿਦ ਕਰਦੇ ਨਜ਼ਰ ਆਏ ਹਨ, ਜੋ ਕਿ ਆਮ ਆਦਮੀ ਪਾਰਟੀ ਅਤੇ ਪੁਲੀਸ ਪ੍ਰਸ਼ਾਸਨ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰ ਰਹੇ ਸਨ। ਇਸ ਦੌਰਾਨ ਵਾਰਡ ਨੰਬਰ 19 ਤੋਂ ਪੱਥਰਬਾਜ਼ੀ ਹੋਣ ਦੀ ਸੂਚਨਾ ਵੀ ਮਿਲੀ ਹੈ, ਜਿੱਥੇ ਕਥਿਤ ਤੌਰ 'ਤੇ 'ਆਪ' ਸਮਰਥਕਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਕਈ ਵਰਕਰਾਂ ਦੀ ਕੁੱਟਮਾਰ ਕੀਤੀ ਗਈ ਹੈ। ਦੋਸ਼ ਹੈ ਕਿ ਇਸ ਦੌਰਾਨ ਮੌਕੇ 'ਤੇ ਮੌਜੂਦ ਪੁਲੀਸ ਚੁੱਪਚਾਪ ਮੂਕਦਰਸ਼ਕ ਬਣ ਕੇ ਖੜ੍ਹੀ ਰਹੀ।

## ਧੂਰੀ ਸ਼ਹਿਰ ਦੇ ਕਈ ਵਾਰਡਾਂ ਵਿਚ ਮਾਹੌਲ ਤਲਖ਼ੀ ਵਾਲਾ ਬਣਿਆ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਧੂਰੀ ਹਲਕੇ ਵਿੱਚ ਨਗਰ ਕੌਂਸਲ ਚੋਣਾਂ ਦੌਰਾਨ ਕੁਝ ਵਾਰਡਾਂ ਵਿੱਚ ਤਲਖ਼ੀ ਵਾਲਾ ਮਾਹੌਲ ਬਣ ਗਿਆ। ਇੱਥੇ ਕਾਂਗਰਸ ਅਤੇ ਭਾਜਪਾ ਦੇ ਸਮਰਥਕ, 'ਆਪ' ਦੇ ਸੀਨੀਅਰ ਆਗੂਆਂ ਤੋਂ ਇਲਾਵਾ ਪੁਲੀਸ ਦੇ ਉੱਚ ਅਧਿਕਾਰੀਆਂ ਨਾਲ ਬਹਿਸਬਾਜ਼ੀ ਕਰਦੇ ਨਜ਼ਰ ਆਏ। ਇਸ ਦੌਰਾਨ ਪੁਲੀਸ ਪ੍ਰਸ਼ਾਸਨ ਉੱਪਰ ਪੰਜਾਬ ਸਰਕਾਰ ਦੀ ਮਦਦ ਕਰਨ ਦੇ ਦੋਸ਼ ਵੀ ਲੱਗੇ, ਹਾਲਾਂਕਿ ਇਨ੍ਹਾਂ ਦੋਸ਼ਾਂ ਨੂੰ ਪੁਲੀਸ ਦੇ ਉੱਚ ਅਧਿਕਾਰੀਆਂ ਨੇ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਸ਼ਹਿਰ ਅੰਦਰ ਵਾਪਰੀ ਪਹਿਲੀ ਘਟਨਾ ਵਿੱਚ, ਵਾਰਡ ਨੰਬਰ 4 ਵਿਖੇ ਕਾਂਗਰਸ ਅਤੇ 'ਆਪ' ਦੇ ਵਰਕਰਾਂ 'ਚ ਕਾਫ਼ੀ ਤਕਰਾਰਬਾਜ਼ੀ ਹੋਈ। ਉੱਥੇ ਹੀ, ਵਾਰਡ ਨੰਬਰ 14 ਵਿੱਚ ਸ਼ਹਿਰ ਦੇ ਵਿਕਾਸ ਜੈਨ, ਜੋ ਇੱਕ ਆਜ਼ਾਦ ਉਮੀਦਵਾਰ ਦੀ ਮਦਦ ਕਰ ਰਹੇ ਸਨ. ਉਨ੍ਹਾਂ ਉੱਪਰ ਕੁਝ ਵਿਅਕਤੀਆਂ ਨੇ ਹਮਲਾ ਕਰ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਇਸ ਘਟਨਾ ਦੀ ਜਾਣਕਾਰੀ ਪਲੀਸ ਨੂੰ ਸਮੇਂ ਸਿਰ ਦੇਣ ਦੇ ਬਾਵਜੂਦ ਵੀ ਪੁਲੀਸ ਜਾਂਚ- ਲ ਕਰਨ ਲਈ ਮੌਕੇ 'ਤੇ ਨਹੀਂ ਪਹੁੰਚੀ।

## ਸੁਜਾਨਪੁਰ ਵਿੱਚ ਖਿਚੋਤਾਣ

ਸੁਜਾਨਪੁਰ ਵਿਚ ਵਾਰਡ ਨੰਬਰ 4 ਵਿੱਚ ਸਥਿਤ ਸਰਕਾਰੀ ਪ੍ਰਾਇਮਰੀ ਓਲਡ ਸਕੂਲ ਦੇ ਪੋਲਿੰਗ ਕੇਂਦਰ ਅੰਦਰ ਸਥਿਤੀ ਉਸ ਵੇਲੇ ਤਣਾਵ ਪੂਰਨ ਹੋ ਗਈ ਜਦ ਆਮ ਆਦਮੀ ਪਾਰਟੀ ਅਤੇ

## ਬੇਅਦਬੀਆਂ ਸੰਬੰਧੀ ਸਰਕਾਰ...

(ਪਹਿਲੇ ਸਫ਼ੇ ਦਾ ਬਾਕੀ)

ਕੀਤਾ। ਸੰਤ ਬਾਬਾ ਅਰਵਿੰਦਰ ਸਿੰਘ ਨਾਨਕਸਰ ਵਾਲਿਆਂ ਦੀ ਦੇਖ-ਰੇਖ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਇਸ ਸਮਾਗਮ ਵਿਚ ਦੋ ਲੜੀਆਂ ਵਿਚ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ। ਇਨ੍ਹਾਂ ਦੀ ਅਰਦਾਸ ਭਾਈ ਮਨਦੀਪ ਸਿੰਘ ਅਤੇ ਸਟੇਜ ਦੀ ਸੇਵਾ ਬਲਜਿੰਦਰ ਸਿੰਘ ਵਲੋਂ ਬਾਖੂਬੀ ਨਿਭਾਈ ਗਈ। ਇਸ ਸਮਾਗਮ ਵਿਚ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਸਾਬਕਾ ਚੇਅਰਮੈਨ ਸਤਿੰਦਰਪਾਲ ਸਿੰਘ ਕਾਕਾ ਗਰੇਵਾਲ, ਮਨਜੀਤ ਸਿੰਘ ਲੁਧਿਆਣਾ, ਪਰਮਜੀਤ ਸਿੰਘ ਲੁਧਿਆਣਾ, ਜਰਨੈਲ ਸਿੰਘ ਜੋਧਾਂ, ਅਮਨਦੀਪ ਸਿੰਘ ਹੈਪੀ, ਅਸ਼ੋਕ ਕੁਮਾਰ, ਅਵਤਾਰ ਸਿੰਘ ਬਿੱਟਾਂ, ਬਲਜੀਤ ਸਿੰਘ ਏ.ਐਸ.ਆਈ, ਹਰਬੰਸ ਸਿੰਘ ਭੱਟੀਆਂ, ਗੁਲਜਾਰ ਸਿੰਘ, ਵਿਸ਼ਾਲ ਕਪੂਰ, ਦੇਵਦੱਤ ਕਪੂਰ, ਗੁਰਸਿਮਰਨ ਸਿੰਘ, ਪਾਰਸ ਸਿੰਘ, ਗੁਰਮੁੱਖ ਸਿੰਘ, ਗੌਰਵ ਕਪੂਰ, ਕ੍ਰਿਸ਼ਨ ਕਪੂਰ, ਮਨਿੰਦਰ ਸਿੰਘ ਮੰਨੀ ਕੈਲਪੁਰ, ਰਣਜੀਤ ਆਰਟਿਸਟ ਚੁਹੜਚੱਕ, ਮਨਵੀਰ ਸਿੰਘ, ਜਗਦੀਪ ਸਿੰਘ ਕਾਉਂਕੇ, ਦਲੇਰ ਸਿੰਘ ਲੁਧਿਆਣਾ, ਤੇਜਾ ਸਿੰਘ ਗਿੱਲ ਆਦਿ ਹਾਜ਼ਰ ਸਨ।

## ਪੰਜਾਬ ਵਿਚ ਸਥਾਨਕ ਸਰਕਾਰਾਂ ਦੀਆਂ ਚੋਣਾਂ ਮੁਕੰਮਲ

(ਪਹਿਲੇ ਸਫ਼ੇ ਦਾ ਬਾਕੀ)

ਆਜ਼ਾਦ ਉਮੀਦਵਾਰ ਦੇ ਸਮਰਥਕ ਆਪਸ ਵਿੱਚ ਭਿੜ ਗਏ। ਜਾਣਕਾਰੀ ਅਨੁਸਾਰ ਆਮ ਆਦਮੀ ਪਾਰਟੀ ਦੇ ਆਗੂ ਤੇ ਰਾਜਪੂਤ ਕਲਿਆਣ ਬੋਰਡ ਦੇ ਚੇਅਰਮੈਨ ਸਵਰਨ ਸਲਾਰੀਆ ਜਦ ਪੋਲਿੰਗ ਕੇਂਦਰ 'ਤੇ ਪਹੁੰਚੇ ਤਾਂ ਉੱਥੇ ਮੌਜੂਦ ਆਮ ਆਦਮੀ ਪਾਰਟੀ ਅਤੇ ਆਜ਼ਾਦ ਉਮੀਦਵਾਰ ਮਹਿੰਦਰ ਬਾਲੀ ਦੇ ਸਮਰਥਕਾਂ ਨੇ ਇੱਕ ਦੂਸਰੇ ਖਿਲਾਫ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਦੇਖਦੇ ਹੀ ਦੇਖਦੇ ਦੋਨਾਂ ਧਿਰਾਂ ਵਿੱਚ ਬਹਿਸ ਅਤੇ ਤੂੰ-ਤੂੰ ਮੈਂ-ਮੈਂ ਦੀ ਨੌਬਤ ਆ ਗਈ ਅਤੇ ਇੱਕ ਦੂਜੇ ਨਾਲ ਧੱਕਾ ਮੁੱਕੀ ਵੀ ਹੋ ਗਈ। ਮਾਹੌਲ ਵਿਗੜਦਾ ਦੇਖ ਕੇ ਮੌਕੇ ਤੇ ਪੁਲੀਸ ਨੇ ਤੁਰੰਤ ਦਖ਼ਲ ਦੇ ਕੇ ਨਾਅਰੇਬਾਜ਼ੀ ਕਰ ਰਹੇ ਸਮਰਥਕਾਂ ਨੂੰ ਖਦੇੜ ਕੇ ਸ਼ਾਂਤ ਕਰਵਾਇਆ ਜਿਸ ਨਾਲ ਵੱਡਾ ਟਕਰਾਅ ਹੋਣ ਤੋਂ ਟਲ ਗਿਆ। ਆਜ਼ਾਦ ਉਮੀਦਵਾਰ ਮਹਿੰਦਰ ਬਾਲੀ ਦੇ ਸਮਰਥਕਾਂ ਦਾ ਕਹਿਣਾ ਸੀ ਕਿ ਸਵਰਨ ਸਲਾਰੀਆ ਪੋਲਿੰਗ ਕੇਂਦਰ ਅੰਦਰ ਨਹੀਂ ਜਾ ਸਕਦੇ ਕਿਉਂਕਿ ਨਾ ਤਾਂ ਉਹ ਉਮੀਦਵਾਰ ਹਨ ਅਤੇ ਨਾ ਏਜੰਟ।

## ਰਮਦਾਸ ਵਿਚ ਆਪ 'ਤੇ ਜਾਅਲੀ ਵੋਟਾਂ ਪਾਉਣ ਦੇ ਦੋਸ਼

ਰਮਦਾਸ:ਨਗਰ ਕੌਂਸਲ ਚੋਣ ਦੌਰਾਨ 11 ਨੰਬਰ ਵਾਰਡ ਵਿਚ ਸਰਕਾਰੀ ਸਕੂਲ ਦੇ ਬਾਹਰ ਭਾਰੀ ਹੰਗਾਮਾ ਹੋਇਆ ਹੈ। ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ, ਭਾਜਪਾ ਦੇ ਆਗੂ ਤੇ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਅਤੇ ਅਕਾਲੀ ਦਲ ਦੇ ਜੋਧ ਸਿੰਘ ਸਮਰਾ ਨੇ ਦੋਸ਼ ਲਾਇਆ ਕਿ ਇਸ ਬੂਥ ਦੇ ਅੰਦਰ ਆਮ ਆਦਮੀ ਪਾਰਟੀ ਵਲੋਂ ਜਾਅਲੀ ਵੋਟਾਂ ਭੁਗਤਾਈਆਂ ਜਾ ਰਹੀਆਂ ਹਨ। ਉਕਤ ਸਾਰੇ ਆਗੂ ਸਕੂਲ ਦੇ ਬੂਥ ਦੇ ਬਾਹਰ ਪਹੁੰਚੇ ਤਾਂ ਪੁਲੀਸ ਵਲੋਂ ਰੋਕੇ ਜਾਣ ਤੇ ਹਲਕੀ ਧੱਕਾਮੁੱਕੀ ਵੀ ਹੋਈ। ਹਰਪ੍ਰਤਾਪ ਅਜਨਾਲਾ ਨੇ ਕਿਹਾ ਕਿ ਪੁਲੀਸ ਸ਼ਰੇਆਮ ਆਪ ਦੀ ਏਜੰਟ ਬਣੀ ਹੋਈ ਹੈ ਅਤੇ ਉਨ੍ਹਾਂ ਦੀ ਮਦਦ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਆਪ ਦੇ ਆਗੂ ਬੂਥਾਂ ਦੇ ਅੰਦਰ ਹਨ ਅਤੇ ਜਾਅਲੀ ਵੋਟਾਂ ਭੁਗਤਾ ਰਹੇ ਹਨ।

## ਵੋਟ ਪਾਉਣ ਪਹੁੰਚੇ ਬਿਕਰਮ ਮਜੀਠੀਆ ਵਿਰੁੱਧ ਨਾਅਰੇਬਾਜ਼ੀ

**ਮਜੀਠਾ:**ਨਗਰ ਕੌਂਸਲ ਚੋਣਾਂ ਦੌਰਾਨ ਉਸ ਸਮੇਂ ਤਣਾਅਪੂਰਨ ਸਥਿਤੀ ਪੈਦਾ ਹੋ ਗਈ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਆਪਣੀ ਵੋਟ ਪਾਉਣ ਲਈ ਪਹੁੰਚੇ। ਜਿਵੇਂ ਹੀ ਮਜੀਠੀਆ ਆਪਣੀ ਪਤਨੀ ਅਤੇ ਹਲਕਾ ਵਿਧਾਇਕਾ ਗਨੀਵ ਕੌਰ ਮਜੀਠੀਆ ਯੂਥ ਨੰਬਰ 5 'ਤੇ ਪੁੱਜੇ, ਤਾਂ ਉੱਥੇ ਮੌਜੂਦ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਉਨ੍ਹਾਂ ਵਿਰੁੱਧ ਭਾਰੀ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਗਈ। ਇਸ ਹੰਗਾਮੇ ਕਾਰਨ ਪੋਲਿੰਗ ਬੂਥ ਦੇ ਬਾਹਰ ਮਾਹੌਲ ਕਾਫ਼ੀ ਗਰਮਾ ਗਿਆ।ਸਥਿਤੀ ਨੂੰ ਤਣਾਅਪੂਰਨ ਹੁੰਦਾ ਦੇਖ ਪੁਲੀਸ ਤੁਰੰਤ ਹਰਕਤ ਵਿੱਚ ਆਈ ਅਤੇ ਮਜੀਠੀਆ ਦਾ ਵਿਰੋਧ ਕਰ ਰਹੇ ਲੋਕਾਂ ਨੂੰ ਉੱਥੋਂ ਖਦੇੜ ਦਿੱਤਾ। ਪੁਲੀਸ ਦੀ ਚੌਕਸੀ ਨਾਲ ਸਥਿਤੀ 'ਤੇ ਕਾਬੂ ਪਾ ਲਿਆ ਗਿਆ ਅਤੇ ਵੋਟਿੰਗ ਪ੍ਰਕਿਰਿਆ ਨੂੰ ਸੁਚਾਰੂ ਰੱਖਣ ਦੇ ਯਤਨ ਕੀਤੇ ਗਏ।

## ਪੁਲਿਸ ਤੇ ਗੈਂਗਸਟਰਾਂ ਦੀ ਮਦਦ ਨਾਲ ਧੱਕੇਸ਼ਾਹੀ ਕਰ ਰਹੀ ਹੈ ਸਰਕਾਰ: ਮਜੀਠੀਆ

ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਪੰਜਾਬ ਵਿੱਚ ਹੋ ਰਹੀਆਂ ਨਗਰ ਕੌਂਸਲ ਅਤੇ ਨਗਰ ਪੰਚਾਇਤ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਪੁਲੀਸ ਅਤੇ ਗੈਂਗਸਟਰ ਨਾਲ ਮਿਲਕੇ ਲੋਕਾਂ ਨੂੰ ਡਰਾ ਧਮਕਾ ਕੇ ਸ਼ਰੇਆਮ ਧੱਕੇਸ਼ਾਹੀ ਕਰ ਰਹੀ ਹੈ।



ਇਥੇ ਵੋਟ ਪਾਉਣ ਉਪਰੰਤ ਗੱਲਬਾਤ ਕਰਦਿਆਂ ਮਜੀਠੀਆ ਨੇ ਕਿਹਾ ਕਿ ਸਰਕਾਰ ਪੂਰੀ ਤਰ੍ਹਾਂ ਪੁਲੀਸ ਪ੍ਰਸ਼ਾਸਨ ਅਤੇ ਗੈਂਗਸਟਰਾਂ ਦੀ ਮਦਦ ਨਾਲ ਕਬਜ਼ਾ ਕਰਨਾ ਚਾਹੁੰਦੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਹਿਲਾਂ ਹੀ ਸਰਕਾਰ ਨੇ ਇਹਨਾਂ ਦੀ ਮਦਦ ਨਾਲ ਧੱਕੇਸ਼ਾਹੀ ਕਰਕੇ ਵਿਰੋਧੀ ਉਮੀਦਵਾਰਾਂ ਦੇ ਪੇਪਰ ਰੱਦ ਕਰਵਾਏ ਹਨ ਅਤੇ ਹੁਣ ਚੋਣਾਂ ਵਿਚ ਵੱਡੀਆਂ ਧਾਂਦਲੀਆਂ ਕੀਤੀਆਂ ਜਾ ਰਹੀਆਂ ਹਨ।ਉਹਨਾਂ ਕਿਹਾ ਕਿ ਉਹ ਹਾਈ ਕੋਰਟ ਦੇ ਧੰਨਵਾਦੀ ਹਨ ਜਿਸ ਨੇ ਚੋਣਾਂ ਦੀ ਗਿਣਤੀ ਕੈਮਰਿਆਂ ਦੀ ਨਿਗਰਾਨੀ ਹੇਠ ਕਰਵਾਉਣ ਦੇ ਹੁਕਮ ਦਿੱਤੇ ਹਨ। ਮਜੀਠੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਜੜਾਂ ਪੰਜਾਬ ਵਿਚੋਂ ਉੱਖੜ ਚੁੱਕੀਆਂ ਹਨ ਅਤੇ ਉਹ ਇਨ੍ਹਾਂ ਚੋਣਾਂ ਵਿੱਚ ਧੱਕੇਸ਼ਾਹੀ ਕਰਕੇ ਆਪਣੀਆਂ ਜੜਾਂ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਇਹਨਾਂ ਨੂੰ ਨਕਾਰ ਦਿੱਤਾ ਹੈ ਅਤੇ ਇਹ ਹੁਣ ਬੁਖਲਾਹਟ ਵਿੱਚ ਆ ਕੇ ਲੋਕਾਂ ਨਾਲ ਧੱਕਾ ਕਰਨ ਤੇ ਉਤਰ ਆਈ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਹਨਾਂ ਦੀਆਂ ਧੱਕੇਸ਼ਾਹੀਆਂ ਦੀ ਪ੍ਰਵਾਹ ਨਾ ਕਰਨ। ਉਹਨਾਂ ਕਿਹਾ ਕਿ ਇਹ ਸਰਕਾਰ ਹੁਣ ਚੰਦ ਮਹੀਨਿਆਂ ਦੀ ਪਰੌਣੀ ਹੈ ਅਤੇ ਸਾਡਾ ਵਕਤ ਆਉਣ ਤੇ ਪੂਰਾ ਹਿਸਾਬ ਲਿਆ ਜਾਵੇਗਾ।

# ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਖਸ਼ੇ ਆਗੂਆਂ 'ਤੇ ਉਂਗਲ ਚੁੱਕਣੀ ਜਾਇਜ਼ ਨਹੀਂ: ਵਡਾਲਾ, ਛੋਟੇਪੁਰ

**ਜਲੰਧਰ:**ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸਕੱਤਰ ਜਨਰਲ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਸੀਨੀਅਰ ਆਗੂ ਸੁੱਚਾ ਸਿੰਘ ਛੋਟੇਪੁਰ ਨੇ ਪਾਰਟੀ ਤੋਂ ਵੱਖ ਹੋਏ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਵਲੋਂ ਪਾਰਟੀ ਲੀਡਰਸ਼ਿਪ ਦੀ ਨੈਤਿਕਤਾ ਸੰਬੰਧੀ ਕੀਤੀਆਂ ਜਾ ਰਹੀਆਂ ਟਿੱਪਣੀਆਂ ਨੂੰ ਮੰਦਭਾਗਾ ਦੱਸਦੇ ਹੋਏ ਕਿਹਾ ਹੈ ਕਿ 2 ਦਸੰਬਰ 2024 ਦੇ ਹੁਕਮਨਾਮੇ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਲਗਾਈ ਗਈ ਧਾਰਮਿਕ ਸਜ਼ਾ ਭੁਗਤ ਚੁੱਕ ਆਗੂਆਂ 'ਤੇ ਉਂਗਲ ਚੁੱਕਣੀ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ ਤੇ ਉਹ ਵੀ ਉਸ ਸਮੇਂ ਜਦੋਂ ਸਿੱਖਾਂ ਦੀ ਸਰਵਉੱਚ ਸੰਸਥਾ ਵਲੋਂ ਅਜਿਹੇ ਆਗੂਆਂ ਨੂੰ ਬਖ਼ਸ਼ ਦਿੱਤਾ ਗਿਆ ਹੋਵੇ ਤੇ ਅਜਿਹੇ 'ਚ ਉਨ੍ਹਾਂ ਨੂੰ ਆਪਣੀਆਂ ਸਿਆਸੀ ਤੇ ਧਾਰਮਿਕ ਸਰਗਰਮੀਆਂ 'ਚ ਹਿੱਸਾ ਲੈਣ ਦਾ ਪੂਰਾ ਅਧਿਕਾਰ ਹੈ। ਦੋਵਾਂ ਆਗੂਆਂ ਨੇ ਅੱਜ ਇਥੇ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜਿਹੜੇ ਲੋਕ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪਿੱਠ ਦਿਖਾ ਗਏ ਹਨ, ਉਨ੍ਹਾਂ ਦੀ ਨੈਤਿਕਤਾ 'ਤੇ ਸਵਾਲ ਤਾਂ ਉਠਾਏ ਜਾ ਸਕਦੇ ਹਨ ਪਰ ਜਿਨ੍ਹਾਂ ਨੇ ਪੂਰਨ ਸਿੱਖ ਮਰਿਆਦਾ ਅਨੁਸਾਰ ਆਪਣੀ ਭੁੱਲ ਬਖ਼ਸ਼ਾ ਲਈ ਹੈ, ਉਨ੍ਹਾਂ ਬਾਰੇ ਅਜਿਹਾ ਵਤੀਰਾ ਬੇਹੱਦ ਨਿੰਦਣਯੋਗ ਹੈ। ਇਸ ਮੌਕੇ ਜਥੇਦਾਰ ਵਡਾਲਾ ਤੇ ਸ. ਛੋਟੇਪੁਰ ਨੇ ਮਨਪ੍ਰੀਤ ਸਿੰਘ ਇਯਾਲੀ 'ਤੇ ਪਾਰਟੀ ਨਾਲ ਧੋਖਾ ਕਰਨ ਦੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਪਾਰਟੀ ਵਲੋਂ ਉਨ੍ਹਾਂ ਨੂੰ ਪੂਰਾ



ਮਾਣ ਸਤਿਕਾਰ ਦਿੱਤਾ ਗਿਆ ਪਰ ਉਨ੍ਹਾਂ ਦੀ ਨਿੱਜੀ ਲਾਲਸਾ ਪਾਰਟੀ 'ਤੇ ਭਾਰੂ ਪੈਂਦੀ ਦਿਖਾਈ ਦੇ ਰਹੀ ਹੈ। ਇਸ ਮੌਕੇ ਉਨ੍ਹਾਂ ਅਕਾਲੀ ਦਲ 'ਵਾਰਿਸ ਪੰਜਾਬ ਦੇ' ਨਾਲ ਗਠਜੋੜ ਟੁੱਟਣ ਬਾਰੇ ਵੀ ਸਪੱਸ਼ਟ ਕਰਦਿਆਂ ਕਿਹਾ ਕਿ ਦੋਵਾਂ ਪਾਰਟੀਆਂ ਦੀ ਤਾਲਮੇਲ ਕਮੇਟੀ ਵਲੋਂ. ਘੱਟੋ-ਘੱਟ ਸਾਂਝੇ ਮੁੱਦਿਆਂ 'ਤੇ ਲਗਭਗ ਸਹਿਮਤੀ ਬਣ ਗਈ ਸੀ ਪਰ ਇਸਦੇ ਬਾਵਜੂਦ ਗੱਲ ਪੂਰੀ ਤਰ੍ਹਾਂ ਸਿਰੇ ਨਹੀਂ ਚੜ੍ਹ ਸਕੀ। ਇਸ ਮੌਕੇ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਸੰਬੰਧੀ ਪੰਜਾਬ ਸਰਕਾਰ ਵਲੋਂ ਬਣਾਏ ਗਏ ਨਵੇਂ ਕਾਨੂੰਨ ਬਾਰੇ ਗੱਲ ਕਰਦਿਆਂ ਕਿਹਾ ਕਿ ਬੇਸ਼ੱਕ ਅਜਿਹੇ ਕਾਨੂੰਨ ਦੀ ਸਿੱਖ ਸੰਗਤ ਵਲੋਂ ਮੰਗ ਕੀਤੀ ਜਾ ਰਹੀ ਸੀ ਪਰ ਕਾਨੂੰਨ 'ਚ ਅਜਿਹੀਆਂ ਮੱਦਾਂ ਹਨ, ਜੋ ਸਿੱਖ ਧਰਮ ਦੀ ਮਰਿਆਦਾ ਤੇ ਪਰੰਪਰਾ ਨਾਲ ਮੇਲ ਨਹੀਂ ਖਾਂਦੀਆਂ ਤੇ ਖ਼ਾਸ ਕਰਕੇ 'ਕਸਟੋਡੀਅਨ' ਸੰਬੰਧੀ ਮੱਦ ਨੂੰ ਬਦਲਿਆ ਜਾਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਸ਼੍ਰੋਮਣੀ ਕਮੇਟੀ ਆਪਣਾ ਸਹੀ ਰੋਲ ਨਿਭਾਉਣ 'ਚ ਪੂਰੀ ਤਰ੍ਹਾਂ ਨਾਲ ਨਾਕਾਮ ਰਹੀ ਹੈ ਤੇ ਜਲਦ ਹੀ ਪਾਰਟੀ ਵਲੋਂ ਐਸ. ਜੀ. ਪੀ. ਸੀ. ਦੀਆਂ ਲੰਬੇ ਸਮੇਂ ਤੋਂ ਲਟਕੀਆਂ ਚੋਣਾਂ ਕਰਵਾਏ ਜਾਣ, ਬੇਅਦਬੀ ਸੰਬੰਧੀ ਬਣੇ ਕਾਨੂੰਨ 'ਚ ਸੋਧ, ਕਿਸਾਨੀ ਤੇ ਪੰਜਾਬ ਦੀਆਂ ਹੱਕੀ ਮੰਗਾਂ ਲਈ ਇਕ ਤੇ 2 ਜੂਨ ਨੂੰ ਪੰਜਾਬ ਭਰ 'ਚ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਰਾਜਪਾਲ ਦੇ ਨਾਂਅ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਸੌਂਪੇ ਜਾਣਗੇ। ਇਸ ਤੋਂ ਬਾਅਦ ਰਾਜਪਾਲ ਨਾਲ ਵੀ ਮੁਲਾਕਾਤ ਕਰਕੇ ਇਨ੍ਹਾਂ ਮੰਗਾਂ ਸੰਬੰਧੀ ਆਵਾਜ਼ ਉਠਾਈ ਜਾਵੇਗੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਰਿੰਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਗੁਰਦੁਆਰਾ ਬਾਬਾ ਦੀਪ ਸਿੰਘ ਦੇ ਲੰਗਰ ਹਾਲ ਦਾ ਲੈਂਟਰ ਡਿੱਗਣ ਨਾਲ ਦੋ ਮੌਤਾਂ

**ਅੰਮ੍ਰਿਤਸਰ:** ਵਿਸ਼ਵ ਪ੍ਰਸਿੱਧ ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦਾਂ ਸਾਹਿਬ ਵਿਖੇ ਐਤਵਾਰ ਨੂੰ ਚੁਪਹਿਰਾ ਸਾਹਿਬ ਦੇ ਜਾਪ ਦੌਰਾਨ ਨਵੇਂ ਬਣੇ ਲੰਗਰ ਹਾਲ ਦੇ ਲੈਂਟਰ ਦਾ ਇਕ ਹਿੱਸਾ ਸ਼ਟਰਿੰਗ ਸਮੇਤ ਡਿੱਗ ਗਿਆ। ਮਲਬੇ ਹੇਠਾਂ ਦੱਬਣ ਨਾਲ ਪਾਠ ਕਰ ਰਹੀਆਂ ਦੋ ਔਰਤਾਂ ਦੀ ਮੌਤ ਹੋ ਗਈ ਜਦਕਿ ਨੌਂ ਜ਼ਖ਼ਮੀ ਹੋ ਗਈਆਂ। ਇਨ੍ਹਾਂ 'ਚੋਂ 3 ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

ਇਸ ਹਾਦਸੇ 'ਚ ਦੋ ਔਰਤਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ। ਇਨ੍ਹਾਂ 'ਚੋਂ ਇਕ ਦੀ ਪਛਾਣ ਰਾਜ ਰਾਣੀ ਪਤਨੀ ਜੋਗਿੰਦਰ ਸਿੰਘ, ਵਾਸੀ ਸਠਿਆਲਾ ਵਜੋਂ ਹੋਈ ਹੈ। ਜਦਕਿ ਦੂਜੀ ਦੀ ਪਛਾਣ ਨਹੀਂ ਹੋ ਸਕੀ। ਜ਼ਖਮੀਆਂ 'ਚ ਮ੍ਰਿਤਕ 1 ਔਰਤ ਰਾਜ ਰਾਣੀ ਦੀ ਧੀ ਰਜਨੀ, ਸੀਮਾ ਪਤਨੀ ਲਖਵਿੰਦਰ ਸਿੰਘ ਵਾਸੀ ਬਟਾਲਾ, ਦਲਜੀਤ ਕੌਰ ਪਤਨੀ ਕੁਲਵੰਤ ਸਿੰਘ ਵਾਸੀ ਪਿੰਡ ਮਨੀਆਂ ਕਲਾਂ ਲੁਧਿਆਣਾ, ਬਵਰੀਤ ਕੌਰ ਪੁੱਤਰੀ ਗਗਨਦੀਪ ਸਿੰਘ ਵਾਸੀ ਗੁਰੂ ਅਮਰਦਾਸ ਐਵੀਨਿਊ ਅੰਮ੍ਰਿਤਸਰ, ਪਰਮਜੀਤ ਕੌਰ ਪਤਨੀ ਨਿਰਮਲ ਸਿੰਘ ਵਾਸੀ ਫਤਿਹਗੜ੍ਹ ਚੂੜੀਆਂ, ਬਲਜੀਤ ਕੌਰ ਪਤਨੀ ਸਤਨਾਮ ਸਿੰਘ ਵਾਸੀ ਹਿੰਮਤਪੁਰਾ ਮੋਗਾ, ਮਨੀਸ਼ਾ ਧਵਨ ਪਤਨੀ ਵਿੱਕੀ ਧਵਨ ਵਾਸੀ ਮਮਦੋਟ ਫਿਰੋਜ਼ਪੁਰ, ਰਾਜ ਕੌਰ ਪਤਨੀ ਸੁਖਦੇਵ ਸਿੰਘ, ਪਿੰਡ ਰਾਜਾਤਾਲ ਅੰਮ੍ਰਿਤਸਰ ਅਤੇ ਕਸ਼ਮੀਰ ਕੌਰ ਪਤਨੀ ਜੋਗਿੰਦਰ ਸਿੰਘ ਵਾਸੀ ਪੰਡੋਰੀ ਗੋਲਾ ਪਿੰਡ ਤਰਨਤਾਰਨ ਵਜੋਂ ਹੋਈ ਹੈ।



ਵੱਡੀ ਗਿਣਤੀ 'ਚ ਦੂਰੋਂ-ਦੂਰੋਂ ਸੰਗਤ ਚੌਪਹਿਰਾ ਸਾਹਿਬ ਕਰਨ ਗੁਰਦੁਆਰਾ ਸਾਹਿਬ ਆਉਂਦੀ ਹੈ। ਸ਼ਰਧਾਲੂਆਂ ਦੀ ਗਿਣਤੀ ਜ਼ਿਆਦਾ ਹੋਣ ਕਾਰਨ ਜਿੱਥੇ ਵੀ ਕਿਸੇ ਨੂੰ ਥਾਂ ਮਿਲਦੀ ਹੈ, ਉੱਥੇ ਹੀ ਬੈਠ ਕੇ ਪਾਠ ਕਰਨ ਲੱਗ ਪੈਂਦੇ ਹਨ। ਐਤਵਾਰ ਨੂੰ ਵੀ ਵੱਡੀ ਗਿਣਤੀ 'ਚ ਸੰਗਤ ਇੱਥੇ ਪੁੱਜੀ ਸੀ। ਗੁਰਦੁਆਰੇ 'ਚ ਲੰਗਰ ਲਈ ਇਕ ਨਵੀਂ ਇਮਾਰਤ ਦੀ ਉਸਾਰੀ ਚੱਲ ਰਹੀ ਸੀ।

ਥਾਂ ਦੀ ਕਮੀ ਹੋਣ ਕਾਰਨ ਕੁਝ ਸੰਗਤ ਇਮਾਰਤ ਦੇ ਅੰਦਰ ਚਲੀ ਗਈ ਤੇ ਜਾਪ ਸ਼ੁਰੂ ਕਰ ਦਿੱਤਾ। ਇਸੇ ਦੌਰਾਨ ਲੈਂਟਰ ਦਾ ਇਕ ਹਿੱਸਾ, ਸ਼ਟਰਿੰਗ ਤੇ ਫੱਟਿਆਂ ਸਮੇਤ ਡਿੱਗ ਗਿਆ। ਇਸ ਨਾਲ ਇਸ ਦੇ ਹੇਠਾਂ ਬੈਠੇ ਲੋਕ ਜ਼ਖ਼ਮੀ ਹੋ ਗਏ। ਲੈਂਟਰ ਡਿੱਗਣ ਨਾਲ ਹਰ ਪਾਸੇ ਚੀਕ-ਚਿਹਾੜਾ ਪੈ ਗਿਆ।

ਮੌਕੇ 'ਤੇ ਮੌਜੂਦ ਹੋਰ ਸ਼ਰਧਾਲੂ ਘਟਨਾ ਸਥਾਨ ਵੱਲ ਦੌੜੇ ਤੇ ਮਲਬਾ ਹਟਾ ਕੇ ਸ਼ਰਧਾਲੂਆਂ ਨੂੰ ਬਾਹਰ ਕੱਢਣ ਲੱਗੇ। ਜਦੋਂ ਇਹ ਹਾਦਸਾ ਵਾਪਰਿਆ ਤਾਂ ਏਡੀਸੀਪੀ (ਟ੍ਰੈਫਿਕ) ਅਮਨਦੀਪ ਕੌਰ ਸੜਕ ਤੋਂ ਜਾਮ ਹਟਵਾ ਰਹੇ ਸਨ। ਉਹ ਵੀ ਤੁਰੰਤ ਫੋਰਸ ਨਾਲ ਮੌਕੇ 'ਤੇ ਪੁੱਜ ਗਏ। ਪੁਲਿਸ ਨੇ ਸ਼ਰਧਾਲੂਆਂ ਦ ਮਦਦ ਨਾਲ ਜ਼ਖ਼ਮੀਆਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਹਸਪਤਾਲ ਵਿਚ ਦਾਖ਼ਲ ਕਰਵਾਇਆ।

## ਬਾਈਕ 'ਚੋਂ ਕੁੱਤੇ ਨੇ 'ਚੋਰੀ' ਕੀਤੇ ਇਕ ਲੱਖ ਰੁਪਏ

**ਬਿਜਨੌਰ:** ਬਿਜਨੌਰ 'ਚ ਇਕ ਕਾਰੋਬਾਰੀ ਦੀ ਬਾਈਕ ਦੇ ਬੈਗ 'ਚ ਇਕ ਲੱਖ ਰੁਪਏ ਭਰ ਕੇ ਰੱਖਿਆ ਲਿਫ਼ਾਫ਼ਾ ਕੁੱਤਾ ਲੈ ਕੇ ਭੱਜ ਗਿਆ। ਸੱਤ ਘੰਟਿਆਂ ਤੱਕ ਕੁੱਤੇ ਅਤੇ ਰਕਮ ਦੀ ਭਾਲ ਕੀਤੀ ਗਈ ਪਰ ਹੱਥ ਕੁਝ ਨਹੀਂ ਲੱਗਾ। ਨਵਾਬ ਅਹਿਮਦ ਸ਼ਨੀਵਾਰ ਦੁਪਹਿਰ ਬਾਈਕ ਮਸਜਿਦ ਤੋਂ ਕੁਝ ਦੂਰ ਗਲੀ ਵਿਚ ਖੜ੍ਹਾ ਕਰ ਕੇ ਨਮਾਜ਼ ਪੜ੍ਹਨ ਚਲੇ ਗਏ ਸਨ। ਉਨ੍ਹਾਂ ਨੇ ਇਕ ਲੱਖ ਰੁਪਏ ਕਾਲੇ ਲਿਫ਼ਾਫ਼ੇ ਵਿਚ ਬੰਨ੍ਹ ਕੇ ਬਾਈਕ ਦੇ ਬੈਗ ਵਿਚ ਰੱਖ ਦਿੱਤੇ ਪਰ ਬੈਗ ਦੀ ਜ਼ਿਪ ਬੰਦ ਕਰਨਾ ਭੁੱਲ ਗਏ। ਨਮਾਜ਼ ਅਦਾ ਕਰ ਕੇ ਪਰਤੇ ਤਾਂ ਲਿਫ਼ਾਫ਼ਾ ਗਾਇਬ ਸੀ। ਸੀਸੀਟੀਵੀ ਫੁਟੇਜ ਵਿਚ ਕੁੱਤਾ ਬਾਈਕ ਦੇ ਬੈਗ ਤੋਂ ਲਿਫ਼ਾਫ਼ਾ ਲੈ ਕੇ ਜਾਂਦਾ ਨਜ਼ਰੀਂ ਪਿਆ। ਹਾਲਾਂਕਿ ਬਾਅਦ 'ਚ ਕੁੱਤੇ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਗਈ ਪਰ ਉਹ ਨਹੀਂ ਲੱਭੇ।



# ਕਾਂਗੋ, ਯੁਗਾਂਡਾ ਤੇ ਦੱਖਣੀ ਸੁਡਾਨ ਨਾ ਜਾਓ: ਭਾਰਤ ਸਰਕਾਰ

**ਨਵੀਂ ਦਿੱਲੀ:** ਅਫਰੀਕਾ ਦੇ ਕੁਝ ਹਿੱਸਿਆਂ ਵਿਚ ਬੂੰਦੀਬੁਗਯੋ ਸਟ੍ਰੇਨ ਕਾਰਨ ਫੈਲੇ ਇਬੋਲਾ ਦੇ ਪ੍ਰਕੋਪ ਨੂੰ ਦੇਖਦਿਆਂ ਕੇਂਦਰ ਸਰਕਾਰ ਨੇ ਨਾਗਰਿਕਾਂ ਨੂੰ ਕਾਂਗੋ, ਯੁਗਾਂਡਾ ਅਤੇ ਦੱਖਣੀ ਸੁਡਾਨ ਦੀ ਗੈਰ-ਜ਼ਰੂਰੀ ਯਾਤਰਾ ਤੋਂ ਬਚਣ ਦੀ ਸਲਾਹ ਦਿੱਤੀ ਹੈ।



ਇਹ ਸਲਾਹ ਆਲਮੀ ਸਿਹਤ ਸੰਸਥਾ (ਡਬਲਿਊਐੱਚਓ) ਵੱਲੋਂ 17 ਮਈ ਨੂੰ ਇਸ ਸਥਿਤੀ ਨੂੰ ਕੌਮਾਂਤਰੀ ਚਿੰਤਾ ਦੇ ਜਨਤਕ ਸਿਹਤ ਐਮਰਜੈਂਸੀ ਐਲਾਨ ਦੇਣ ਤੋਂ ਬਾਅਦ ਜਾਰੀ ਕੀਤੀ ਗਈ ਹੈ। ਸਰਕਾਰ ਨੇ ਇਨ੍ਹਾਂ ਦੇਸ਼ਾਂ ਵਿਚ ਰਹਿੰਦੇ ਜਾਂ ਯਾਤਰਾ ਕਰ ਰਹੇ ਭਾਰਤੀ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਥਾਨਕ ਅਧਿਕਾਰੀਆਂ ਵੱਲੋਂ ਜਾਰੀ ਕੀਤੇ ਗਏ ਜਨਤਕ ਸਿਹਤ ਨਿਰਦੇਸ਼ਾਂ ਦੀ ਮੁਕੰਮਲ ਪਾਲਣਾ ਕਰਨ, ਸਫਾਈ ਸਬੰਧੀ ਉੱਚ-ਸਾਵਧਾਨੀਆਂ ਵਰਤਣ, ਲੱਛਣ ਵਾਲੇ ਵਿਅਕਤੀਆਂ ਦੇ ਸੰਪਰਕ ਤੋਂ ਬਚਣ ਅਤੇ ਬੁਖਾਰ ਜਾਂ ਸੰਬੰਧਤ ਲੱਛਣਾਂ ਦੀ ਸਥਿਤੀ ਵਿਚ ਤੁਰੰਤ ਮੈਡੀਕਲ ਮਦਦ ਲੈਣ ਦੀ ਕੋਸ਼ਿਸ਼ ਕਰਨ।

# ਈਰਾਨ ਨਾਲ ਸਮਝੌਤਾ ਕਰੀਬ-ਕਰੀਬ ਤੈਅ: ਟਰੰਪ

**ਨਵੀਂ ਦਿੱਲੀ:** ਅਮਰੀਕਾ ਤੇ ਈਰਾਨ ਵਿਚਕਾਰ ਪਿਛਲੇ ਤਿੰਨ ਮਹੀਨਿਆਂ ਤੋਂ ਚੱਲ ਰਹੇ ਤਣਾਅ ਨੂੰ ਘੱਟ ਕਰਨ ਦੇ ਸੰਕੇਤ ਮਿਲਣ ਲੱਗੇ ਹਨ। ਅਮਰੀਕਾ ਨੇ ਈਰਾਨ ਵੱਲੋਂ ਤਿਆਰ ਕੀਤੇ ਗਏ 14-ਨੁਕਾਤੀ ਸ਼ਾਂਤੀ ਸਮਝੌਤੇ ਦੇ ਖਰੜੇ ਨੂੰ ਮੁੱਢਲੀ ਪ੍ਰਵਾਨਗੀ ਦੇ ਦਿੱਤੀ ਹੈ। ਤਿੰਨ-ਪੜਾਵੀ ਤਜਵੀਜ਼ਸ਼ੁਦਾ। ਸਮਝੌਤੇ 'ਚ ਪਹਿਲੇ ਪੜਾਅ 'ਚ ਜੰਗ ਦੀ ਸਮਾਪਤੀ ਦਾ ਰਸਮੀ ਐਲਾਨ, ਦੂਜੇ ਪੜਾਅ 'ਚ ਹੋਰਮੁਜ਼ ਜਲਡਮਰੂ 'ਚ ਆਮ ਆਵਾਜਾਈ ਦੀ ਬਹਾਲੀ ਤੇ ਤੀਜੇ ਪੜਾਅ 'ਚ ਸਮਝੌਤੇ 'ਤੇ ਵਿਸਥਾਰਤ ਗੱਲਬਾਤ ਦੀ ਸ਼ੁਰੂਆਤ ਸ਼ਾਮਲ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਟ ਟਰੰਪ ਨੇ ਤਜਵੀਜ਼ਸ਼ੁਦਾ ਸਮਝੌਤੇ ਨੂੰ ਸ਼ਾਂਤੀ ਨਾਲ ਜੁੜਿਆ ਖਰੜਾ ਦੱਸਦੇ ਹੋਏ ਦਾਅਵਾ ਕੀਤਾ ਹੈ। ਕਿ ਈਰਾਨ ਨਾਲ ਗੱਲਾਬਤ ਕਾਫੀ ਹੱਦ ਤੱਕ ਤੈਅ ਹੋ ਚੁੱਕੀ ਹੈ, ਜਿਸ 'ਚ ਸਾਰੇ ਪਹਿਲੂਆਂ ਦੇ ਨਾਲ-ਨਾਲ ਹੋਰਮੁਜ਼ ਸਟ੍ਰੇਟ ਖੋਲ੍ਹਣ 'ਤੇ ਸਹਿਮਤੀ ਬਣ ਗਈ ਹੈ। ਪਾਕਿਸਤਾਨੀ ਸੂਤਰਾਂ ਮੁਤਾਬਕ ਦੋਵਾਂ ਧਿਰਾਂ ਵਿਚਕਾਰ ਅਗਲੇ ਦੌਰ ਦੀ ਸ਼ਾਂਤੀ ਗੱਲਬਾਤ ਬਕਰੀਦ ਰਾਇਟਰਜ਼ ਮੁਤਾਬਕ, ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਵੀ ਸੰਕੇਤ ਦਿੱਤਾ ਹੈ ਕਿ ਗੱਲਬਾਤ ਅੱਗੇ ਵਧ ਰਹੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਪੁਸ਼ਟੀ ਕੀਤੀ ਕਿ ਈਰਾਨ ਨਾਲ ਕਈ ਮੁੱਖ ਮੁੱਦਿਆਂ 'ਤੇ ਵਿਆਪਕ ਸਮਝੌਤੇ ਹੋਏ ਹਨ, ਜਿਸ 'ਚ ਹੋਰਮੁਜ਼ ਜਲਡਮਰੂ ਨੂੰ ਖੋਲ੍ਹਣਾ ਵੀ ਸ਼ਾਮਲ ਹੈ। ਏਪੀ ਨੇ ਈਰਾਨੀ ਸੂਤਰਾਂ ਦਾ ਹਵਾਲਾ ਦਿੰਦੇ ਹੋਏ ਦਾਅਵਾ ਕੀਤਾ ਕਿ ਸੁਪਰੀਮ ਨੈਸ਼ਨਲ ਸਿਕਿਓਰਿਟੀ ਕੌਂਸਲ ਨੇ ਸਮਝੌਤੇ ਦੇ ਖਰੜੇ ਨੂੰ ਮਨਜ਼ੂਰੀ ਦੇ ਦਿੱਤੀ ਹੈ ਤੇ ਇਸਨੂੰ ਹੁਣ ਅੰਤਿਮ ਪ੍ਰਵਾਨਗੀ ਲਈ ਸੁਪਰੀਮ ਲੀਡਰ ਕੋਲ ਭੇਜਿਆ ਜਾਵੇਗਾ।



ਹਾਲਾਂਕਿ, ਤਸਨੀਮ ਨਿਊਜ਼ ਏਜੰਸੀ ਮੁਤਾਬਕ ਕੁਝ ਮੁੱਦਿਆਂ 'ਤੇ ਮਤਭੇਦ ਬਣੇ ਹੋਏ ਹਨ,ਖਾਸ ਕਰਕੇ ਇਸ ਗੱਲ 'ਤੇ ਕਿਹਾ ਕਿ ਅਮਰੀਕਾ ਭਵਿੱਖ 'ਚ ਕਿਸੇ ਤਰ੍ਹਾਂ ਦੀ ਰੁਕਾਵਟ ਨਹੀਂ ਪਾਵੇਗਾ। ਈਰਾਨ ਦੇ ਸੁਪਰੀਮ ਲੀਡਰ ਦੇ ਫ਼ੌਜੀ ਸਲਾਹਕਾਰ ਮੋਹਸੇਨ ਰੇਜ਼ਾਈ ਨੇ ਕਿਹਾ ਕਿ ਰਾਸ਼ਟਰੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤਹਿਰਾਨ ਨੂੰ ਹੋਰਮੁਜ਼ ਜਲਡਮਰੂ ਦਾ . ਪ੍ਰਬੰਧਨ ਕਰਨ ਦਾ ਕਾਨੂੰਨੀ ਅਧਿਕਾਰ ਹੈ। ਉਨ੍ਹਾਂ ਮੁਤਾਬਕ, ਇਸ ਨਾਲ ਫਾਰਸ ਦੀ ਖਾੜੀ 'ਚ ਪਿਛਲੇ 50 ਸਾਲਾਂ ਤੋਂ ਬਣੀ ਅਸੁਰੱਖਿਆ ਖ਼ਤਮ ਹੋ ਜਾਵੇਗੀ। ਭਾਰਤੀ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਇਹ ਵੀ ਕਿਹਾ ਕਿ ਵਿਸ਼ਵ ਊਰਜਾ ਬਾਜ਼ਾਰ ਨੂੰ ਵਿਘਨ ਨਹੀਂ ਪਾਉਣਾ ਚਾਹੀਦਾ ਤੇ ਸਮੁੰਦਰੀ ਵਪਾਰ ਮਾਰਗਾਂ ਨੂੰ ਖੁੱਲ੍ਹਾ ਰੱਖਣਾ ਅੰਤਰਰਾਸ਼ਟਰੀ ਹਿੱਤ ਵਿੱਚ ਹੈ।

**ਸਮਝੌਤੇ 'ਚ ਪਹਿਲੇ ਪੜਾਅ 'ਚ ਜੰਗ ਦੀ ਸਮਾਪਤੀ ਦਾ ਰਸਮੀ ਐਲਾਨ, ਦੂਜੇ ਪੜਾਅ 'ਚ ਹੋਰਮੁਜ਼ ਜਲਡਮਰੂ 'ਚ ਆਮ ਆਵਾਜਾਈ ਦੀ ਬਹਾਲੀ ਤੇ ਤੀਜੇ ਪੜਾਅ 'ਚ ਸਮਝੌਤੇ 'ਤੇ ਵਿਸਥਾਰਤ ਗੱਲਬਾਤ ਦੀ ਸ਼ੁਰੂਆਤ ਸ਼ਾਮਲ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਟ ਟਰੰਪ ਨੇ ਤਜਵੀਜ਼ਸ਼ੁਦਾ ਸਮਝੌਤੇ ਨੂੰ ਸ਼ਾਂਤੀ ਨਾਲ ਜੁੜਿਆ ਖਰੜਾ ਦੱਸਦੇ ਹੋਏ ਦਾਅਵਾ ਕੀਤਾ ਹੈ।**

ਪੀਟੀਆਈ ਮੁਤਾਬਕ, ਭਾਰਤ ਦੇ ਦੌਰੇ 'ਤੇ ਆਏ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਕਿ ਈਰਾਨ ਨਾਲ ਗੱਲਬਾਤ 'ਚ ਮਹੱਤਵਪੂਰਨ ਪ੍ਰਗਤੀ ਹੋਈ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਟਰੰਪ · ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਦੁਨੀਆ ਈਰਾਨ ਦੇ ਪਰਮਾਣੂ ਹਥਿਆਰਾਂ ਦੇ ਖ਼ਤਰੇ ਤੋਂ ਮੁਕਤ ਹੋਵੇ। ਰੂਬੀਓ ਦੇ ਬਿਆਨ ਦਾ ਜਵਾਬ ਦਿੰਦੇ ਹੋਏ, ਭਾਰਤ 'ਚ ਈਰਾਨੀ ਦੂਤਾਵਾਸ ਨੇ ਕਿਹਾ ਕਿ ਤਹਿਰਾਨ ਕੋਲ ਪਰਮਾਣੂ ਤਕਨਾਲੋਜੀ ਦਾ ਅਟੁੱਟ ਅਧਿਕਾਰ ਹੈ। ਈਰਾਨ ਦੇ ਰਾਸ਼ਟਰਪਤੀ ਮਸੂਦ ਪੇਸ਼ਕੀਅਨ ਨੇ ਇਹ ਵੀ ਕਿਹਾ ਕਿ ਈਰਾਨ ਦੁਨੀਆ ਨੂੰ ਭਰੋਸਾ ਦਿਵਾਉਣ ਲਈ ਤਿਆਰ ਹੈ ਕਿ ਉਸਦਾ - ਪਰਮਾਣੂ ਪ੍ਰੋਗਰਾਮ ਨਾਗਰਿਕ ਉਦੇਸ਼ਾਂ ਲਈ ਹੈ, ਹਥਿਆਰਾਂ ਦੇ ਵਿਕਾਸ ਲਈ ਨਹੀਂ। ਈਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਾਘਾਈ ਨੇ ਕਿਹਾ ਕਿ ਇਸ ਹਫ਼ਤੇ ਦੀ ਗੱਲਬਾਤ ਦਾ ਮੁੱਖ ਉਦੇਸ਼ ਤਣਾਅ ਘਟਾਉਣਾ ਸੀ, ਪਰ ਕਈ ਮੁੱਦਿਆਂ 'ਤੇ ਅਜੇ ਵੀ ਵਿਚੋਲਿਆਂ ਰਾਹੀਂ ਚਰਚਾ ਕੀਤੀ ਜਾ ਰਹੀ ਹੈ।

# ਬੇਵਫ਼ਾਈ ਦੇ ਦੋਸ਼ਾਂ ਦੀ ਪੁਸ਼ਟੀ ਲਈ ਖ਼ਤਰੇ 'ਚ ਨਹੀਂ ਪਾ ਸਕਦੇ ਬੱਚੇ ਦਾ ਸਨਮਾਨ: ਹਾਈ ਕੋਰਟ

**ਸ਼ਿਮਲਾ:** ਹਿਮਾਚਲ ਪ੍ਰਦੇਸ਼ ਹਾਈ ਕੋਰਟ ਨੇ ਵਿਆਹੁਤਾ ਵਿਵਾਦ ਤੇ ਬੱਚੇ ਦਾ ਡੀ.ਐੱਨ.ਏ. ਟੈਸਟ ਕਰਵਾਉਣ ਦੀ ਮੰਗ ਖ਼ਾਰਜ ਕਰ ਦਿੱਤੀ। ਅਦਾਲਤ ਨੇ ਕਿਹਾ ਕਿ ਸਿਰਫ਼ ਬੇਵਫ਼ਾਈ ਦੇ ਦੋਸ਼ਾਂ ਦੀ ਪੁਸ਼ਟੀ ਲਈ ਬੱਚੇ ਦੀ ਪਛਾਣ ਤੇ ਮਾਣ-ਸਨਮਾਨ ਨੂੰ ਖ਼ਤਰੇ ਵਿਚ ਨਹੀਂ ਪਾਇਆ ਜਾ ਸਕਦਾ। ਕੋਰਟ ਨੇ ਸਪੱਸ਼ਟ ਕੀਤਾ ਕਿ ਪਤਨੀ ਦੇ ਕਥਿਤ ਨਾਜਾਇਜ਼ ਸੰਬੰਧਾਂ ਨੂੰ ਸਾਬਤ ਕਰਨ ਲਈ ਪਤੀ ਹੋਰ ਸਬੂਤ ਪੇਸ਼ ਕਰ ਸਕਦਾ ਹੈ।



ਜਸਟਿਸ ਰਮੇਸ਼ ਵਰਮਾ ਨੇ ਕਿਹਾ ਕਿ ਵਿਗਿਆਨਕ ਜਾਂਚ ਨੂੰ ਵਿਆਹੁਤਾ ਵਿਵਾਦਾਂ ਵਿਚ ਆਮ ਪ੍ਰਕਿਰਿਆ ਵਜੋਂ ਇਸਤੇਮਾਲ ਨਹੀਂ ਕੀਤਾ ਜਾ ਸਕਦਾ, ਖ਼ਾਸ ਕਰ ਕੇ ਜਦੋਂ ਇਸ ਨਾਲ ਬੱਚਿਆਂ 'ਤੇ ਸਮਾਜਿਕ ਦਾਗ ਲੱਗਣ ਦੀ ਸੰਭਾਵਨਾ ਹੋਵੇ।

**ਹਾਈ ਕੋਰਟ ਨੇ ਜ਼ਿਕਰ ਕੀਤਾ ਕਿ ਅਜਿਹਾ ਲੱਗਦਾ ਹੈ ਕਿ ਪਟੀਸ਼ਨਰ ਨੇ ਟ੍ਰਾਇਲ ਕੋਰਟ ਵੱਲੋਂ ਤੈਅ ਗੁਜ਼ਾਰੇ ਭੱਤੇ ਤੋਂ ਬਚਣ ਲਈ ਇਹ ਅਰਜ਼ੀ ਦਾਇਰ ਕੀਤੀ ਹੈ।**

ਹਾਈ ਕੋਰਟ ਨੇ ਚੰਬਾ ਫੈਮਿਲੀ ਕੋਰਟ ਦੇ ਉਸ ਆਦੇਸ਼ ਨੂੰ ਬਰਕਰਾਰ ਰੱਖਿਆ ਜਿਸ ਵਿਚ ਪਟੀਸ਼ਨਰ ਵੱਲੋਂ ਤਿੰਨ ਬੱਚਿਆਂ ਦਾ ਡੀਐੱਨਏ ਟੈਸਟ ਕਰਵਾਉਣ ਦੀ ਮੰਗ ਨੂੰ ਖ਼ਾਰਜ ਕੀਤਾ ਗਿਆ ਸੀ। ਅਦਾਲਤ ਨੇ ਕਿਹਾ ਕਿ ਬੇਵਫ਼ਾਈ ਵਰਗੇ ਮਾਮਲਿਆਂ ਦੀ ਜਾਂਚ ਕਿਸੇ ਦੇ ਸਮਾਜਿਕ ਸਨਮਾਨ 'ਤੇ ਗੰਭੀਰ ਪ੍ਰਭਾਵ ਪਾ ਸਕਦੀ ਹੈ। ਅਜਿਹੇ ਮਾਮਲਿਆਂ ਵਿਚ ਖ਼ਾਸ ਤੌਰ 'ਤੇ ਬੱਚਿਆਂ ਦੇ ਮਾਣ-ਸਨਮਾਨ ਤੇ ਨਿੱਜਤਾ ਦੀ ਰੱਖਿਆ ਕਰਨੀ ਜ਼ਰੂਰੀ ਹੈ। ਹਾਈ ਕੋਰਟ ਨੇ ਕਿਹਾ ਕਿ ਸੁਪਰੀਮ ਕੋਰਟ ਵੀ ਕਈ ਫ਼ੈਸਲਿਆਂ ਵਿਚ ਸਪੱਸ਼ਟ ਕਰ ਚੁੱਕੀ ਹੈ ਕਿ ਕਿਸੇ ਵਿਅਕਤੀ ਨੂੰ ਜ਼ਬਰਦਸਤੀ ਡੀਐੱਨਏ ਟੈਸਟ ਕਰਵਾਉਣ ਲਈ ਮਜਬੂਰ ਕਰਨਾ ਉਸ ਦੀ ਨਿੱਜੀ ਜ਼ਿੰਦਗੀ ਵਿਚ ਦਖ਼ਲ ਮੰਨਿਆ ਜਾਵੇਗਾ। ਜਾਇਜ਼ ਵਿਆਹ ਦੌਰਾਨ ਜੰਮਿਆ ਬੱਚਾ ਕਾਨੂੰਨੀ ਤੌਰ 'ਤੇ ਜਾਇਜ਼ ਮੰਨਿਆ ਜਾਂਦਾ ਹੈ, ਜਦੋਂ ਤੱਕ ਪਤੀ-ਪਤਨੀ ਵਿਚਾਲੇ ਸੰਬੰਧ ਨਾ ਹੋਣ ਦੇ ਠੋਸ ਸਬੂਤ ਸਾਹਮਣੇ ਨਾ ਆਉਣ। ਅਦਾਲਤ ਨੇ ਕਿਹਾ ਕਿ ਡੀਐੱਨਏ ਟੈਸਟ ਨੂੰ ਬਿਨਾਂ ਯੋਗ ਆਧਾਰ ਦੇ ਜਾਂਚ ਵਜੋਂ ਮਨਜ਼ੂਰੀ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਇਸ ਨਾਲ ਔਰਤਾਂ ਤੇ ਬੱਚਿਆਂ ਨੂੰ ਸਮਾਜਿਕ ਤੌਰ 'ਤੇ ਕਲੰਕਿਤ ਹੋਣ ਦਾ ਖ਼ਤਰਾ ਰਹਿੰਦਾ ਹੈ। ਹਾਈ ਕੋਰਟ ਨੇ ਜ਼ਿਕਰ ਕੀਤਾ ਕਿ ਅਜਿਹਾ ਲੱਗਦਾ ਹੈ ਕਿ ਪਟੀਸ਼ਨਰ ਨੇ ਟ੍ਰਾਇਲ ਕੋਰਟ ਵੱਲੋਂ ਤੈਅ ਗੁਜ਼ਾਰੇ ਭੱਤੇ ਤੋਂ ਬਚਣ ਲਈ ਇਹ ਅਰਜ਼ੀ ਦਾਇਰ ਕੀਤੀ ਹੈ। ਪਟੀਸ਼ਨਰ ਨੇ ਦੀਵਾਨੀ ਮੁਕੱਦਮਾ ਦਾਇਰ ਕਰ ਕੇ ਦਾਅਵਾ ਕੀਤਾ ਸੀ ਕਿ ਔਰਤ ਉਸ ਦੀ ਕਾਨੂੰਨੀ ਪਤਨੀ ਨਹੀਂ ਹੈ। ਉਸ ਦਾ ਦੋਸ਼ ਸੀ ਕਿ ਔਰਤ ਪਹਿਲਾਂ ਹੀ ਕਿਸੇ ਹੋਰ ਵਿਅਕਤੀ ਨਾਲ ਵਿਆਹੀ ਸੀ ਤੇ ਇਸ ਲਈ ਉਸ ਨਾਲ ਹੋਇਆ ਕਥਿਤ ਵਿਆਹ ਮੰਨਣਯੋਗ ਨਹੀਂ ਹੈ। ਉਸ ਨੇ ਤਿੰਨਾਂ ਬੱਚਿਆਂ ਦਾ ਪਿਤਾ ਹੋਣ 'ਤੇ ਵੀ ਸਵਾਲ ਉਠਾਏ ਸਨ।

# ਸਮਝੌਤਾ ਸਾਡੀ ਰਣਨੀਤਕ ਜਿੱਤ: ਈਰਾਨ

**ਵਾਸ਼ਿੰਗਟਨ:** ਅਮਰੀਕਾ ਤੇ ਈਰਾਨ ਦਰਮਿਆਨ ਸੰਭਾਵਤ ਸ਼ਾਂਤੀ ਸਮਝੌਤੇ ਦੀ ਚਰਚਾ ਦੌਰਾਨ ਤਹਿਰਾਨ ਇਸ ਨੂੰ ਆਪਣੀ ਰਣਨੀਤਕ ਅਤੇ ਰਾਜਨੀਤਕ ਜਿੱਤ ਵਜੋਂ ਪੇਸ਼ ਕਰਨ ਵਿਚ ਲੱਗਾ ਹੋਇਆ ਹੈ। ਈਰਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਘਾਈ ਨੇ ਐਕਸ 'ਤੇ ਪੁਰਾਤਨ ਫ਼ਾਰਸੀ ਸਾਮਰਾਜ ਦੀ ਇਤਿਹਾਸਕ ਤਸਵੀਰ ਪਾ ਕੇ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ ਜਿਵੇਂ ਕਦੇ ਰੋਮਨ ਸਾਮਰਾਜ ਦੇ ਅਜੇਤੂ ਹੋਣ ਦਾ ਭਰਮ ਟੁੱਟਿਆ ਸੀ, ਉਵੇਂ ਹੀ ਹੁਣ ਈਰਾਨ ਨੇ ਤਾਕਤਵਰ ਦੇਸ਼ਾਂ ਦੇ ਸਾਹਮਣੇ ਝੁਕਣ ਤੋਂ ਇਨਕਾਰ ਕੀਤਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਸਮਝੌਤੇ ਦੇ ਆਖ਼ਰੀ ਰੂਪ ਤੋਂ ਪਹਿਲਾਂ ਇਹ ਤੈਅ ਕਰਨਾ ਮੁਸ਼ਕਲ ਹੈ ਕਿ ਅਸਲੀ ਲਾਭ ਕਿਸ ਨੂੰ ਮਿਲੇਗਾ ਪਰ ਈਰਾਨ ਕੋਲ ਇਸ ਨੂੰ ਘਰੇਲੂ ਤੇ ਖੇਤਰੀ ਪੱਧਰ 'ਤੇ ਜਿੱਤ ਵਜੋਂ ਪੇਸ਼ ਕਰਨ ਦਾ ਮੌਕਾ ਹੈ।



# ਧਰਮਿੰਦਰ ਮਰਨ ਉਪਰੰਤ ਪਦਮ ਵਿਭੂਸ਼ਣ ਨਾਲ ਸਨਮਾਨਤ

## ਹਰਮਨਪ੍ਰੀਤ ਕੌਰ ਤੇ ਬਲਦੇਵ ਸਿੰਘ ਨੂੰ ਮਿਲਿਆ ਪਦਮਸ਼੍ਰੀ



**ਨਵੀਂ ਦਿੱਲੀ:** ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਰਾਸ਼ਟਰਪਤੀ ਭਵਨ 'ਚ ਹੋਏ ਇਕ ਸਨਮਾਨ ਸਮਾਗਮ 'ਚ ਪੰਜਾਬ ਦੀਆਂ ਤਿੰਨ ਹਸਤੀਆਂ ਸਮੇਤ 131 ਸ਼ਖ਼ਸੀਅਤਾਂ ਨੂੰ ਪਦਮ ਪੁਰਸਕਾਰਾਂ ਨਾਲ ਸਨਮਾਨਤ ਕੀਤਾ। ਇਨ੍ਹਾਂ 'ਚ ਅਦਾਕਾਰ ਧਰਮਿੰਦਰ ਨੂੰ ਮਰਨ ਉਪਰੰਤ ਪਦਮ ਵਿਭੂਸ਼ਣ ਤੇ ਇਸ਼ਤਿਹਾਰ ਜਗਤ ਦੇ ਦਿੱਗਜ ਪੀਯੂਸ਼ ਪਾਂਡੇ ਨੂੰ ਵੀ ਮਰਨ ਉਪਰੰਤ ਪਦਮ ਭੂਸ਼ਣ ਨਾਲ ਸਨਮਾਨਤ ਕੀਤਾ ਗਿਆ। ਧਰਮਿੰਦਰ ਦਾ ਪੁਰਸਕਾਰ ਹੇਮਾ ਮਾਲਿਨੀ ਤੇ ਪੀਯੂਸ਼ ਪਾਂਡੇ ਦਾ ਪੁਰਸਕਾਰ ਉਨ੍ਹਾਂ ਦੀ ਪਤਨੀ ਨੀਤਾ ਜੋਸ਼ੀ ਨੇ ਪ੍ਰਾਪਤ



ਕੀਤਾ। ਇਸ ਤੋਂ ਇਲਾਵਾ ਪੰਜਾਬ ਤੋਂ ਹਾਕੀ ਕੋਚ ਬਲਦੇਵ ਸਿੰਘ ਨੂੰ ਪਦਮਸ਼੍ਰੀ, ਮਹਿਲਾ ਕ੍ਰਿਕਟ 'ਚ ਚੰਗੀ ਕਾਰਗੁਜ਼ਾਰੀ ਦਿਖਾਉਣ ਲਈ ਹਰਮਨਪ੍ਰੀਤ ਕੌਰ ਭੁੱਲਰ ਨੂੰ ਪਦਮਸ਼੍ਰੀ ਐਵਾਰਡ ਦਿੱਤਾ ਗਿਆ। ਇਸ ਤੋਂ ਇਲਾਵਾ ਸ਼ਾਸਤਰੀ ਸੰਗੀਤਕਾਰ ਤੇ ਵਾਇਲਨ ਵਾਦਕ ਐਨ. ਰਾਜਮ ਨੂੰ ਪਦਮਵਿਭੂਸ਼ਣ ਨਾਲ ਸਨਮਾਨਤ ਕੀਤਾ ਗਿਆ। ਰਾਸ਼ਟਰਪਤੀ ਨੇ ਇਸੇ ਸਾਲ ਜਨਵਰੀ 'ਚ ਗਣਤੰਤਰ ਦਿਵਸ ਮੌਕੇ ਸਾਲ 2026 ਲਈ ਕੁਲ 131 ਪਦਮ ਪੁਰਸਕਾਰਾਂ- ਜਿਨ੍ਹਾਂ 'ਚ ਪੰਜ ਪਦਮ ਵਿਭੂਸ਼ਣ, 13 ਪਦਮ ਭੂਸ਼ਣ ਤੇ 113 ਪਦਮਸ਼੍ਰੀ ਨੂੰ ਮਨਜ਼ੂਰੀ ਦਿੱਤੀ ਸੀ। ਇਹ ਪੁਰਸਕਾਰ ਕਲਾ, ਸਮਾਜ ਸੇਵਾ, ਜਨਤਕ ਮਾਮਲੇ, ਵਿਗਿਆਨ ਤੇ ਇੰਜੀਨੀਅਰਿੰਗ, ਵਪਾਰ ਤੇ ਉਦਯੋਗ, ਮੈਡੀਕਲ, ਸਾਹਿਤ ਤੇ ਸਿੱਖਿਆ, ਖੇਡ ਤੇ ਸਿਵਲ ਸੇਵਾ ਖੇਤਰ 'ਚ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲਿਆਂ ਨੂੰ ਦਿੱਤਾ ਜਾਂਦਾ ਹੈ। ਕਲਾ ਦੇ ਖੇਤਰ 'ਚ ਸ਼ਾਨਦਾਰ ਤੇ ਖਾਸ ਸੇਵਾ ਲਈ ਧਰਮਿੰਦਰ ਦਾ ਪੁਰਸਕਾਰ ਉਨ੍ਹਾਂ ਦੀ ਪਤਨੀ ਤੇ ਸੰਸਦ ਮੈਂਬਰ ਹੇਮਾ ਮਾਲਿਨੀ ਨੇ ਹਾਸਲ ਕੀਤਾ। ਰਾਜਮ ਨੂੰ ਭਾਰਤੀ ਸ਼ਾਸਤਰੀ ਸੰਗੀਤ 'ਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ, ਖਾਸ ਤੌਰ 'ਤੇ ਉਨ੍ਹਾਂ ਦੇ 'ਗਾਇਕੀ ਅੰਗ' ਸ਼ੈਲੀ ਨਾਲ ਵਾਇਲਨ ਵਾਦਨ 'ਚ ਕ੍ਰਾਂਤੀ ਲਿਆਉਣ ਲਈ, ਜਿਹੜਾ ਵਾਦ ਯੰਤਰ 'ਤੇ ਗਾਇਨ ਸੰਗੀਤ ਦੀ ਹੂਬਹੂ ਨਕਲ ਕਰਦਾ ਹੈ। ਮੁਰਮੂ ਨੇ ਉੱਤਰਖੰਡ ਦੇ ਸਾਬਕਾ ਮੁੱਖ ਮੰਤਰੀ ਭਗਤ ਸਿੰਘ ਕੋਸ਼ਿਆਰੀ, ਮਸ਼ਹੂਰ ਮਸ਼ਹੂਰ ਪਾਲੀਮੈਥ ਮਾਹਿਰ ਸ਼ਤਾਵਧਾਨੀ ਆਰ ਗਣੇਸ਼, ਜਿਨ੍ਹਾਂ ਨੇ ਮੁਸ਼ਕਲ ਭਾਰਤੀ ਸ਼ਾਸਤਰੀ ਕਲਾ ਦੀ ਕਿਸਮ 'ਅਵਧਾਨਾ' ਨੂੰ ਸੁਰਜੀਤ ਕੀਤਾ, ਕੋਟਕ ਮਹਿੰਦਰਾ ਬੈਂਕ ਦੇ ਸੰਸਥਾਪਕ ਉਦੈ ਸੁਰੇਸ਼ ਕੋਟਕ ਤੇ ਗੈਸਟ੍ਰੋਐਂਟਰੋਲੋਜਿਸਟ ਕਲੀਪੱਟੀ ਰਾਮਾਸਾਮੀ ਪਲਾਨੀਸਵਾਮੀ ਨੂੰ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ।



ਉਨ੍ਹਾਂ ਨੇ ਇਹ ਪੁਰਸਕਾਰ ਮਰਨ ਉਪਰੰਤ ਇਸ਼ਤਿਹਾਰ ਗੁਰੂ ਪੀਯੂਸ਼ ਪਾਂਡੇ ਤੇ ਸਾਬਕਾ ਸੰਸਦ ਮੈਂਬਰ ਵਿਜੇ ਕੁਮਾਰ ਮਲਹੋਤਰਾ ਨੂੰ ਵੀ ਦਿੱਤਾ। ਪਾਂਡੇ ਦੀ ਪਤਨੀ ਤੇ ਮਲਹੋਤਰਾ ਦੇ ਬੇਟੇ ਨੇ ਕ੍ਰਮਵਾਰ ਇਹ ਪੁਰਸਕਾਰ ਹਾਸਲ ਕੀਤੇ। ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਭੁੱਲਰ, ਅਦਾਕਾਰ ਪ੍ਰੋਸੇਨਜੀਤ ਚੈਟਰਜੀ, ਪੈਰਾ ਐਥਲੀਟ ਪਰਵੀਨ ਕੁਮਾਰ ਤੇ ਕੇਂਦਰੀ ਰਿਜ਼ਰਵ ਪੁਲਿਸ ਫੋਰਸ ਦੇ ਸਾਬਕਾ ਡੀਜੀਪੀ ਕੇ ਵਿਜੇ ਕੁਮਾਰ ਨੂੰ ਪਦਮਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ। ਇਹ ਪੁਰਸਕਾਰ, ਜਿਹੜਾ ਰਾਸ਼ਟਰਪਤੀ ਭਵਨ ਦੇ ਗਣਤੰਤਰ ਮੰਡਪ 'ਚ ਕਰਾਇਆ ਗਿਆ ਸੀ, ਰਾਸ਼ਟਰੀ ਗੀਤ 'ਵੰਦੇ ਮਾਤਰਮ' ਦੀ ਪੇਸ਼ਕਾਰੀ ਨਾਲ ਸ਼ੁਰੂ ਹੋਇਆ, ਜਿਸਦੇ ਬਾਅਦ ਰਾਸ਼ਟਰ ਗਾਨ 'ਜਨ ਗਨ ਮਨ ਵਜਾਇਆ ਗਿਆ। ਇਸ ਵਿਚ ਉਪਰਾਸ਼ਟਰਪਤੀ ਸੀਪੀ ਰਾਧਾਕ੍ਰਿਸ਼ਨਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਸਮੇਤ ਕਈ ਪਤਵੰਤੇ ਸ਼ਾਮਲ ਹੋਏ।

# ਡਿਊਟੀ 'ਤੇ ਜਾ ਰਹੇ ਥਾਣੇਦਾਰ ਦਾ ਗੋਲੀਆਂ ਮਾਰ ਕੇ ਕਤਲ

**ਮਜੀਠਾ:** ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਨੇੜੇ ਐਤਵਾਰ ਨੂੰ ਡਿਊਟੀ 'ਤੇ ਜਾ ਰਹੇ ਏ.ਐਸ.ਆਈ. ਦਾ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਵਾਰਦਾਤ ਤੋਂ ਬਾਅਦ ਹਮਲਾਵਰ





ਫ਼ਰਾਰ ਹੋ ਗਏ। ਪੁਲਿਸ ਘਟਨਾ ਸਥਾਨ ਨੇੜੇ-ਤੇੜੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਘਾਲ ਰਹੀ ਹੈ। ਮੁੱਢਲੇ ਤੌਰ 'ਤੇ ਪੁਲਿਸ ਇਸ ਨੂੰ ਅੱਤਵਾਦੀ ਵਾਰਦਾਤ ਨਾਲ ਜੋੜ ਕੇ ਦੇਖ ਰਹੀ ਹੈ ਪਰ ਨਾਲ ਹੀ ਪੁਰਾਣੀ ਰੰਜਿਸ਼ ਦੇ ਐਂਗਲ ਤੋਂ ਵੀ ਮਾਮਲੇ ਦੀ ਜਾਂਚ ਕਰ ਰਹੀ ਹੈ।

ਗੁਰਦਾਸਪੁਰ ਦੇ ਪਿੰਡ ਘਣੀਏ ਕੇ ਬਾਂਗਰ ਵਾਸੀ ਜੋਗਾ ਸਿੰਘ ਅੰਮ੍ਰਿਤਸਰ ਸਿਟੀ ਟ੍ਰੈਫਿਕ ਪੁਲਿਸ 'ਚ ਬਤੌਰ ਏਐੱਸਆਈ ਤਇਨਾਤ ਸਨ। ਪਰਿਵਾਰ ਮੁਤਾਬਕ ਉਹ ਰੋਜ਼ਾਨਾ ਕਾਰ 'ਚ ਡਿਊਟੀ 'ਤੇ ਜਾਂਦੇ ਸਨ। ਪਰ ਐਤਵਾਰ ਨੂੰ ਕਾਰ ਪੰਕਚਰ ਹੋਣ ਕਾਰਨ ਉਹ ਸਵੇਰੇ ਸਾਢੇ ਪੰਜ ਵਜੇ ਆਪਣੀ ਐਕਟਿਵਾ (ਪੀਬੀ 06 ਬੀਜੀ 6614) 'ਤੇ ਸਵਾਰ ਹੋ ਕੇ ਘਰੋਂ ਨਿਕਲੇ ਸਨ। ਮਜੀਠਾ ਸ਼ਹਿਰ ਤੋਂ ਮਹਿਜ ਇਕ ਕਿਲੋਮੀਟਰ ਬਾਹਰ ਫਤਿਹਗੜ੍ਹ ਚੂੜੀਆਂ ਰੋਡ ਮੋੜ ਹਮਜ਼ਾ ਨੇੜੇ ਪਿੱਛੇ ਆ ਰਹੇ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਵਿਅਕਤੀਆਂ ਨੇ ਪਿਸਤੌਲ ਨਾਲ ਏਐੱਸਆਈ 'ਤੇ ਦੋ ਫਾਇਰ ਕਰ ਦਿੱਤੇ। ਦੋਵੇਂ ਗੋਲੀਆਂ ਉਨ੍ਹਾਂ ਦੇ ਮੋਢਿਆਂ 'ਤੇ ਲੱਗੀਆਂ ਤੇ ਉਹ ਸੜਕ 'ਤੇ ਡਿੱਗ ਗਏ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਬਾਈਕ ਸਵਾਰ ਫ਼ਰਾਰ ਹੋ ਗਏ।

ਇਤਲਾਹ ਮਿਲਣ 'ਤੇ ਜ਼ਿਲ੍ਹਾ ਪੁਲਿਸ ਮੁਖੀ ਅੰਮ੍ਰਿਤਸਰ ਦਿਹਾਤੀ ਸੁਹੇਲ ਮੀਰ ਕਾਸ਼ਿਮ ਭਾਰੀ ਪੁਲਿਸ ਫੋਰਸ ਨਾਲ ਮੌਕੇ 'ਤੇ ਪੁੱਜੇ ਤੇ ਘਟਨਾ ਸਥਾਨ ਦਾ ਜਾਇਜ਼ਾ ਲਿਆ। ਪੁਲਿਸ ਅਧਿਕਾਰੀਆਂ ਨੇ ਜਾਂਚ ਤੋਂ ਬਾਅਦ ਲੁੱਟ ਹੋਣ ਜਾਂ ਫਿਰ ਬਦਮਾਸ਼ਾ ਨਾਲ ਹੱਥੋਪਾਈ ਦੀ ਘਟਨਾ ਤੋਂ ਇਨਕਾਰ ਕੀਤਾ ਹੈ। ਪਤਾ ਲੱਗਿਆ ਹੈ ਕਿ ਏਐੱਸਆਈ ਜੋਗਾ ਸਿੰਘ ਕੋਲ ਕੋਈ ਹਥਿਆਰ ਨਹੀਂ ਸੀ। ਮੌਕੇ 'ਤੇ ਮੌਜੂਦ ਡੀਐੱਸਪੀ ਮਜੀਠਾ ਕਮਲਮੀਤ ਸਿੰਘ ਤੇ ਐੱਸਐੱਚਓ ਕਰਮਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਘਟਨਾ ਸਥਾਨ ਦੇ ਆਸਪਾਸ ਲੱਗੇ ਸੀਸੀਟੀਵੀ ਕੈਮਰਿਆਂ ਨੂੰ ਤੇਜ਼ੀ ਨਾਲ ਖੰਗਾਲਿਆ ਜਾ ਰਿਹਾ ਹੈ ਤੇ ਕਤਲ ਦੇ ਹਰੇਕ ਪਹਿਲੂ ਤੇ ਛਾਣਬੀਣ ਕੀਤੀ ਜਾ ਰਹੀ ਹੈ। ਕਾਤਲ ਬਹੁਤ ਜਲਦ ਪੁਲਿਸ ਦੀ ਗ੍ਰਿਫਤ ਵਿਚ ਹੋਣਗੇ।

# ਐੱਸ.ਆਈ.ਆਰ ਹੈ ਨਾਜ਼ੁਕ ਮੁੱਦਾ: ਰਾਜਾ ਵੜਿੰਗ

## ਪੰਜਾਬ ਦੇ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਚੋਣ ਕਮਿਸ਼ਨ ਨੇ ਪੰਜਾਬ ਸਣੇ ਕਈ ਸੂਬਿਆਂ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਨ ਸਮੀਖਿਆ (ਐੱਸਆਈਆਰ) ਦਾ ਐਲਾਨ ਕੀਤਾ ਹੈ। ਆਮ ਹਾਲਾਤ ਵਿਚ ਵੋਟਰ ਸੂਚੀਆਂ ਦੀ ਸਮੀਖਿਆ ਇਕ ਸਾਧਾਰਨ ਪ੍ਰਕਿਰਿਆ ਹੁੰਦੀ ਹੈ। ਵੋਟਰ ਸੂਚੀਆਂ ਨੂੰ ਮਰੇ ਹੋਏ, ਡੁਪਲੀਕੇਟ ਜਾਂ ਉਕਤ ਪਤੇ 'ਤੇ ਨਾ ਰਹਿਣ ਵਾਲੇ ਵੋਟਰਾਂ ਦੇ ਨਾਮ ਹਟਾਉਣ ਲਈ ਸਮੇਂ-ਸਮੇਂ ਸਿਰ ਜਾਂਚਣਾ ਅਤੇ ਅਪਡੇਟ ਕਰਨਾ ਲਾਜ਼ਮੀ ਹੁੰਦਾ ਹੈ।

ਇਹ ਗੱਲ ਸਮਝਣਯੋਗ ਵੀ ਹੈ ਅਤੇ ਜ਼ਰੂਰੀ ਵੀ। ਪਰ ਹਾਲ ਹੀ ਵਿਚ ਬਿਹਾਰ ਅਤੇ ਪੱਛਮੀ ਬੰਗਾਲ ਵਿਚ ਜੋ ਕੁਝ ਹੋਇਆ ਹੈ, ਉਸ ਨਾਲ ਲੋਕਾਂ ਦੇ ਮਨਾਂ ਵਿਚ ਇਹ ਚਿੰਤਾ ਪੈਦਾ ਹੋਈ ਹੈ ਕਿ ਐੱਸਆਈਆਰ ਕਿਸੇ ਖਾਸ ਵਰਗ, ਭਾਈਚਾਰੇ ਜਾਂ ਜਾਤੀ ਨਾਲ ਸਬੰਧਤ ਲੋਕਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ ਜਿਨ੍ਹਾਂ ਬਾਰੇ ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਉਹ ਸੱਤਾਧਾਰੀ ਪਾਰਟੀ ਨੂੰ ਵੋਟ ਨਹੀਂ ਪਾਉਂਦੇ ਹਨ।

ਉਨ੍ਹਾਂ ਕਿਹਾ ਕਿ ਪੱਛਮੀ ਬੰਗਾਲ ਵਿਚ ਚੋਣ ਕਮਿਸ਼ਨ ਨੇ 92 ਲੱਖ ਵੋਟਾਂ ਵੋਟਰ ਸੂਚੀਆਂ ਵਿੱਚੋਂ ਹਟਾ ਦਿੱਤੀਆਂ ਸਨ। ਬਿਹਾਰ ਵਿਚ ਲਗਪਗ 60 ਲੱਖ ਵੋਟਰਾਂ ਦੇ ਨਾਂ ਕੱਟੇ ਗਏ ਸਨ। ਦੋਵਾਂ ਸੂਬਿਆਂ ਵਿਚ ਇਹ ਕਾਰਵਾਈ ਚੋਣਾਂ ਤੋਂ ਠੀਕ ਪਹਿਲਾਂ ਕੀਤੀ ਗਈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਹੁਣ



ਪੰਜਾਬ ਵਿਚ ਕੀਤੀ ਜਾ ਰਹੀ ਹੈ। ਇਸ ਲੜੀ ਹੇਠ, ਬੰਗਾਲ ਦੇ ਹਾਲੀਆ ਮਾਮਲੇ ਵਿਚ ਜਿਨ੍ਹਾਂ 27 ਲੱਖ ਵੋਟਰਾਂ ਦੇ ਨਾਂ ਸੂਚੀਆਂ ਵਿੱਚੋਂ ਹਟਾਏ ਗਏ ਸਨ, ਉਨ੍ਹਾਂ ਨੇ ਇਸ ਦੇ ਖ਼ਿਲਾਫ਼ ਅਪੀਲ ਕੀਤੀ ਸੀ ਪਰ ਉਨ੍ਹਾਂ ਦੀਆਂ ਅਪੀਲਾਂ ਲੰਬਿਤ ਰਹੀਆਂ ਤੇ ਉਹ ਵੋਟ ਨਹੀਂ ਪਾ ਸਕੇ। ਇਹ ਸਾਫ਼ ਤੌਰ 'ਤੇ ਵੋਟ ਦੇ ਅਧਿਕਾਰ ਤੋਂ ਵਾਂਝਾ ਕਰਨ ਵਾਲੀ ਕਾਰਵਾਈ.ਸੀ। ਬੰਗਾਲ ਦੇ 43 ਵਿਧਾਨ ਸਭਾ ਹਲਕਿਆਂ 'ਚ ਹਟਾਈਆਂ ਗਈਆਂ ਵੋਟਾਂ ਦੀ ਗਿਣਤੀ ਜਿੱਤ ਅਤੇ ਹਾਰ ਦੇ ਫ਼ਰਕ ਤੋਂ ਵੀ ਵੱਧ ਸੀ। ਇਨ੍ਹਾਂ ਵਿੱਚੋਂ ਜ਼ਿਆਦਾਤਰ ਸੀਟਾਂ ਭਾਜਪਾ ਨੇ ਜਿੱਤੀਆਂ। ਇਸ ਕਾਰਨ ਲੋਕਾਂ ਵਿਚ ਪ੍ਰਕਿਰਿਆ ਨੂੰ ਲੈ ਕੇ ਵਾਜਬ ਸ਼ੱਕ ਅਤੇ ਚਿੰਤਾਵਾਂ ਪੈਦਾ ਹੋਈਆਂ ਹਨ। ਵਿਸ਼ੇਸ਼ ਗਹਿਨ ਸਮੀਖਿਆ ਕਾਫ਼ੀ ਲੰਬੇ ਸਮੇਂ ਬਾਅਦ ਕੀਤੀ ਜਾ ਰਹੀ ਹੈ। ਜਿਵੇਂ ਕਿ ਨਾਂ ਤੋਂ ਹੀ ਸਪਸ਼ਟ ਹੈ, ਇਹ 'ਗਹਿਨ' ਤਰੀਕੇ ਨਾਲ ਕੀਤੀ ਜਾ ਰਹੀ ਹੈ ਤੇ ਇਸ 'ਚ ਚੋਣਵਾਂ ਰਵੱਈਆ ਵੀ ਹੋ ਸਕਦਾ ਹੈ।

ਰਾਜਾ ਵੜਿੰਗ ਨੇ ਕਿਹਾ ਕਿ ਬੰਗਾਲ ਤੇ ਬਿਹਾਰ ਤੋਂ ਵੱਖਰਾ, ਪੰਜਾਬ ਇਕ ਅਜਿਹਾ ਸੂਬਾ ਹੈ ਜਿੱਥੇ ਹਰ ਗਰਮੀਆਂ ਵਿਚ ਵੱਡੀ ਗਿਣਤੀ ਵਿਚ ਲੋਕ ਵਿਦੇਸ਼ ਜਾਂਦੇ ਹਨ। ਦੁਨੀਆ ਭਰ 'ਚ ਪੰਜਾਬੀ ਭਾਈਚਾਰੇ ਦੀ ਵੱਡੀ ਵਸੋਂ ਹੈ। ਕਈ ਪੰਜਾਬੀ ਗਰਮੀਆਂ ਦੇ ਦਿਨਾਂ ਵਿਚ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਵਿਦੇਸ਼ ਜਾਂਦੇ ਹਨ ਤਾਂ ਜੋ ਇੱਥੋਂ ਦੀ ਤਿੱਖੀ ਗਰਮੀ ਤੋਂ ਬਚ ਸਕਣ। ਜੇ ਚੋਣ ਅਧਿਕਾਰੀ ਉਨ੍ਹਾਂ ਦੇ ਘਰਾਂ 'ਤੇ ਜਾਂਚ ਲਈ ਜਾਣ ਤੇ ਉਹ ਉੱਥੇ ਨਾ ਮਿਲਣ, ਤਾਂ ਕੀ ਇਹੀ ਇੱਕੋ ਮਾਪਦੰਡ ਹੋਣਾ ਚਾਹੀਦਾ ਹੈ ਉਨ੍ਹਾਂ ਦੀ ਵੋਟ ਕੱਟਣ ਲਈ? ਸਾਨੂੰ ਡਰ ਹੈ ਕਿ ਇਸ ਤਰ੍ਹਾਂ ਉਹ ਆਪਣਾ ਵੋਟ ਦਾ ਅਧਿਕਾਰ ਗੁਆ ਸਕਦੇ ਹਨ ਹਾਲਾਂਕਿ ਕਾਂਗਰਸ ਸਿਧਾਂਤਕ ਤੌਰ 'ਤੇ ਵੋਟਰ ਸੂਚੀਆਂ ਦੀ ਸਮੀਖਿਆ ਦੇ ਖ਼ਿਲਾਫ਼ ਨਹੀਂ ਹੈ ਪਰ ਪਾਰਟੀ ਸਿਰਫ਼ ਵੋਟਰਾਂ ਦੇ ਨਾਂ ਮਨਮਰਜ਼ੀ ਨਾਲ ਤੇ ਨਿਗੂਣੇ ਕਾਰਨਾਂ ਜਾਂ ਸਿਰਫ਼ ਇਸ ਸ਼ੱਕ 'ਤੇ ਹਟਾਉਣ ਦੇ ਵਿਰੁੱਧ ਹੈ ਕਿ ਉਹ ਕਿਸੇ ਖਾਸ ਸਿਆਸੀ ਪਾਰਟੀ ਨੂੰ ਵੋਟ ਨਹੀਂ ਪਾਉਂਦੇ। ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਮੋਗਾ ਵਿਚ ਇਕ ਪਬਲਿਕ ਰੈਲੀ ਦੌਰਾਨ ਦਾਅਵਾ ਕੀਤਾ ਸੀ ਕਿ ਭਾਜਪਾ ਨੂੰ ਲੋਕ ਸਭਾ ਚੋਣਾਂ ਵਿਚ 18 ਫ਼ੀਸਦੀ ਤੋਂ ਵੱਧ ਵੋਟਾਂ ਮਿਲੀਆਂ ਸਨ ਤੇ ਜਿੱਥੇ ਵੀ ਭਾਜਪਾ ਨੂੰ 18% ਵੋਟਾਂ ਮਿਲਦੀਆਂ ਹਨ, ਉੱਥੇ ਬਾਅਦ 'ਚ ਉਸ ਦੀ ਸਰਕਾਰ ਬਣਦੀ ਹੈ। ਹਾਲਾਂਕਿ ਉਹ ਆਪਣੇ ਵਿਚਾਰ ਰੱਖਣ ਲਈ ਆਜ਼ਾਦ ਹਨ ਪਰ ਪੰਜਾਬ ਦੀ ਜ਼ਮੀਨੀ ਹਕੀਕਤ ਕਿਸੇ ਵੀ ਤਰ੍ਹਾਂ ਇਹ ਨਹੀਂ ਦੱਸਦੀ ਕਿ -ਭਾਜਪਾ 2024 ਦੀਆਂ ਲੋਕ ਸਭਾ ਚੋਣਾਂ ਵਿਚ ਮਿਲੇ ਆਪਣੇ 18%ਵੋਟ ਹਿੱਸੇ ਨੂੰ ਵੀ ਕਾਇਮ ਰੱਖ ਸਕੇਗੀ। ਪੰਜਾਬ ਪ੍ਰਤੀ ਆਪਣੀ ਖ਼ਾਹਿਸ਼ ਨੂੰ ਪੂਰਾ ਕਰਨ ਲਈ ਪਾਰਟੀ ਚੋਣ ਕਮਿਸ਼ਨ ਰਾਹੀਂ ਐੱਸ.ਆਈ.ਆਰ. ਦੀ ਪ੍ਰਕਿਰਿਆ ਦਾ ਇਸਤੇਮਾਲ ਕਰ ਕੇ ਵੋਟਰ ਸੂਚੀਆਂ 'ਚ ਹੇਰਾਫੇਰੀ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ। ਹੁਣ ਜ਼ਿੰਮੇਵਾਰੀ ਚੋਣ ਕਮਿਸ਼ਨ ਤੇ ਮੁੱਖ ਚੋਣ ਕਮਿਸ਼ਨਰ 'ਤੇ ਹੈ ਕਿ ਕਿਸੇ ਦੇ ਡਰ ਅਤੇ ਚਿੰਤਾਵਾਂ ਨੂੰ ਸੱਚ ਨਾ ਹੋਣ ਦਿੱਤਾ ਜਾਵੇ। ਮੈਂ ਸਾਰੀਆਂ ਸਿਆਸੀ ਪਾਰਟੀਆਂ ਨੂੰ, ਭਾਵੇਂ ਉਹ ਕਿਸੇ ਵੀ ਵਿਚਾਰਧਾਰਾ ਨਾਲ ਸਬੰਧਤ ਹੋਣ, ਅਪੀਲ ਕਰਦਾ ਹਾਂ ਕਿ ਵੋਟਰ ਸੂਚੀਆਂ 'ਚ ਕਿਸੇ ਵੀ ਤਰ੍ਹਾਂ ਦੀ ਹੇਰਾਫੇਰੀ ਖ਼ਿਲਾਫ਼ ਸੁਚੇਤ ਰਹਿਣ। ਜਦੋਂ ਅਸੀਂ ਇਹ ਗੱਲ ਕਰਦੇ ਹਾਂ ਤਾਂ ਇਸ ਦੇ ਪਿੱਛੇ ਬਿਹਾਰ ਤੇ ਬੰਗਾਲ ਦੀਆਂ ਉਦਾਹਰਨਾਂ ਹਨ। ਭਾਵੇਂ ਕਿਸੇ ਵੀ ਪਾਰਟੀ ਨੂੰ ਇਸ ਦਾ ਫ਼ਾਇਦਾ ਹੋਵੇ, ਕਿਉਂਕਿ ਐੱਸਆਈਆਰ ਦੀ ਪ੍ਰਕਿਰਿਆ 'ਚ ਸਥਾਨਕ ਅਧਿਕਾਰੀ ਤੇ ਪੰਜਾਬੀ ਹੀ ਸ਼ਾਮਲ ਹੋਣਗੇ, ਇਸ ਲਈ ਉਨ੍ਹਾਂ ਦੀ ਆਪਣੀ ਜ਼ਮੀਰ ਤੇ ਕਾਨੂੰਨ ਪ੍ਰਤੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕਿਸੇ ਵੀ ਅਸਲ ਵੋਟਰ ਦਾ ਨਾਂ ਵੋਟਰ ਸੂਚੀ 'ਚੋਂ ਹਟਾਉਣ ਵਿਚ ਸਹਿਯੋਗ ਨਾ ਕਰਨ।

# ਅਮਰਨਾਥ ਯਾਤਰਾ ਤੋਂ ਪਹਿਲਾਂ ਅੱਤਵਾਦੀ ਟਿਕਾਣੇ ਦਾ ਲੱਗਾ ਪਤਾ

**ਬਾਰਾਮੂਲਾ:** ਅਮਰਨਾਥ ਯਾਤਰਾ ਸ਼ੁਰੂ ਹੋਣ ਤੋਂ ਪਹਿਲਾਂ ਸੁਰੱਖਿਆ ਬਲਾਂ ਨੇ ਇਕ ਅੱਤਵਾਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ। ਬਾਰਾਮੂਲਾ ਜ਼ਿਲ੍ਹੇ ਦੇ ਨੀਲਸਰ ਕੰਡੀ ਇਲਾਕੇ ਵਿਚ ਇਕ ਟਿਕਾਣੇ ਤੋਂ ਗੋਲਾ-ਬਾਰੂਦ ਬਰਾਮਦ ਕੀਤਾ ਗਿਆ। ਇਲਾਕੇ ਨੂੰ ਘੇਰ ਕੇ ਤਲਾਸ਼ੀ ਮੁਹਿੰਮ ਚਲਾਈ ਗਈ। ਉੱਤਰੀ ਕਸ਼ਮੀਰ ਵਿਚ ਚੱਲ ਰਹੀਆਂ ਅੱਤਵਾਦ ਰੋਕੂ ਮੁਹਿੰਮਾਂ ਵਿਚ ਇਹ ਬਰਾਮਦਗੀ ਸੁਰੱਖਿਆ ਬਲਾਂ ਲਈ ਇਕ ਵੱਡੀ ਕਾਮਯਾਬੀ ਹੈ। ਜ਼ਿਕਰਯੋਗ ਹੈ ਕਿ ਯਾਤਰਾ ਤਿੰਨ ਜੁਲਾਈ ਤੋਂ ਸ਼ੁਰੂ ਹੋ ਰਹੀ ਹੈ।ਸੂਤਰਾਂ ਨੇ ਦੱਸਿਆ ਕਿ ਅੱਤਵਾਦ ਨਾਲ ਸੰਬੰਧਿਤ ਸਮੱਗਰੀ ਬਾਰੇ ਮਿਲੀ



ਖ਼ੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਪੁਲਿਸ, ਫ਼ੌਜ ਦੀ 52 ਰਾਸ਼ਟਰੀ ਰਾਈਫਲਸ ਅਤੇ ਸੀਆਰਪੀਐੱਫ ਨੇ ਇਲਾਕੇ ਵਿਚ ਸਾਂਝੀ ਮੁਹਿੰਮ ਚਲਾਈ। ਨੀਲਸਰ ਇਲਾਕੇ ਦੇ ਇਕ ਬਾਗ ਤੋਂ ਅੱਤਵਾਦੀ ਟਿਕਾਣੇ ਦਾ ਪਤਾ ਲੱਗਾ ਜਿਸ ਵਿਚ 14 ਰਾਕੇਟ ਪ੍ਰੋਪੇਲਡ ਗ੍ਰਨੇਡ (ਆਰਪੀਜੀ), ਤਿੰਨ ਬਸਟਰ ਅਤੇ ਹੋਰ ਸ਼ੱਕੀ ਸਮੱਗਰੀ ਬਰਾਮਦ ਕੀਤੀ ਗਈ। ਥਾਣਾ ਚੰਦੂਸਾ ਵਿਚ ਐਫ.ਆਈ.ਆਰ. ਦਰਜ ਕੀਤੀ ਗਈ ਹੈ।

# ਪਰਮਾਣੂ ਅਪਸਾਰ ਸੰਧੀ ਦੇ ਆਖ਼ਰੀ ਦਸਤਾਵੇਜ਼ 'ਤੇ ਨਹੀਂ ਬਣੀ ਸਹਿਮਤੀ

## ਸੰਯੁਕਤ ਰਾਸ਼ਟਰ ਦਾ ਚਾਰ ਹਫ਼ਤਿਆਂ ਦਾ ਸੰਮੇਲਨ ਸਮਾਪਤ

**ਸੰਯੁਕਤ ਰਾਸ਼ਟਰ:** ਪਰਮਾਣੂ ਹਥਿਆਰਾਂ ਦਾ ਪਸਾਰ ਰੋਕਣ ਸਬੰਧੀ ਸੰਧੀ ਦੀ ਸਮੀਖਿਆ ਲਈ ਰੱਖਿਆ ਸੰਯੁਕਤ ਰਾਸ਼ਟਰ ਦਾ ਚਾਰ ਹਫ਼ਤਿਆਂ ਦਾ ਸੰਮੇਲਨ ਆਖ਼ਰੀ ਦਸਤਾਵੇਜ਼ 'ਤੇ ਕੋਈ ਸਹਿਮਤੀ ਬਣੇ ਬਿਨਾਂ ਹੀ ਖ਼ਤਮ ਹੋ ਗਿਆ ਹੈ। ਮਾਹਿਰਾਂ ਨੇ ਕਿਹਾ ਕਿ ਸਹਿਮਤੀ ਨਾ ਬਣਨ ਦੀ ਵਜ੍ਹਾ ਇਰਾਨ ਦੇ ਪਰਮਾਣੂ ਪ੍ਰੋਗਰਾਮ ਸਬੰਧੀ ਅਮਰੀਕਾ ਤੇ ਇਰਾਨ ਦਰਮਿਆਨ ਜਾਰੀ ਵਿਵਾਦ ਰਿਹਾ। ਸੰਮੇਲਨ ਦੀ ਪ੍ਰਧਾਨਗੀ ਕਰਨ ਵਾਲੇ ਵੀਅਤਨਾਮ ਦੇ ਸੰਯੁਕਤ ਰਾਸ਼ਟਰ ਵਿਚਲੇ ਰਾਜਦੂਤ ਦੋ ਹੁੰਗ ਵਿਏਤ ਨੇ ਐਲਾਨ ਕੀਤਾ ਕਿ ਪਰਮਾਣੂ ਅਪਸਾਰ ਸੰਧੀ (ਐੱਨ ਟੀ ਪੀ) ਦੀਆਂ 191 ਧਿਰਾਂ ਆਖ਼ਰੀ ਦਸਤਾਵੇਜ਼ 'ਤੇ ਆਮ ਸਹਿਮਤੀ ਨਹੀਂ ਬਣਾ ਸਕੀਆਂ। ਉਨ੍ਹਾਂ ਇਹ ਨਹੀਂ ਦੱਸਿਆ ਕਿ ਕਿਸ ਦੇਸ਼ ਜਾਂ ਕਿਹੜੇ ਦੇਸ਼ਾਂ ਕਾਰਨ ਸਹਿਮਤੀ ਨਹੀਂ ਬਣ : ਸਕੀ। ਇਹ ਤੀਜੀ ਵਾਰ ਹੈ ਜਦੋਂ ਐੱਨ ਪੀ ਟੀ ਦੀ ਸਮੀਖਿਆ ਲਈ ਕਰਵਾਏ ਸੰਮੇਲਨ 'ਚ ਸਹਿਮਤੀ ਨਹੀਂ ਬਣ ਸੀ।



ਇਸ ਸੰਧੀ ਨੂੰ ਆਲਮੀ ਪਰਮਾਣੂ ਅਪਸਾਰ ਤੇ ਨਿਸ਼ਸਤਰੀਕਰਨ ਦੀ ਬੁਨਿਆਦ ਮੰਨਿਆ ਜਾਂਦਾ ਹੈ। ਅਗਸਤ 2022 'ਚ ਹੋਈ ਪਿਛਲੀ ਸੰਧੀ ਸਮੀਖਿਆ 'ਚ ਰੂਸ ਕਾਰਨ ਆਖ਼ਰੀ ਦਸਤਾਵੇਜ਼ 'ਤੇ ਸਹਿਮਤੀ ਨਹੀਂ ਬਣ ਸਕੀ ਸੀ। ਇਸ ਦਾ ਕਾਰਨ ਫਰਵਰੀ 2022 'ਚ ਯੂਕਰੇਨ 'ਤੇ ਰੂਸ ਦੇ ਹਮਲੇ ਅਤੇ ਯੂਰੋਪ ਦੇ ਸਭ ਤੋਂ ਵੱਡੇ ਜ਼ਾਪੋਰਿਜ਼ੀਆ ਪਰਮਾਣੂ ਊਰਜਾ ਪਲਾਂਟ 'ਤੇ ਮਾਸਕੋ ਦੇ ਕਬਜ਼ੇ ਨਾਲ ਜੁੜੇ ਸੰਦਰਭ ਸਨ। ਇਰਾਨ ਜੰਗ 28 ਫਰਵਰੀ ਨੂੰ ਅਮਰੀਕਾ ਤੇ ਇਜ਼ਰਾਈਲ ਦੇ ਹਮਲਿਆਂ ਨਾਲ ਸ਼ੁਰੂ ਹੋਈ ਸੀ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦਾ ਕਹਿਣ ਹੈ ਕਿ ਇਸ ਜੰਗ ਦਾ ਮਕਸਦ ਇਰਾਨ ਨੂੰ ਪਰਮਾਣੂ ਹਥਿਆਰ ਬਣਾਉਣ ਤੋਂ ਰੋਕਣਾ ਹੈ। ਇਰਾਨ ਨੇ ਯੂਰੇਨੀਅਮ 'ਚ ਹਥਿਆਰ ਬਣਾਉਣ ਦੇ ਪੱਧਰ ਤੱਕ ਸੋਧ ਕੀਤੀ ਹੈ ਪਰ ਉਸ ਦਾ ਕਹਿਣਾ ਹੈ ਕਿ ਉਸ ਦਾ ਪਰਮਾਣੂ ਪ੍ਰੋਗਰਾਮ ਸਿਰਫ਼ ਗ਼ੈਰ-ਫ਼ੌਜੀ ਮਕਸਦਾਂ ਲਈ ਹੈ।

# ਭਾਰਤ ਦੀ ਮੇਜਰ ਅਭਿਲਾਸ਼ਾ ਬਰਾਕ ਨੂੰ ਯੂ.ਐੱਨ. ਦਾ ਪੁਰਸਕਾਰ ਮਿਲੇਗਾ

**ਸੰਯੁਕਤ ਰਾਸ਼ਟਰ:** ਲੈਬਨਾਨ 'ਚ ਸੰਯੁਕਤ ਰਾਸ਼ਟਰ (ਯੂ ਐੱਨ) ਮਿਸ਼ਨ ਨਾਲ ਜੁੜੀ ਹੋਈ ਭਾਰਤੀ ਸ਼ਾਂਤੀ ਸੈਨਿਕ ਮੇਜਰ ਅਭਿਲਾਸ਼ਾ ਬਰਾਕ ਨੂੰ ਆਲਮੀ ਸੰਸਥਾ ਵੱਲੋਂ 2025 ਦੇ ਵੱਕਾਰੀ 'ਯੂਨਾਈਟਿਡ ਨੇਸ਼ਨਜ਼ ਮਿਲਟਰੀ ਜੈਂਡਰ ਐਡਵੋਕੇਟ ਆਫ਼ ਦਿ ਯੀਅਰ ਐਵਾਰਡ' ਨਾਲ ਸਨਮਾਨਿਤ ਕੀਤਾ ਜਾਵੇਗਾ। ਪੱਛਮੀ ਏਸ਼ਿਆਈ ਮੁਲਕ 'ਚ ਤਾਇਨਾਤੀ ਦੌਰਾਨ ਔਰਤਾਂ ਅਤੇ ਲੜਕੀਆਂ ਨਾਲ ਕੀਤੇ ਸੰਪਰਕ ਲਈ ਬਰਾਕ ਨੂੰ ਇਹ ਪੁਰਸਕਾਰ ਦਿੱਤਾ ਜਾਵੇਗਾ। ਸੰਯੁਕਤ ਰਾਸ਼ਟਰ 'ਚ ਭਾਰਤ ਦੇ ਸਥਾਈ ਮਿਸ਼ਨ ਨੇ ਸ਼ੁੱਕਰਵਾਰ ਨੂੰ 'ਐਕਸ' ਉੱਤੇ ਇਸ ਸਬੰਧੀ ਜਾਣਕਾਰੀ ਸਾਂਝੀ ਕੀਤੀ।




ਬਰਾਕ ਸੰਯੁਕਤ ਰਾਸ਼ਟਰ ਅੰਤਰਿਮ ਬਲ ਲੈਬਨਾਨ 'ਚ ਮਹਿਲਾ ਭਾਗੀਦਾਰ ਟੀਮ ਦੀ ਕਮਾਂਡਰ ਵਜੋਂ ਭਾਰਤੀ ਬਟਾਲੀਅਨ 'ਚ ਤਾਇਨਾਤ ਹਨ। ਉਹ ਭਾਰਤੀ ਫ਼ੌਜ ਦੀ ਪਹਿਲੀ ਮਹਿਲਾ ਲੜਾਕੂ ਹੈਲੀਕਾਪਟਰ ਪਾਇਲਟ ਵੀ ਹਨ। ਭਾਰਤ ਲਈ ਇਹ ਮਾਣ ਦਾ ਪਲ ਹੈ ਕਿਉਂਕਿ ਬਰਾਕ ਦੇਸ਼ ਦੀ ਤੀਜੀ ਮਹਿਲਾ ਹੈ, ਜਿਨ੍ਹਾਂ ਨੂੰ ਲਿੰਗ ਬਰਾਬਰੀ ਦੇ ਸਬੰਧ 'ਚ ਉਨ੍ਹਾਂ ਵੱਲੋਂ ਕੀਤੇ ਗਏ ਕੰਮਾਂ ਲਈ ਇਹ ਪੁਰਸਕਾਰ ਦਿੱਤਾ ਜਾਵੇਗਾ।

# ਟਰੰਪ ਮੋਦੀ ਦੇ ਵੱਡੇ ਪ੍ਰਸ਼ੰਸਕ: ਰੂਬੀਓ

**ਨਵੀਂ ਦਿੱਲੀ:** ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਅਮਰੀਕਾ 'ਚ ਭਾਰਤ ਵਿਰੋਧੀ ਬਿਆਨਬਾਜ਼ੀ ਵਧਣ ਦੇ ਦੋਸ਼ਾਂ ਨੂੰ ਖਾਰਜ ਕਰਦੇ ਨਜ਼ਰ ਆਏ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਭਾਰਤ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਹੁਤ ਵੱਡੇ ਪ੍ਰਸ਼ੰਸਕ ਹਨ। ਰੂਬੀਓ ਦੀਆਂ ਇਹ ਟਿੱਪਣੀਆਂ ਅਜਿਹੇ ਸਮੇਂ ਆਈਆਂ ਜਦੋਂ ਐਤਵਾਰ ਨੂੰ ਇਕ ਪੱਤਰਕਾਰ ਦੇ ਸਵਾਲ ਦੇ ਜਵਾਬ ਦਾ ਉਨ੍ਹਾਂ ਦਾ ਵੀਡੀਓ ਵਾਇਰਲ ਹੋਣ ਬਾਅਦ ਵੱਡਾ ਵਿਵਾਦ ਖੜ੍ਹਾ ਹੋ ਗਿਆ। ਸੀ। ਰੂਬੀਓ ਨੇ ਕਿਸੇ ਵੀ ਤਰਾਂ ਦੀ ਯੋਜਨਾਬੱਧ ਦੁਸ਼ਮਣੀ ਦੀ ਗੱਲ ਨੂੰ ਸਿਰੇ ਤੋਂ ਖਾਰਜ ਕੀਤਾ ਅਤੇ ਭਾਰਤ ਪ੍ਰਤੀ ਅਮਰੀਕੀ ਪ੍ਰਸ਼ਾਸਨ ਦੀ ਪ੍ਰਤੀਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਭਾਰਤ ਦੇ ਬਹੁਤ ਵੱਡੇ ਪ੍ਰਸ਼ੰਸਕ ਹਨ, ਪ੍ਰਧਾਨ ਮੰਤਰੀ ਮੋਦੀ ਦੇ ਬਹੁਤ ਵੱਡੇ ਪ੍ਰਸ਼ੰਸਕ ਹਨ। ਜੇਕਰ -ਰਾਸ਼ਟਰਪਤੀ ਨਾ ਚਾਹੁੰਦੇ ਤਾਂ ਉਹ ਇਥੇ ਨਹੀਂ ਆਉਂਦੇ। ਉਹ ਸਰਜੀਓ ਗੋਰ ਵਰਗੇ ਕਿਸੇ ਵਿਅਕਤੀ ਨੂੰ ਰਾਜਦੂਤ ਬਣਾ ਕੇ ਨਹੀਂ ਭੇਜਦੇ, ਜੋ ਰਾਸ਼ਟਰਪਤੀ ਦੇ ਬੇਹੱਦ ਨੇੜੇ ਹਨ।



# ਮਹਾਰਾਣੀ ਐਲਿਜ਼ਾਬੈੱਥ ਦਾ ਜ਼ਰਦੋਜ਼ੀ ਗਾਊਨ ਬਣਿਆ ਖਿੱਚ ਦਾ ਕੇਂਦਰ

## ਸਭ ਤੋਂ ਵੱਡੀਆਂ ਸ਼ਾਹੀ ਨੁਮਾਇਸ਼ਾਂ 'ਚੋਂ ਇੱਕ ਵਿਚ ਪ੍ਰਦਰਸ਼ਿਤ ਕੀਮਤੀ ਫੈਸ਼ਨ ਪਹਿਰਾਵਿਆਂ 'ਚ ਸ਼ਾਮਲ ਹੈ ਗਾਊਨ

**ਲੰਡਨ:** ਭਾਰਤ ਦੇ ਕੌਮੀ ਫੁੱਲ ਕਮਲ ਨੂੰ ਦਰਸਾਉਂਦੀ ਜ਼ਰਦੋਜ਼ੀ ਦੀ ਕਢਾਈ ਵਾਲਾ ਈਵਨਿੰਗ ਗਾਊਨ, ਬਰਤਾਨੀਆ ਦੀ ਸਵਰਗੀ ਮਹਾਰਾਣੀ ਐਲਿਜ਼ਾਬੈੱਥ ਦੋਇਮ ਦੀ ਯਾਦ ਵਿੱਚ ਬਰਤਾਨੀਆ ਦੀਆਂ ਸਭ ਤੋਂ ਵੱਡੀਆਂ ਸ਼ਾਹੀ ਪ੍ਰਦਰਸ਼ਨੀਆਂ ਵਿੱਚੋਂ ਇੱਕ ਵਿਚ ਪ੍ਰਦਰਸ਼ਿਤ ਕੀਤੇ ਗਏ ਕੀਮਤੀ ਫੈਸ਼ਨ ਪਹਿਰਾਵਿਆਂ 'ਚ ਸ਼ਾਮਲ ਹੈ।

ਇਸ ਗਾਊਨ ਨੂੰ ਮਹਾਰਾਣੀ ਦੇ ਦਰਜ਼ੀ ਨੌਰਮਨ ਹਾਰਟਨੈੱਲ ਵੱਲੋਂ ਜਨਵਰੀ 1961 ਵਿਚ ਦਿੱਲੀ 'ਚ ਭਾਰਤ ਦੇ ਤਤਕਾਲੀ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸਾਦ ਵੱਲੋਂ ਦਿੱਤੇ ਗਏ ਸਰਕਾਰੀ ਰਾਤਰੀ ਭੋਜ ਲਈ ਤਿਆਰ ਕੀਤਾ ਗਿਆ ਸੀ। ਇਹ ਗਾਊਨ 'ਕੁਈਨ ਐਲਿਜ਼ਾਬੈੱਥ 2: ਹਰ ਲਾਈਫ ਇਨ ਸਟਾਈਲ' ਨੁਮਾਇਸ਼ ਦੇ ਕੂਟਨੀਤਕ ਪਹਿਰਾਵੇ ਦੇ ਹਿੱਸੇ ਦਾ ਮੁੱਖ ਕੇਂਦਰ ਹੈ।ਬਰਤਾਨੀਆ 'ਤੇ ਸਭ ਤੋਂ ਲੰਬੇ ਸਮੇਂ ਤੱਕ ਰਾਜ ਕਰਨ ਵਾਲੀ ਮਹਾਰਾਣੀ ਅਤੇ ਮੌਜੂਦਾ ਸਮਰਾਟ ਚਾਰਲਸ ਤੀਜੇ ਦੀ ਮਾਤਾ ਦੇ ਜਨਮ ਸ਼ਤਾਬਦੀ ਵਰ੍ਹੇ ਮੌਕੇ ਇਹ ਨੁਮਾਇਸ਼ ਹਾਲ ਹੀ ਵਿੱਚ ਲੰਡਨ ਦੇ ਬਕਿੰਘਮ ਪੈਲੇਸ ਦੀ 'ਕਿੰਗਜ਼ ਗੈਲਰੀ' ਵਿਚ ਆਮ ਲੋਕਾਂ ਲਈ ਖੋਲ੍ਹੀ ਗਈ ਹੈ।

ਪ੍ਰਬੰਧਕਾਂ ਦੇ ਨੋਟ ਵਿਚ ਲਿਖਿਆ ਹੈ, "ਦਿੱਲੀ ਵਿੱਚ ਮਹਾਰਾਣੀ ਦੇ ਸਨਮਾਨ 'ਚ ਦਿੱਤੇ ਗਏ ਸਰਕਾਰੀ ਰਾਤਰੀ ਭੋਜ ਲਈ, ਭਾਰਤ ਦੇ ਕੌਮੀ ਫੁੱਲ ਕਮਲ ਦੇ ਰੂਪ ਵਿੱਚ ਜ਼ਰਦੋਜ਼ੀ-ਸ਼ੈਲੀ ਦੀ ਸਜਾਵਟ ਵਾਲਾ ਹਾਰਟਨੈੱਲ ਗਾਊਨ ਬਹੁਤ ਹੀ ਢੁਕਵਾਂ ਸੀ।"





ਰੇਸ਼ਮੀ ਕੱਪੜੇ ਦੇ ਬਣੇ ਇਸ ਗਾਊਨ ਨੂੰ ਲੇਸ, ਮੋਤੀਆਂ, ਕ੍ਰਿਸਟਲ ਅਤੇ .ਸਿਤਾਰਿਆਂ ਨਾਲ ਸਜਾਇਆ ਗਿਆ। ਹੈ। ਸ਼ੁਰੂਆਤ ਵਿਚ ਇਸ 'ਚ ਮਹਾਰਾਣੀ ਦੇ ਮੋਢਿਆਂ ਤੋਂ ਹੇਠਾਂ ਡਿੱਗਦਾ ਹੋਇਆ ਇੱਕ ਲੰਬਾ ਕੱਪੜਾ ਸੀ, ਜਿਸ ਨੂੰ ਬਾਅਦ ਵਿੱਚ ਹਟਾ ਦਿੱਤਾ ਗਿਆ, ਤਾਂ ਕਿ ਇਸ ਪਹਿਰਾਵੇ ਨੂੰ ਇੱਕ ਛੋਟੀ ਬੋਲੈਰੋ ਜੈਕਟ ਦੇ ਨਾਲ ਦੁਬਾਰਾ ਵਰਤੋਂ ਯੋਗ ਬਣਾਇਆ ਜਾ ਸਕੇ। ਇਸੇ ਤਰ੍ਹਾਂ 1961 ਦੇ ਰਾਸ਼ਟਰਮੰਡਲ ਦੌਰੇ ਦਾ ਇੱਕ ਹੋਰ ਗਾਊਨ, ਜੋ ਹਾਰਟਨੈੱਲ ਵੱਲੋਂ ਕਰਾਚੀ ਵਿੱਚ ਇੱਕ ਸ਼ਾਹੀ ਦਾਅਵਤ ਲਈ ਤਿਆਰ ਕੀਤਾ ਗਿਆ ਸੀ। ਇਸ ਵਿੱਚ ਪਾਕਿਸਤਾਨ ਦੇ ਕੌਮੀ ਰੰਗਾਂ ਨੂੰ ਸ਼ਾਮਲ ਕੀਤਾ ਗਿਆ ਹੈ।

# ਤੁਲਸੀ ਗਬਾਰਡ ਵੱਲੋਂ ਕੌਮੀ ਇੰਟੈਲੀਜੈਂਸ ਡਾਇਰੈਕਟਰ ਵਜੋਂ ਅਸਤੀਫ਼ਾ

## ਕੈਂਸਰ ਨਾਲ ਲੜ ਰਹੇ ਪਤੀ ਦੀ ਨਾਸਾਜ਼ ਸਿਹਤ ਦਾ ਹਵਾਲਾ ਦਿੱਤਾ

**ਵਾਸ਼ਿੰਗਟਨ:** ਤੁਲਸੀ ਗਬਾਰਡ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਕੌਮੀ ਇੰਟੈਲੀਜੈਂਸ ਡਾਇਰੈਕਟਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਗਬਾਰਡ ਨੇ ਇਸ ਪੇਸ਼ਕਦਮੀ ਲਈ ਆਪਣੇ ਪਤੀ ਦੀ ਨਾਸਾਜ਼ ਸਿਹਤ ਦਾ ਹਵਾਲਾ ਦਿੱਤਾ ਹੈ, ਜੋ ਕੈਂਸਰ ਨਾਲ ਜੂਝ ਰਹੇ ਹਨ। ਉਹ ਚੌਥੀ ਕੈਬਨਿਟ ਅਧਿਕਾਰੀ ਹੈ, ਜਿਸ ਨੇ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ . ਅਹੁਦਾ ਛੱਡਿਆ ਹੈ।

ਗਬਾਰਡ ਨੇ ਸੋਸ਼ਲ ਮੀਡੀਆ ਉੱਤੇ ਪੋਸਟ ਕੀਤੇ ਆਪਣੇ ਅਸਤੀਫ਼ੇ ਵਿੱਚ ਟਰੰਪ ਨੂੰ ਦੱਸਿਆ ਕਿ ਉਹ 30 ਜੂਨ ਨੂੰ ਅਹੁਦਾ ਛੱਡ ਦੇਵੇਗੀ। ਉਸ ਨੇ ਕਿਹਾ ਕਿ ਉਹਦੇ ਪਤੀ ਨੂੰ ਹਾਲ ਹੀ ਵਿੱਚ ਬੋਨ' ਕੈਂਸਰ (ਹੱਡੀਆਂ ਦਾ ਕੈਂਸਰ) ਹੋਣ ਦਾ 'ਪਤਾ ਲੱਗਾ ਹੈ, ਜਿਸ ਕਰ ਕੇ ਉਸ ਨੂੰ ਆਉਂਦੇ ਹਫ਼ਤਿਆਂ ਤੇ ਮਹੀਨਿਆਂ 'ਚ



ਅਹਿਮ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਸ ਨੇ ਕਿਹਾ, ''ਇਸ ਮੁਸ਼ਕਲ ਘੜੀ ਵਿੱਚ ਮੈਨੂੰ ਆਪਣਾ ਅਹੁਦਾ ਛੱਡ ਕੇ ਉਨ੍ਹਾਂ (ਆਪਣੇ ਪਤੀ) ਦੇ ਨਾਲ ਹੋਣਾ ਚਾਹੀਦਾ ਹੈ ਤੇ ਇਸ ਲੜਾਈ ਵਿੱਚ ਉਨ੍ਹਾਂ ਦਾ ਸਾਥ ਦੇਣਾ ਚਾਹੀਦਾ ਹੈ।''

ਉੱਧਰ ਟਰੰਪ ਨੇ ਆਪਣੀ ਸੋਸ਼ਲ ਮੀਡੀਆ ਪੋਸਟ ਵਿੱਚ ਲਿਖਿਆ, ''ਤੁਲਸੀ ਨੇ ਸ਼ਾਨਦਾਰ ਕੰਮ ਕੀਤਾ ਹੈ ਤੇ ਅਸੀਂ ਉਸ ਦੀ ਕਮੀ ਮਹਿਸੂਸ ਕਰਾਂਗੇ।'' ਗਬਾਰਡ ਦੀ ਥਾਂ ਹੁਣ ਆਰੋਨ ਲੁਕਾਸ ਕੌਮੀ ਇੰਟੈਲੀਜੈਂਸ ਦੇ ਕਾਰਜਕਾਰੀ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਉਣਗੇ।

# ਟਰੰਪ ਪ੍ਰਸ਼ਾਸਨ ਦੀ ਨਵੀਂ ਗਰੀਨ ਕਾਰਡ ਨੀਤੀ ਦੀ ਆਲੋਚਨਾ

## * ਅਮਰੀਕੀ ਕਾਨੂੰਨਸਾਜ਼ਾਂ ਤੇ ਇਮੀਗ੍ਰੇਸ਼ਨ ਕਾਰਕੁਨਾਂ ਨੇ ਸਰਕਾਰ ਨੂੰ ਘੇਰਿਆ
## * 9 ਵੱਖ-ਵੱਖ ਸਮੂਹ ਨੀਤੀ ਨੂੰ ਅਦਾਲਤ 'ਚ ਦੇਣਗੇ ਚੁਣੌਤੀ

**ਵਾਸ਼ਿੰਗਟਨ:** ਅਮਰੀਕੀ ਕਾਨੂੰਨਸਾਜ਼ਾਂ ਅਤੇ ਇਮੀਗ੍ਰੇਸ਼ਨ ਸਮਰਥਕਾਂ ਨੇ ਟਰੰਪ ਪ੍ਰਸ਼ਾਸਨ ਦੀ ਨਵੀਂ ਨੀਤੀ ਦੀ ਸਖ਼ਤ ਆਲੋਚਨਾ ਕੀਤੀ ਹੈ, ਜਿਸ ਵਿੱਚ ਗਰੀਨ ਕਾਰਡ ਦੇ ਇੱਛੁਕ ਬਿਨੈਕਾਰਾਂ ਲਈ ਉਨ੍ਹਾਂ ਦੇ ਪਿੱਤਰੀ ਦੇਸ਼ਾਂ ਤੋਂ ਅਰਜ਼ੀ ਦੇਣਾ ਲਾਜ਼ਮੀ ਕੀਤਾ ਗਿਆ ਹੈ। ਉਨ੍ਹਾਂ ਇਸ ਨੀਤੀ ਨੂੰ ਅਣਗਹਿਲੀ ਅਤੇ ਗਲਤ' ਦੱਸਿਆ ਹੈ। ਵੱਖ ਵੱਖ ਸਮੂਹ ਇਸ ਨਵੀਂ ਨੀਤੀ ਨੂੰ ਅਦਾਲਤ 'ਚ ਚੁਣੌਤੀ ਦੇਣਗੇ।




ਡੈਮੋਕਰੈਟਿਕ ਕਾਨੂੰਨਸਾਜ਼ਾਂ ਨੇ ਕਿਹਾ ਕਿ ਉਹ ਯੂ ਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ ਐੱਸ ਸੀ ਆਈ ਐੱਸ) ਦੇ 'ਨਿੰਦਣਯੋਗ' ਫ਼ੈਸਲੇ ਖ਼ਿਲਾਫ਼ ਲੜਨ ਲਈ ਹਰ ਸੰਭਵ ਰਾਹ ਅਪਣਾਉਣਗੇ ਅਤੇ ਇਸ ਨੂੰ ਵਾਪਸ ਲੈਣ ਲਈ ਦਬਾਅ ਪਾਉਣਗੇ। ਯੂ ਐੱਸ ਸੀ ਆਈ ਐੱਸ ਨੇ ਹਾਲਾਂਕਿ ਇਹ ਸਾਫ਼ ਨਹੀਂ ਕੀਤਾ ਕਿ ਉਪਰੋਕਤ ਨਵੀਂ ਨੀਤੀ ਤੋਂ ਕਿਹੜੇ ਸਮੂਹਾਂ ਨੂੰ ਛੋਟ ਦਿੱਤੀ ਜਾਵੇਗੀ; ਇਸ ਨੇ ਸਿਰਫ਼ ਇਹ ਸੰਕੇਤ ਦਿੱਤਾ ਕਿ ਇਹ ਨੀਤੀ ਪਨਾਹ ਮੰਗਣ ਵਾਲਿਆਂ 'ਤੇ ਲਾਗੂ ਨਹੀਂ ਹੋ ਸਕਦੀ। ਬਿਆਨ ਵਿਚ, ਯੂ ਐੱਸ ਸੀ ਆਈ ਐੱਸ ਦੇ ਬੁਲਾਰੇ ਜ਼ੈਕ ਕਾਹਲਰ ਨੇ ਕਿਹਾ ਕਿ ਜੋ ਲੋਕ 'ਆਰਥਿਕ ਲਾਭ ਮੁਹੱਈਆ ਕਰਦੇ ਹਨ। ਜਾਂ ਰਾਸ਼ਟਰੀ ਹਿੱਤ ਵਿੱਚ ਹਨ, ਉਹ ਸੰਭਾਵੀ ਤੌਰ 'ਤੇ ਆਪਣੇ ਮੌਜੂਦਾ ਰਸਤੇ 'ਤੇ ਚੱਲਦੇ ਰਹਿਣ ਦੇ ਯੋਗ ਹੋਣਗੇ।

ਉਂਜ, ਇਹ ਫ਼ੌਰੀ ਸਪੱਸ਼ਟ ਨਹੀਂ ਹੋਇਆ ਕਿ ਕੀ ਇਹ ਅਪਵਾਦ ਐੱਚ-1ਬੀ ਵੀਜ਼ਾ ਤੇ ਹੁਨਰਮੰਦ ਵਿਦੇਸ਼ੀ ਕਾਮਿਆਂ ਉਂਵ ਵਧਣਗੇ। ਤੱਤਕਾਲੀ ਰਾਸ਼ਟਰਪਤੀ ਜੋਅ ਬਾਇਡਨ ਦੇ ਸਾਬਕਾ ਵ੍ਹਾਈਟ ਹਾਊਸ ਸਲਾਹਕਾਰ ਅਤੇ ਟਰੰਪ ਪ੍ਰਸ਼ਾਸਨ ਦੀ ਨਵੀਂ ਗਰੀਨ ਕਾਰਡ ਪ੍ਰੋਸੈਸਿੰਗ ਨੀਤੀ ਬਾਰੇ ਇਮੀਗ੍ਰੇਸ਼ਨ ਵਕੀਲ ਅਜੈ ਭੁਟੋਰੀਆ ਨੇ ਪੀ ਟੀ ਆਈ ਵੀਡੀਓਜ਼ ਨੂੰ ਦੱਸਿਆ ਇਸ ਨਾਲ 12 ਲੱਖ ਭਾਰਤੀ ਅਮਰੀਕੀ ਅਤੇ ਉਨ੍ਹਾਂ ਦੇ ਪਰਿਵਾਰ ਬੇਯਕੀਨੀ ਵਿੱਚ ਘਿਰ ਗਏ ਹਨ ਜਦੋਂ ਕਿ ਉਨ੍ਹਾਂ ਹਰੇਕ ਕਾਨੂੰਨ ਦੀ ਪਾਲਣਾ ਕੀਤੀ, ਟੈਕਸ ਅਦਾ ਕੀਤਾ ਅਤੇ ਦਹਾਕਿਆਂ ਤੱਕ ਕਾਨੂੰਨੀ ਤੌਰ 'ਤੇ ਉਡੀਕ ਕੀਤੀ।'' ਉਨ੍ਹਾਂ ਕਿਹਾ ਕਿ ਵੱਖ ਵੱਖ ਸਮੂਹ ਇਸ ਨਵੀਂ ਨੀਤੀ ਨੂੰ ਅਦਾਲਤ 'ਚ ਚੁਣੌਤੀ ਦੇਣਗੇ।

# ਨਵੇਂ ਅਮਰੀਕੀ ਨੇਮਾਂ ਤਹਿਤ ਕੁਝ ਗ੍ਰੀਨ ਕਾਰਡ ਅਰਜ਼ੀਕਾਰਾਂ ਨੂੰ ਮਿਲੇਗੀ ਛੋਟ

**ਨਵੀਂ ਦਿੱਲੀ:** ਗ੍ਰੀਨ ਕਾਰਡਾਂ ਲਈ ਆਪਣੇ ਪਿੱਤਰੀ ਮੁਲਕਾਂ ਤੋਂ ਅਪਲਾਈ ਕਰਨ ਸਬੰਧੀ ਨਵਾਂ ਨੇਮ ਐਲਾਨੇ ਜਾਣ ਤੋਂ ਇਕ ਦਿਨ ਮਗਰੋਂ ਅਮਰੀਕਾ ਨੇ ਸਫ਼ਾਈ ਦਿੱਤੀ ਹੈ ਕਿ ਕੁਝ ਗ੍ਰੀਨ ਕਾਰਡ ਅਰਜ਼ੀਕਾਰਾਂ ਨੂੰ ਨਵੇਂ ਨੇਮ ਤਹਿਤ ਛੋਟ ਮਿਲੇਗੀ। ਟਰੰਪ ਸਰਕਾਰ ਦਾ ਇਹ ਸਪਸ਼ਟੀਕਰਨ ਅਮਰੀਕਾ ਵਿੱਚ ਕੰਮ ਕਰ ਰਹੇ ਲੱਖਾਂ ਭਾਰਤੀਆਂ ਲਈ ਚੰਗੀ ਖ਼ਬਰ ਹੈ, ਜੋ ਗ੍ਰੀਨ ਕਾਰਡ ਲਈ ਕਤਾਰ ਵਿੱਚ ਹਨ।




ਕਾਬਿਲੇਗੌਰ ਹੈ ਕਿ ਅਮਰੀਕਾ ਨੇ ਲੰਘੇ ਦਿਨੀਂ ਐਲਾਨ ਕੀਤਾ ਸੀ ਕਿ ਨਵੇਂ ਨਿਯਮ ਤਹਿਤ ਵਿਦੇਸ਼ੀ ਨਾਗਰਿਕਾਂ ਨੂੰ ਆਪੋ ਆਪਣੇ ਪਿੱਤਰੀ ਮੁਲਕਾਂ ਤੋਂ ਹੀ ਗ੍ਰੀਨ ਕਾਰਡ ਲਈ ਅਰਜ਼ੀ ਦੇਣੀ ਹੋਵੇਗੀ।

ਪੰਜਾਬ ਟਾਈਮਜ਼

30 ਮਈ, ਸ਼ਨਿਚਰਵਾਰ

# ਭਾਰਤ-ਅਮਰੀਕਾ ਸੰਬੰਧਾਂ ਦੀ ਤੰਦ

ਭਾਰਤ ਅਤੇ ਅਮਰੀਕਾ ਦੇ ਆਪਸੀ ਸੰਬੰਧਾਂ ਦੀ ਤੰਦ ਕਦੇ ਬਹੁਤ ਮਜ਼ਬੂਤ ਦਿਸਦੀ ਹੈ ਅਤੇ ਕਦੇ ਬੇਹੱਦ ਨਾਜ਼ੁਕ। ਅਮਰੀਕਾ ਅਤੇ ਇਜ਼ਰਾਈਲ ਵਲੋਂ ਈਰਾਨ ਨਾਲ ਛੇੜੀ ਗਈ ਜੰਗ, ਜਿਵੇਂ ਜਿਵੇਂ ਲਟਕਦੀ ਜਾ ਰਹੀ ਹੈ, ਤਿਵੇਂ ਤਿਵੇਂ ਵਿਸ਼ਵ ਅਰਥਚਾਰਾ ਕਮਜ਼ੋਰ ਹੁੰਦਾ ਦਿਸ ਰਿਹਾ ਹੈ। ਰਸੋਈ ਗੈਸ ਅਤੇ ਡੀਜ਼ਲ-ਪੈਟਰੋਲ ਦੀ ਕਿਲਤ ਮੂੰਹ ਅੱਡੀ ਖੜ੍ਹੀ ਨਜ਼ਰ ਆ ਰਹੀ ਹੈ। ਸਮਝੌਤੇ ਦੇ ਆਸਾਰ ਵਾਰ-ਵਾਰ ਆਸ ਦੀ ਕਿਰਨ ਜਗਾਉਂਦੇ ਹਨ। ਇਸ ਹਾਲਤ ਵਿਚ ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦਾ ਭਾਰਤ ਦੌਰਾ ਵਿਸ਼ੇਸ਼ ਮਹੱਤਵ ਰੱਖਦਾ ਹੈ।

ਵਿਦੇਸ਼ ਮੰਤਰੀ ਬਣਨ ਤੋਂ ਬਾਅਦ ਉਹ ਪਹਿਲੀ ਵਾਰ ਭਾਰਤ ਦੀ ਯਾਤਰਾ 'ਤੇ ਆਏ ਹਨ। ਪਿਛਲੇ ਕੁਝ ਸਾਲਾਂ ਤੋਂ ਅਮਰੀਕਾ ਅਤੇ ਭਾਰਤ ਦੇ ਸੰਬੰਧਾਂ ਵਿਚ ਖੜੋਤ ਆਈ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵਲੋਂ ਟੈਰਿਫ ਦੇ ਮਾਮਲੇ 'ਤੇ ਧਾਰਨ ਕੀਤੀ ਗਈ ਨੀਤੀ ਨਾਲ ਵੀ ਭਾਰਤ ਨਾਲ ਦੂਰੀਆਂ ਵਧੀਆਂ ਸਨ। ਦੋਹਾਂ ਦੇਸ਼ਾਂ ਵਿਚ ਹੋਣ ਵਾਲਾ ਵਪਾਰਕ ਸਮਝੌਤਾ ਵੀ ਕਾਫੀ ਚਿਰ ਤੋਂ ਅਟਕਿਆ ਹੋਇਆ ਹੈ। ਚਾਹੇ ਰਾਸ਼ਟਰਪਤੀ ਟਰੰਪ ਅਕਸਰ ਆਪਣੇ ਬਿਆਨਾਂ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਪ੍ਰਸ਼ੰਸਾ ਕਰਦੇ ਰਹੇ ਹਨ, ਪਰ ਇਸ ਦੇ ਬਾਵਜੂਦ ਦੋਹਾਂ ਦੇਸ਼ਾਂ ਦੇ ਰਿਸ਼ਤੇ ਪਹਿਲਾਂ ਵਰਗੇ ਨਹੀਂ ਹਨ। ਈਰਾਨ ਵਲੋਂ ਹੋਰਮੁਜ਼ ਜਲ ਮਾਰਗ ਰਾਹੀਂ ਜਹਾਜ਼ਾਂ ਦੀ ਆਵਾਜਾਈ ਰੋਕਣ ਨਾਲ ਤੇਲ ਦੇ ਮਾਮਲੇ ਵਿਚ ਭਾਰਤ ਨੂੰ ਵੱਡਾ ਘਾਟਾ ਪੈ ਰਿਹਾ ਹੈ। ਤੇਲ ਦੀਆਂ ਲਗਾਤਾਰ ਵਧਦੀਆਂ ਕੀਮਤਾਂ ਨੇ ਇਸ ਦੀ ਚਿੰਤਾ ਨੂੰ ਹੋਰ ਵੀ ਵਧਾ ਦਿੱਤਾ ਹੈ। ਅਮਰੀਕਾ ਵਲੋਂ ਈਰਾਨ ਨਾਲ ਆਪਣੀ ਲੜਾਈ ਵਿਚ ਪਾਕਿਸਤਾਨ ਤੋਂ ਵਿਚੋਲਗੀ ਕਰਵਾਉਣਾ ਤੇ ਉਸ ਦੀ ਪਿੱਠ ਥਾਪੜਨਾ ਵੀ ਭਾਰਤ ਨੂੰ ਰਾਸ ਨਹੀਂ ਸੀ ਆ ਰਿਹਾ ਪਰ ਵਿਚੋਲਗੀ ਕਰਨ ਦੀਆਂ ਕੋਸ਼ਿਸ਼ਾਂ ਬੇਸਿੱਟਾ ਰਹਿਣ ਕਾਰਨ ਪਾਕਿਸਤਾਨ ਦੀ ਸਥਿਤੀ ਵਿਗੜਦੀ ਜਾ ਰਹੀ ਹੈ। ਨਾ ਤਾਂ ਅਮਰੀਕਾ ਪਾਕਿ ਦੀ ਗੱਲ ਸੁਣ ਰਿਹਾ ਹੈ ਅਤੇ ਨਾ ਹੀ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਅਤੇ ਫ਼ੌਜ ਮੁਖੀ ਜਨਰਲ ਆਸਿਮ ਮੁਨੀਰ ਈਰਾਨ ਨੂੰ ਗੱਲਬਾਤ ਲਈ ਮਨਾਉਣ 'ਚ ਕਾਮਯਾਬ ਹੋਏ ਹਨ। ਹੁਣ, ਪਾਕਿ ਨੇ ਮਦਦ ਲਈ ਚੀਨ ਦਾ ਰੁਖ ਕੀਤਾ ਹੈ। ਚੀਨੀ ਸਰਕਾਰੀ ਟੈਲੀਵਿਜ਼ਨ ਅਨੁਸਾਰ ਬੀਜਿੰਗ ਪਹੁੰਚੇ ਸ਼ਾਹਬਾਜ਼ ਸ਼ਰੀਫ ਤੇ ਜਨਰਲ ਮੁਨੀਰ ਅਮਰੀਕਾ-ਈਰਾਨ ਜੰਗ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਨ ਲਈ ਚੀਨ ਦੇ ਪ੍ਰਧਾਨ ਮੰਤਰੀ ਲੀ ਕਿਆਂਗ ਅਤੇ ਹੋਰ ਅਧਿਕਾਰੀਆਂ ਨਾਲ ਮੁਲਾਕਾਤ ਕਰ ਰਹੇ ਹਨ। ਬੀਜਿੰਗ ਲਈ ਰਵਾਨਾ ਹੋਣ ਤੋਂ ਪਹਿਲਾਂ ਜਨਰਲ ਮੁਨੀਰ ਅਚਾਨਕ ਈਰਾਨ ਦੀ ਰਾਜਧਾਨੀ ਤਹਿਰਾਨ ਪਹੁੰਚੇ, ਉਨ੍ਹਾਂ ਦੇ ਨਾਲ ਪਾਕਿ ਦੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਵੀ ਸਨ। ਉਥੇ ਉਨ੍ਹਾਂ ਨੇ ਉਚ ਈਰਾਨੀ ਅਧਿਕਾਰੀਆਂ ਅਤੇ ਫ਼ੌਜੀ ਕਮਾਂਡਰਾਂ ਨਾਲ ਕਈ ਦੌਰ ਦੀਆਂ ਗੁਪਤ ਮੀਟਿੰਗਾਂ ਕੀਤੀਆਂ। ਰਿਪੋਰਟਾਂ ਅਨੁਸਾਰ ਇਸ ਦੌਰੇ ਦਾ ਉਦੇਸ਼ ਕਤਰ ਅਤੇ ਪਾਕਿਸਤਾਨ ਵਲੋਂ ਤਿਆਰ ਕੀਤੇ ਗਏ 30 ਦਿਨਾਂ ਦੇ ਜੰਗਬੰਦੀ 'ਤੇ ਤਹਿਰਾਨ ਦੇ ਸਮਝੌਤੇ ਨੂੰ ਸੁਰੱਖਿਅਤ ਕਰਨਾ ਸੀ। ਚੀਨ ਦੇ ਦੌਰੇ ਮੌਕੇ ਸ਼ਾਹਬਾਜ਼ ਸ਼ਰੀਫ ਅਤੇ ਲੀ ਕਿਆਂਗ ਨੇ ਬੀਜਿੰਗ 'ਚ ਅਰਥ-ਵਿਵਸਥਾ, ਵਾਤਾਵਰਨ, ਮੀਡੀਆ ਅਤੇ ਦਸਤਾਵੇਜ਼ੀ, ਖੇਤੀਬਾੜੀ ਅਤੇ ਖੁਰਾਕ ਸੁਰੱਖਿਆ ਸਮੇਤ 15 ਸਮਝੌਤਿਆਂ 'ਤੇ ਦਸਤਖਤ ਵੀ ਕੀਤੇ ਹਨ। ਇਸ ਸਾਰੀ ਸਥਿਤੀ ਨੂੰ ਭਾਰਤ ਅਤੇ ਅਮਰੀਕਾ ਬਹੁਤ ਬਰੀਕ ਨਜ਼ਰ ਨਾਲ ਵੇਖ ਰਹੇ ਹਨ। ਇਸ ਤਰ੍ਹਾਂ ਦੇ ਮਾਹੌਲ ਵਿਚ ਰੂਬੀਓ ਨੇ ਇਹ ਕਿਹਾ ਹੈ ਕਿ ਅਮਰੀਕਾ ਭਾਰਤ ਨੂੰ ਵੱਧ ਤੋਂ ਵੱਧ ਤੇਲ ਦੇਣ ਦਾ ਚਾਹਵਾਨ ਹੈ ਤਾਂ ਜੋ ਭਾਰਤ ਦੀ ਇਸ ਮਾਮਲੇ 'ਤੇ ਰੂਸ 'ਤੇ ਨਿਰਭਰਤਾ ਘਟਾਈ ਜਾ ਸਕੇ। ਉਸ ਨੇ ਤੇਲ ਦੇ ਨਾਲ-ਨਾਲ ਭਾਰਤ ਨੂੰ ਹਥਿਆਰ ਅਤੇ ਛੋਟੇ ਪ੍ਰਮਾਣੂ ਰਿਐਕਟਰ ਦੇਣ ਦੀ ਵੀ ਗੱਲ ਕੀਤੀ ਹੈ। ਅਮਰੀਕੀ ਰਾਸ਼ਟਰਪਤੀ ਨੇ ਵੀ ਪਿਛਲੇ ਦਿਨਾਂ ਵਿਚ ਭਾਵੇਂ ਚੀਨ ਨਾਲ ਆਪਣੇ ਦੇਸ਼ ਦੇ ਸੰਬੰਧਾਂ ਨੂੰ ਤਰਜੀਹ ਜ਼ਰੂਰ ਦਿੱਤੀ ਹੈ, ਪਰ ਇਸ ਦੇ ਨਾਲ-ਨਾਲ ਉਹ ਹਿੰਦ ਪ੍ਰਸ਼ਾਂਤ ਖੇਤਰ ਵਿਚ ਚੀਨ ਦੇ ਵਧਦੇ ਸੈਨਿਕ ਪ੍ਰਭਾਵ ਅਤੇ ਆਰਥਿਕ ਵਿਸਥਾਰਵਾਦੀ ਨੀਤੀਆਂ ਵਿਚ ਵੀ ਸੰਤੁਲਨ ਬਣਾਉਣਾ ਚਾਹੁੰਦਾ ਹੈ ਅਤੇ ਦੱਖਣੀ ਚੀਨ ਸਾਗਰ ਵਿਚ ਵੀ ਉਸ ਦੀ ਵਧਦੀ ਸ਼ਕਤੀ ਨੂੰ ਰੋਕਣਾ ਚਾਹੁੰਦਾ ਹੈ। ਇਸੇ ਲਈ ਰੂਬੀਓ ਦੀ ਭਾਰਤ ਯਾਤਰਾ ਦੌਰਾਨ ਹੋ ਰਹੀ ਕੁਆਡ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਮੀਟਿੰਗ ਦਾ ਵੀ ਵੱਡਾ ਮਹੱਤਵ ਨਜ਼ਰ ਆਉਂਦਾ ਹੈ। ਕੁਆਡ ਵਿਚ ਭਾਰਤ, ਜਪਾਨ, ਆਸਟ੍ਰੇਲੀਆ ਅਤੇ ਅਮਰੀਕਾ ਸ਼ਾਮਿਲ ਹਨ, ਜੋ ਸਾਂਝੀ ਰਣਨੀਤੀ ਰਾਹੀਂ ਇਸ ਖੇਤਰ ਵਿਚ ਵਧਦੇ ਚੀਨ ਦੇ ਪ੍ਰਭਾਵ ਨੂੰ ਰੋਕਣ ਲਈ ਕੰਮ ਕਰ ਰਹੇ ਹਨ। ਇਹ ਗੱਲ ਵੀ ਸਪੱਸ਼ਟ ਹੈ ਕਿ ਇਨ੍ਹਾਂ ਦਿਨਾਂ ਵਿਚ ਭਾਰਤ ਨੇ ਰੂਸ ਨਾਲ ਆਪਣੇ ਸੰਬੰਧਾਂ 'ਚ ਸੰਤੁਲਨ ਬਣਾਈ ਰੱਖਿਆ ਹੈ। ਈਰਾਨ ਦੇ ਨਾਲ-ਨਾਲ ਖਾੜੀ ਦੇ ਦੇਸ਼ਾਂ ਨਾਲ ਵੀ ਭਾਰਤ ਦਾ ਨਾਤਾ ਜੁੜਿਆ ਰਿਹਾ ਹੈ। ਖਾੜੀ ਦੇਸ਼ਾਂ ਵਿਚ ਭਾਰਤ ਦੇ ਲੱਖਾਂ ਹੀ ਕਾਮੇ ਕੰਮ ਕਰ ਰਹੇ ਹਨ। ਇਸੇ ਹੀ ਸਮੇਂ ਵਿਚ ਭਾਰਤ ਨੂੰ ਵੀ ਪਾਕਿਸਤਾਨ ਅਤੇ ਚੀਨ ਤੋਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਇਸ ਦੇ ਬਾਵਜੂਦ ਦੁਨੀਆ ਦੇ ਵੱਡੇ ਵਿਕਸਿਤ ਦੇਸ਼ਾਂ ਨਾਲ ਆਪਣੇ ਵਪਾਰਕ ਸਹਿਯੋਗ ਵਿਚ ਸੰਤੁਲਨ ਬਣਾਈ ਰੱਖਣਾ ਭਾਰਤ ਦੀ ਵਿਦੇਸ਼ ਨੀਤੀ ਦੀ ਸਫਲਤਾ ਹੀ ਮੰਨਿਆ ਜਾ ਸਕਦਾ ਹੈ। ਰੂਬੀਓ ਦਾ ਇਹ ਦੌਰਾ ਦੋਹਾਂ ਦੇਸ਼ਾਂ ਵਿਚ ਵਧੀਆਂ ਦੂਰੀਆਂ ਨੂੰ ਘਟਾਉਣ ਵਿਚ ਕਿੰਨਾ ਕੁ ਸਹਾਈ ਹੋ ਸਕੇਗਾ, ਇਹ ਵੇਖਣ ਵਾਲੀ ਗੱਲ ਹੋਵੇਗੀ ਪਰ ਰੂਬੀਓ ਨੇ ਕਿਹਾ ਹੈ, 'ਰਾਸ਼ਟਰਪਤੀ ਡੋਨਲਡ ਟਰੰਪ ਭਾਰਤ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਹੁਤ ਵੱਡੇ ਪ੍ਰਸ਼ੰਸਕ ਹਨ'। ਰੂਬੀਓ ਨੇ ਭਾਰਤ ਅਤੇ ਅਮਰੀਕਾ ਵਿਚਕਾਰ ਕਿਸੇ ਵੀ ਤਰ੍ਹਾਂ ਦੀ ਯੋਜਨਾਬੱਧ ਦੁਸ਼ਮਣੀ ਦੀ ਗੱਲ ਨੂੰ ਸਿਰੇ ਤੋਂ ਖ਼ਾਰਜ ਕੀਤਾ ਹੈ ਅਤੇ ਭਾਰਤ ਪ੍ਰਤੀ ਅਮਰੀਕੀ ਪ੍ਰਸ਼ਾਸਨ ਦੀ ਪ੍ਰਤੀਬੱਧਤਾ ਨੂੰ ਦੁਹਰਾਇਆ ਹੈ। ਉਨ੍ਹਾਂ ਇਹ ਵੀ ਕਿਹਾ, 'ਜੇਕਰ ਰਾਸ਼ਟਰਪਤੀ ਨਾ ਚਾਹੁੰਦੇ ਤਾਂ ਉਹ ਇਥੇ ਨਾ ਆਉਂਦੇ। ਉਹ ਸਰਜੀਓ ਗੋਰ ਵਰਗੇ ਕਿਸੇ ਵਿਅਕਤੀ ਨੂੰ ਰਾਜਦੂਤ ਬਣਾ ਕੇ ਨਾ ਭੇਜਦੇ, ਜੋ ਰਾਸ਼ਟਰਪਤੀ ਦੇ ਬੇਹੱਦ ਨੇੜੇ ਹਨ।'

ਇਸ ਕਰਕੇ ਇਹ ਗੱਲ ਸਪੱਸ਼ਟ ਨਜ਼ਰ ਆ ਰਹੀ ਹੈ ਕਿ ਕੌਮਾਂਤਰੀ ਮੰਚ 'ਤੇ ਭਾਰਤ ਦੇ ਪ੍ਰਭਾਵ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਇਸ ਨੂੰ ਭਾਰਤ-ਅਮਰੀਕਾ ਸੰਬੰਧਾਂ ਦਾ ਨਵਾਂ ਵਿਸਥਾਰ ਕਿਹਾ ਜਾ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਐਸ.ਆਈ.ਆਰ ਹੋਸ਼ਿਆਰ!

ਵਕਤ ਸਿਰ ਜੋ 'ਹੱਲ' ਕੋਈ ਸੋਚਦੇ ਨਾ, ਕਹਿੰਦੇ ਕਰੂ ਗਾ ਭਲੀ ਕਰਤਾਰ ਪਿੱਛੋਂ।
'ਲਾਠੀ ਹੱਥ' ਜਿਹਦੇ ਮੱਝ ਉਸੇ ਦੀ ਹੀ, ਬਦਲੇ ਤੱਥ ਜੇ ਪਵੇ 'ਲਲਕਾਰ' ਪਿੱਛੋਂ।
ਇੱਕ ਇੱਕ ਵੋਟ 'ਤੇ ਅੱਖ ਜੇ ਰੱਖਦੇ ਐ, ਬਣੇ ਉਨ੍ਹਾਂ ਦੀ ਯਾਰੋ 'ਸਰਕਾਰ' ਪਿੱਛੋਂ।
ਚਿੜੀਆਂ ਚੁਗ ਹੀ ਲੈਣ ਜੇ 'ਖੇਤ ਸਾਰਾ', ਫਾਇਦਾ ਹੋਣਾ ਕੀ ਹੋਏ 'ਲਾਚਾਰ' ਪਿੱਛੋਂ।
ਪਹਿਲਾਂ ਕਲਮ ਦਾ ਕਾਜ 'ਸਰਤਾਜ' ਦੱਸੇ, ਕਰਿਆ ਜਾਂਦਾ ਐ 'ਖੰਡੇ ਦਾ ਵਾਰ' ਪਿੱਛੋਂ।
ਜ਼ੋਰਾਵਰਾਂ ਨੇ 'ਮਿਸ਼ਨ' ਜੋ ਮਿਥ ਲਿਆ ਏ, ਪੂਰਾ ਕਰਨਗੇ 'ਐਸ.ਆਈ.ਆਰ' ਪਿੱਛੋਂ!

# ਟਰੰਪ ਦੇ ਚੀਨ ਦੌਰੇ ਨੇ ਪੂਰਬੀ ਉਭਾਰ ਤੇ ਪੱਛਮੀ ਨਿਘਾਰ ਨੂੰ ਹੋਰ ਉਭਾਰਿਆ

ਡਾ. ਸਵਰਾਜ ਸਿੰਘ

ਟਰੰਪ ਦਾ ਚੀਨ ਦੌਰਾ ਇੱਕ ਬਹੁਤ ਇਤਿਹਾਸਕ ਤੇ ਮਹੱਤਵਪੂਰਨ ਘਟਨਾ ਹੈ, ਇਸ ਦੌਰੇ ਨੇ ਪੂਰਬ ਦੇ ਉਭਾਰ ਅਤੇ ਪੱਛਮ ਦੇ ਨਿਘਾਰ ਦੇ ਰੁਝਾਨ ਨੂੰ ਹੋਰ ਸਪੱਸ਼ਟ ਕੀਤਾ ਹੈ। ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਟਰੰਪ ਨੂੰ ਇਹ ਅਹਿਸਾਸ ਕਰਵਾਇਆ ਕਿ ਅਮਰੀਕਾ ਇੱਕ ਡਿਕਲਾਈਨਿੰਗ ਪਾਵਰ (ਨਿੱਘਰ ਰਹੀ ਸ਼ਕਤੀ) ਹੈ ਅਤੇ ਚੀਨ ਇੱਕ ਰਾਈਜ਼ਿੰਗ ਪਾਵਰ (ਉਭਰ ਰਹੀ ਸ਼ਕਤੀ) ਹੈ। ਟਰੰਪ ਦੇ ਵਤੀਰੇ ਤੋਂ ਇਹ ਸਾਫ਼ ਦਿਸ ਰਿਹਾ ਸੀ ਕਿ ਖੁਦ ਟਰੰਪ ਵੀ ਇਸ ਗੱਲ ਨਾਲ ਸਹਿਮਤ ਹਨ, ਜਿਸ ਢੰਗ ਨਾਲ ਟਰੰਪ ਨੇ ਸ਼ੀ ਜਿਨਪਿੰਗ ਨਾਲ ਹੱਥ ਮਿਲਾਇਆ, ਉਸ ਤੋਂ ਸੰਸਾਰ ਦੇ ਕਈ ਮਨੋਵਿਗਿਆਨੀਆਂ ਦਾ ਇਹ ਪ੍ਰਭਾਵ ਹੈ ਕਿ ਸ਼ੀ ਜਿਨਪਿੰਗ ਭਾਰੂ ਸਨ ਅਤੇ ਟਰੰਪ ਇਸ ਸਚਾਈ ਨੂੰ ਸਵੀਕਾਰ ਕਰ ਰਹੇ ਸਨ। ਸ਼ੀ ਜਿਨਪਿੰਗ ਨੇ ਆਪਣਾ ਹੱਥ ਉਪਰ ਰੱਖਿਆ। ਟਰੰਪ ਨੇ ਨਾ ਸਿਰਫ਼ ਆਪਣਾ ਹੱਥ ਥੱਲੇ ਰੱਖਿਆ ਸਗੋਂ ਦੂਜੇ ਹੱਥ ਨਾਲ ਵਾਰ-ਵਾਰ ਸ਼ੀ ਜਿਨਪਿੰਗ ਦੇ ਹੱਥ ਨੂੰ ਥਾਪੜਾ ਦਿੱਤਾ। ਇਹ ਗੱਲ ਹੋਰ ਵੀ ਸਪੱਸ਼ਟ ਹੋ ਗਈ ਜਦੋਂ ਇਸ ਦੌਰੇ ਤੋਂ ਥੋੜ੍ਹਾ ਸਮਾਂ ਬਾਅਦ ਹੀ ਰੂਸ ਦੇ ਰਾਸ਼ਟਰਪਤੀ ਪੂਤਿਨ ਦੇ ਆਪਣੇ ਚੀਨ ਦੌਰੇ ਸਮੇਂ ਸ਼ੀ ਜਿਨਪਿੰਗ ਤੇ ਪੂਤਿਨ ਨੇ ਹੱਥ ਮਿਲਾਇਆ। ਇਸ ਤੋਂ ਇਹ ਪ੍ਰਭਾਵ ਪੈਂਦਾ ਸੀ ਕਿ ਦੋਨੋਂ ਨੇਤਾ ਬਰਾਬਰ ਹਨ। ਸ਼ੀ ਜਿਨਪਿੰਗ ਨੇ ਟਰੰਪ ਦੇ ਸਵਾਗਤ ਵਿਚ ਜੋ ਸ਼ਬਦ ਕਹੇ ਉਹ ਬਹੁਤ ਸੰਜਮ ਅਤੇ ਉਪਰਾਮ (ਰੀਸਟਰੇਂਡ) ਵਿਚ ਰਹਿ ਕੇ ਢੁਕਵੇਂ (ਐਡੀਕੁਏਟ) ਸਨ। ਦੂਜੇ ਪਾਸੇ ਜੋ ਸ਼ਬਦ ਟਰੰਪ ਨੇ ਕਹੇ ਉਹ ਬਹੁਤ ਉਤਸ਼ਾਹ ਨਾਲ ਸ਼ੀ ਜਿਨਪਿੰਗ ਦੀ ਲਗਾਤਾਰ ਵਡਿਆਈ ਕਰਨ ਵਾਲੇ ਅਤੇ ਉਸ ਨਾਲ ਆਪਣੇ ਰਿਸ਼ਤੇ ਦੀ ਨੇੜਤਾ ਨੂੰ ਵਾਰ-ਵਾਰ ਦੁਹਰਾਉਣ ਵਾਲੇ ਸਨ। ਟਰੰਪ ਦੇ ਹੱਥ ਮਿਲਾਉਣ ਦੇ ਢੰਗ ਅਤੇ ਉਸ ਦੇ ਸ਼ਬਦਾਂ ਤੋਂ ਇਹ ਸਪੱਸ਼ਟ ਪ੍ਰਭਾਵ ਪੈਂਦਾ ਹੈ ਕਿ ਅਮਰੀਕਾ ਨੇ ਇਹ ਸਵੀਕਾਰ ਕਰ ਲਿਆ ਹੈ ਕਿ ਚੀਨ ਉਭਰ ਰਹੀ ਸ਼ਕਤੀ ਹੈ। ਜਦੋਂ ਕਿ ਅਮਰੀਕਾ ਦੀ ਸ਼ਕਤੀ ਅਤੇ ਰਸੂਖ ਘੱਟ ਰਹੇ ਹਨ। ਇਸ ਗੱਲ ਬਾਰੇ ਵਿਸ਼ਾਲ ਸਹਿਮਤੀ ਸੰਸਾਰ ਵਿਚ ਨਜ਼ਰ ਆ ਰਹੀ ਹੈ।

ਇਸ ਵਾਰ ਨਾ ਤਾਂ ਟਰੰਪ ਨੇ ਮਨੁੱਖੀ ਅਧਿਕਾਰਾਂ ਦੀ ਗੱਲ ਕੀਤੀ ਅਤੇ ਨਾ ਹੀ ਡੈਮੋਕਰੇਸੀ ਦੀ। ਪਹਿਲਾਂ ਕਈ ਵਾਰੀ ਅਮਰੀਕੀ ਨੇਤਾ ਅਤੇ ਕਈ ਹੋਰ ਪੱਛਮੀ ਨੇਤਾ ਸਿੱਧੇ ਜਾਂ ਅਸਿੱਧੇ ਢੰਗ ਨਾਲ ਇਨ੍ਹਾਂ ਬਾਰੇ ਗੱਲਬਾਤ ਕਰਦੇ ਹੁੰਦੇ ਸਨ। ਪ੍ਰੰਤੂ ਹੁਣ ਚੀਨ ਦਾ ਇਹ ਸਟੈਂਡ ਕਿ ਵੱਖ-ਵੱਖ ਦੇਸ਼ਾਂ ਦੇ ਵੱਖ-ਵੱਖ ਸਿਸਟਮ ਹਨ। ਇਸ ਲਈ ਪੱਛਮੀ ਮਾਪਦੰਡ ਸਾਰਿਆਂ 'ਤੇ ਲਾਗੂ ਨਹੀਂ ਹੁੰਦੇ। ਹੁਣ ਪੱਛਮੀ ਦੇਸ਼ਾਂ ਦੀ ਪਹਿਲ ਆਰਥਿਕਤਾ ਅਤੇ ਵਪਾਰ ਬਣ ਚੁੱਕੀ ਹੈ। ਦੂਜੀ ਗੱਲ ਇਹ ਹੈ ਕਿ ਪੱਛਮੀ ਦੇਸ਼ ਹੁਣ ਤੁਲਨਾਤਮਿਕ ਤੌਰ 'ਤੇ ਕਿੰਨੇ ਕਮਜ਼ੋਰ ਹੋ ਚੁੱਕੇ ਹਨ ਕਿ ਉਹ ਹੁਣ ਸਾਰੇ ਸੰਸਾਰ 'ਤੇ ਆਪਣੀਆਂ ਕਦਰਾਂ-ਕੀਮਤਾਂ ਅਤੇ ਆਪਣੇ ਮਾਪਦੰਡ ਠੋਸ ਨਹੀਂ ਸਕਦੇ। ਟਰੰਪ ਨੇ ਇਹ ਸਪੱਸ਼ਟ ਕੀਤਾ ਕਿ ਉਹ ਤਾਇਵਾਨ ਨੂੰ ਚੀਨ ਦਾ ਹਿੱਸਾ ਸਮਝਦੇ ਹਨ। ਉਸ ਨੇ ਤਾਇਵਾਨ ਨੂੰ ਚਿਤਾਵਨੀ ਦਿੱਤੀ ਕਿ ਉਹ ਆਪਣੇ-ਆਪ ਨੂੰ ਇੱਕ ਆਜ਼ਾਦ ਦੇਸ਼ ਹੋਣ ਦਾ ਐਲਾਨ ਨਾ ਕਰਨ। ਅਮਰੀਕਾ ਈਰਾਨ ਯੁੱਧ ਬਾਰੇ ਚੀਨ ਨੇ ਇਹ ਸਪੱਸ਼ਟ ਕੀਤਾ ਕਿ ਉਹ ਅਮਰੀਕਾ ਤੇ ਇਜ਼ਰਾਈਲ ਨੂੰ ਹਮਲਾਵਰ ਸਮਝਦਾ ਹੈ ਅਤੇ ਮਸਲੇ ਦਾ ਹੱਲ ਗੱਲਬਾਤ ਨਾਲ ਹੀ ਕਰਨ ਦੇ ਹੱਕ ਵਿਚ ਹੈ। ਇਸੇ ਤਰ੍ਹਾਂ ਉਸ ਨੇ ਰੂਸ ਯੂਕਰੇਨ ਯੁੱਧ ਦਾ ਹੱਲ ਵੀ ਗੱਲਬਾਤ ਦੁਆਰਾ ਹੀ ਕਰਨ ਦਾ ਸੁਝਾਅ ਦਿੱਤਾ। ਚੀਨ ਨੇ ਰੂਸ ਨਾਲ ਆਪਣੇ ਨੇੜਲੇ ਅਤੇ ਵਿਸ਼ੇਸ਼ ਸੰਬੰਧਾਂ ਦਾ ਖੁੱਲ੍ਹ ਕੇ ਦਾਅਵਾ ਕੀਤਾ ਅਤੇ ਅਮਰੀਕਾ ਨੂੰ ਇਹ ਸਪੱਸ਼ਟ ਕੀਤਾ ਕਿ ਉਹ ਰੂਸ ਤੋਂ ਤੇਲ, ਗੈਸ ਅਤੇ ਹੋਰ ਲੋੜੀਂਦਾ ਸਾਮਾਨ ਖਰੀਦਦਾ ਰਹੇਗਾ। ਅਮਰੀਕਾ ਚੀਨ ਨੂੰ 500 ਬੋਇੰਗ ਜੈਟ ਹਵਾਈ ਜਹਾਜ਼ ਵੇਚਣਾ ਚਾਹੁੰਦਾ ਸੀ ਪ੍ਰੰਤੂ ਚੀਨ ਨੇ ਹਾਲੇ 200 ਹਵਾਈ ਜਹਾਜ਼ ਖਰੀਦਣ ਦੀ ਹੀ ਹਾਮੀ ਭਰੀ ਹੈ। ਅਮਰੀਕਾ ਆਪਣੀ ਖੇਤੀਬਾੜੀ ਦੀਆਂ ਵਸਤਾਂ ਜਿਵੇਂ ਸੋਇਆਬੀਨ, ਕਣਕ, ਮੱਕੀ ਤੇ ਹੋਰ ਅਨਾਜ ਚੀਨ ਨੂੰ ਵੇਚਣਾ ਚਾਹੁੰਦਾ ਹੈ। ਚੀਨ ਇਹ ਖਰੀਦੇਗਾ ਪ੍ਰੰਤੂ ਚੀਨ ਨੇ ਇਹ ਸਪੱਸ਼ਟ ਕੀਤਾ ਕਿ ਉਹ ਇਨ੍ਹਾਂ ਲਈ ਸਿਰਫ਼ ਅਮਰੀਕਾ 'ਤੇ ਨਿਰਭਰ ਨਹੀਂ ਹੋਣਾ ਚਾਹੁੰਦਾ ਅਤੇ ਦੂਸਰੇ ਦੇਸ਼ਾਂ ਤੋਂ ਵੀ ਇਹ ਵਸਤਾਂ ਖਰੀਦਦਾ ਰਹੇਗਾ।



ਇਸ ਤਰ੍ਹਾਂ ਲੱਗ ਰਿਹਾ ਹੈ ਕਿ ਟਰੰਪ ਨੇ ਜਿਸ ਤਰ੍ਹਾਂ ਦਾ ਸਟੈਂਡ ਰੂਸ ਯੂਕਰੇਨ ਯੁੱਧ ਵਿਚ ਲਿਆ ਹੈ, ਉਸੇ ਤਰ੍ਹਾਂ ਦਾ ਸਟੈਂਡ ਉਹ ਚੀਨ ਅਤੇ ਤਾਇਵਾਨ ਦੇ ਮਸਲੇ ਤੋਂ ਲੈ ਸਕਦੇ ਹਨ। ਰੂਸ ਯੂਕਰੇਨ ਯੁੱਧ ਵਿਚ ਟਰੰਪ ਨੇ ਇਹ ਸਵੀਕਾਰ ਕਰ ਲਿਆ ਹੈ ਕਿ ਰੂਸ ਇਹ ਯੁੱਧ ਜਿੱਤ ਚੁੱਕਾ ਹੈ ਅਤੇ ਯੂਕਰੇਨ ਹਾਰ ਚੁੱਕਾ ਹੈ। ਉਹ ਯੂਕਰੇਨ ਨੂੰ ਇਹ ਸਲਾਹ ਦੇ ਰਿਹਾ ਹੈ ਕਿ ਯੂਕਰੇਨ ਦੇ ਜਿਹੜੇ ਇਲਾਕਿਆਂ 'ਤੇ ਰੂਸ ਦਾ ਕਬਜ਼ਾ ਹੋ ਚੁੱਕਾ ਹੈ, ਉਹ ਇਲਾਕੇ ਰੂਸ ਨੂੰ ਦੇ ਕੇ ਯੁੱਧ ਗੱਲਬਾਤ ਰਾਹੀਂ ਖਤਮ ਕਰੋ। ਪ੍ਰੰਤੂ ਯੂਰਪੀਨ ਯੂਨੀਅਨ ਸਮਝੌਤੇ ਦੇ ਰਾਹ ਵਿਚ ਮੁੱਖ ਅੜਿੱਕਾ ਹੈ, ਉਹ ਲਗਾਤਾਰ ਯੂਕਰੇਨ ਨੂੰ ਪੈਸਾ ਅਤੇ ਹਥਿਆਰ ਦੇ ਰਹੀ ਹੈ। ਭਾਵੇਂ ਕਿ ਉਸ ਨੂੰ ਇਹ ਵੀ ਪਤਾ ਹੈ ਕਿ ਯੂਕਰੇਨ ਵਿਚ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਫ਼ੈਲਿਆ ਹੋਇਆ ਹੈ ਅਤੇ ਜ਼ੈਲੇਂਸਕੀ ਦੇ ਸਾਥੀ ਨਾ ਸਿਰਫ਼ ਵੱਡੇ ਪੱਧਰ 'ਤੇ ਪੈਸੇ ਦਾ ਘਪਲਾ ਕਰ ਰਹੇ ਹਨ ਸਗੋਂ ਸਹਾਇਤਾ ਲਈ ਮਿਲੇ ਹਥਿਆਰ ਵੀ ਵੇਚ ਕੇ ਵੱਡੀਆਂ ਰਕਮਾਂ ਬਟੋਰ ਰਹੇ ਹਨ। ਯੂਰਪੀਨ ਯੂਨੀਅਨ ਇਹ ਸਭ ਕੁਝ ਦੇਖ ਕੇ ਅਣਡਿੱਠ ਕਰ ਰਹੀ ਹੈ ਕਿਉਂਕਿ ਉਸ ਨੂੰ ਖ਼ਤਰਾ ਹੈ ਕਿ ਰੂਸ ਯੂਕਰੇਨ ਵਿਚ ਜਿੱਤ ਤੋਂ ਬਾਅਦ ਉਥੇ ਨਹੀਂ ਰੁਕੇਗਾ ਅਤੇ ਬਾਕੀ ਦੇ ਯੂਰਪ 'ਤੇ ਵੀ ਕਬਜ਼ਾ ਕਰਨ ਦੀ ਕੋਸ਼ਿਸ਼ ਕਰੇਗਾ। ਜ਼ਾਹਰ ਹੈ ਕਿ ਟਰੰਪ ਇਸ ਗੱਲ ਨਾਲ ਸਹਿਮਤ ਨਹੀਂ ਹੈ। ਰੂਸ ਯੂਕਰੇਨ ਯੁੱਧ ਅਮਰੀਕਾ ਤੇ ਯੂਰਪੀਨ ਯੂਨੀਅਨ ਵਿਚ ਪਹਿਲਾਂ ਤੋਂ ਹੀ ਵੱਧ ਰਹੇ ਪਾੜੇ ਨੂੰ ਹੋਰ ਵਧਾ ਰਿਹਾ ਹੈ। ਚੀਨ ਅਤੇ ਤਾਇਵਾਨ ਦੇ ਮਸਲੇ ਵਿਚ ਨਾ ਸਿਰਫ਼ ਟਰੰਪ ਨੇ ਤਾਇਵਾਨ ਨੂੰ ਆਪਣੇ ਆਪ ਨੂੰ ਇੱਕ ਅਜ਼ਾਦ ਦੇਸ਼ ਐਲਾਨਣ ਤੋਂ ਰੋਕਿਆ ਹੈ ਸਗੋਂ ਅਮਰੀਕਾ ਅਤੇ ਤਾਇਵਾਨ ਵਿਚ ਹੋਏ ਸਮਝੌਤੇ, ਜਿਸ ਤਹਿਤ ਅਮਰੀਕਾ ਨੇ ਤਾਇਵਾਨ ਨੂੰ 14 ਅਰਬ (ਬਿਲੀਅਨ) ਡਾਲਰ ਦੇ ਹਥਿਆਰ ਦੇਣੇ ਸਨ, 'ਤੇ ਵੀ ਰੋਕ ਲਾ ਦਿੱਤੀ ਹੈ। ਜ਼ਾਹਰ ਹੈ ਕਿ ਜਿਸ ਤਰ੍ਹਾਂ ਟਰੰਪ ਯੂਕਰੇਨ ਨਾਲ ਆਪਣੇ ਰਿਸ਼ਤੇ ਨਾਲੋਂ ਰੂਸ ਨਾਲ ਆਪਣੇ ਰਿਸ਼ਤੇ ਨੂੰ ਜ਼ਿਆਦਾ ਅਹਿਮੀਅਤ ਦਿੰਦੇ ਹਨ। ਇਸੇ ਤਰ੍ਹਾਂ ਹੁਣ ਉਹ ਚੀਨ ਨਾਲ ਰਿਸ਼ਤੇ ਨੂੰ ਤਾਇਵਾਨ ਨਾਲ ਆਪਣੇ ਰਿਸ਼ਤੇ ਨੂੰ ਜ਼ਿਆਦਾ ਮਹੱਤਵਪੂਰਨ ਸਮਝਣ ਲੱਗ ਪਏ ਹਨ।

ਟਰੰਪ ਦੇ ਦੌਰੇ ਤੋਂ ਬਾਅਦ ਇਕਦਮ ਰੂਸ ਦੇ ਰਾਸ਼ਟਰਪਤੀ ਪੂਤਿਨ ਨੇ ਚੀਨ ਦਾ ਦੌਰਾ ਕੀਤਾ ਅਤੇ ਜਿਸ ਉਤਸ਼ਾਹ, ਨਿੱਘ ਅਤੇ ਨੇੜਤਾ ਨਾਲ ਚੀਨ ਵਿਚ ਪੂਤਿਨ ਦਾ ਸਵਾਗਤ ਹੋਇਆ, ਉਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਰੂਸ ਅਤੇ ਚੀਨ ਹੁਣ ਆਪਸੀ ਰਿਸ਼ਤੇ ਨੂੰ ਸਭ ਤੋਂ ਵੱਧ ਮਹੱਤਵਪੂਰਨ ਸਮਝਦੇ ਹਨ। ਟਰੰਪ ਦੇ ਚੀਨ ਦੇ ਦੌਰੇ ਅਤੇ ਸਮੁੱਚੇ ਤੌਰ 'ਤੇ ਸੰਸਾਰ ਵਿਚ ਵਾਪਰਨ ਵਾਲੀਆਂ ਘਟਨਾਵਾਂ ਤੋਂ ਇਹ ਪ੍ਰਭਾਵ ਪੈਂਦਾ ਹੈ ਕਿ ਜਿਵੇਂ ਅਮਰੀਕਾ ਇੱਕ ਵਿਸ਼ਵ ਮਹਾਂ ਸ਼ਕਤੀ ਤੋਂ ਖੇਤਰੀ ਸ਼ਕਤੀ ਬਣਨ ਜਾ ਰਿਹਾ ਹੈ। ਅਮਰੀਕਾ ਬਾਕੀ ਥਾਵਾਂ ਤੋਂ ਪਿੱਛੇ ਹਟ ਕੇ ਆਪਣੇ ਪਿਛਵਾੜੇ ਅਰਥਾਤ ਉੱਤਰੀ ਅਮਰੀਕਾ, ਦੱਖਣੀ ਅਮਰੀਕਾ ਤੇ ਲਾਤੀਨੀ ਅਮਰੀਕਾ 'ਤੇ ਹੀ ਆਪਣਾ ਪੂਰਾ ਕਬਜ਼ਾ ਬਣਾਏ ਰੱਖਣਾ ਚਾਹੁੰਦਾ ਹੈ। ਅਮਰੀਕਾ ਦੀ ਚੌਧਰ ਹੇਠ ਸਥਾਪਿਤ ਹੋਈ ਇੱਕ ਧਰੁਵੀ ਵਿਸ਼ਵ-ਵਿਵਸਥਾ ਹੁਣ ਬਹੁ ਧਰੁਵੀ ਵਿਸ਼ਵਵਿਵਸਥਾ ਵਿਚ ਬਦਲ ਰਹੀ ਹੈ। ਅਮਰੀਕਾ ਤੇ ਪੱਛਮੀ ਦੇਸ਼ਾਂ ਨੂੰ ਇਹ ਸਚਾਈ ਸਵੀਕਾਰ ਕਰਨੀ ਹੀ ਪਏਗੀ। ਸਤੰਬਰ ਵਿਚ ਨਵੀਂ ਦਿੱਲੀ ਵਿਚ ਹੋਣ ਵਾਲੇ ਬਰਿਕਸ ਦੇ ਸਿਖਰ ਸੰਮੇਲਨ ਵਿਚ ਰੂਸ ਦੇ ਰਾਸ਼ਟਰਪਤੀ ਪੂਤਿਨ ਅਤੇ ਚੀਨ ਦੇ ਪ੍ਰਧਾਨ ਸ਼ੀ ਜਿਨਪਿੰਗ ਹਿੱਸਾ ਲੈਣਗੇ। ਇਹ ਸੰਮੇਲਨ ਇੱਕ ਤਰ੍ਹਾਂ ਨਾਲ ਇਹ ਐਲਾਨ ਸਾਬਤ ਹੋਵੇਗਾ ਕਿ ਇੱਕ ਬਹੁ ਧਰਵੀ ਵਿਸ਼ਵਵਿਵਸਥਾ ਹੋਂਦ ਵਿਚ ਆ ਰਹੀ ਹੈ।

ਵੀਹਵੀਂ ਸਦੀ ਦੇ ਆਖਰੀ ਦਹਾਕੇ (ਅੱਜ ਤੋਂ 30-35 ਸਾਲ ਪਹਿਲਾਂ) ਮੇਰੀਆਂ ਇੱਕੀਵੀਂ ਸਦੀ ਬਾਰੇ ਕੀਤੀਆਂ ਕੁਝ ਭਵਿੱਖਬਾਣੀਆਂ ਸੱਚੀਆਂ ਸਾਬਤ ਹੋ ਰਹੀਆਂ ਲੱਗ ਰਹੀਆਂ ਹਨ। ਤਿੰਨ ਮੁੱਖ ਭਵਿੱਖਬਾਣੀਆਂ ਇਹ ਸਨ:

1. ਯੂਰਪ ਅਤੇ ਅਮਰੀਕਾ ਦੀ ਥਾਂ 'ਤੇ ਏਸ਼ੀਆ ਸੰਸਾਰ ਦਾ ਸਿਰਕੱਢ ਖਿੱਤਾ ਬਣ ਜਾਵੇਗਾ। ਇੱਕੀਵੀਂ ਸਦੀ ਏਸ਼ੀਆ ਦਾ ਯੁੱਗ (ਏਸ਼ੀਆਜ਼ ਸੈਂਚਰੀ) ਕਹਿਲਾਏਗੀ।
2. ਅਮਰੀਕਾ ਦੀ ਥਾਂ 'ਤੇ ਚੀਨ ਸੰਸਾਰ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਬਣ ਜਾਵੇਗਾ।
3. ਇਸਲਾਮ ਈਸਾਈ ਧਰਮ ਨੂੰ ਪਿੱਛੇ ਛੱਡ ਕੇ ਸੰਸਾਰ ਦਾ ਸਭ ਤੋਂ ਵੱਡਾ ਧਰਮ ਬਣ ਜਾਵੇਗਾ।

ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅੰਗਰੇਜ਼ੀ ਵਿਚ ਮਲਟੀਪੋਲਰ ਵਰਲਡ ਅਤੇ ਪੰਜਾਬੀ ਵਿਚ ਬਹੁ-ਧਰੁਵੀ ਸੰਸਾਰ, ਸ਼ਬਦਾਂ ਦੀ ਵਰਤੋਂ ਵੀ ਸਭ ਤੋਂ ਪਹਿਲਾਂ, ਮੈਂ ਆਪਣੀਆਂ ਲਿਖਤਾਂ ਵਿਚ ਕੀਤੀ।

# ਅਸਹਿਮਤੀ ਨੂੰ ਕੁਚਲਣ ਵਾਲੇ ਕਾਲੇ ਕਾਨੂੰਨ ਨੂੰ ਪੂਰੀ ਤਰ੍ਹਾਂ ਰੱਦ ਕਰਨਾ ਜ਼ਰੂਰੀ

ਅੱਜ-ਕੱਲ੍ਹ ਗੈਰਕਾਨੂੰਨੀ ਕਾਰਵਾਈਆਂ ਰੋਕੂ ਐਕਟ (ਯੂ.ਏ.ਪੀ.ਏ.) ਜ਼ਮਾਨਤ ਦੇ ਸਵਾਲ ਨੂੰ ਲੈ ਕੇ ਚਰਚਾ 'ਚ ਹੈ। ਸੰਕਟ ਦੀ ਵਜ੍ਹਾ ਸੁਪਰੀਮ ਕੋਰਟ ਦੇ ਬੈਂਚਾਂ ਦਰਮਿਆਨ ਉਭਰਿਆ ਮੱਤਭੇਦ ਹੈ। ਯੂ.ਏ.ਪੀ.ਏ. ਦੇ ਕੇਸਾਂ 'ਚ ਕਈ-ਕਈ ਸਾਲ ਦੀ ਨਿਆਂਇਕ ਹਿਰਾਸਤ ਤੋਂ ਬਾਅਦ ਜਦੋਂ ਜ਼ਮਾਨਤ ਲਈ ਹਾਈ ਕੋਰਟ ਜਾਂ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਜਾਂਦਾ ਹੈ ਤਾਂ ਜੱਜ ਸਾਹਿਬਾਨ ਅੱਗੇ ਨਿਆਂਸ਼ਾਸਤਰ ਅਨੁਸਾਰ ਮੁਲਜ਼ਮ ਦੇ ਜ਼ਮਾਨਤ ਦੇ ਹੱਕ ਨੂੰ ਸਵੀਕਾਰ ਕਰਨ ਜਾਂ ਸਟੇਟ ਦੀਆਂ ਏਜੰਸੀਆਂ ਵੱਲੋਂ ਰਾਜਸੀ ਮਨੋਰਥ ਨਾਲ ਜ਼ਮਾਨਤ ਨਾ ਦੇਣ ਲਈ ਪਾਏ ਜਾ ਰਹੇ ਦਬਾਅ ਅੱਗੇ ਝੁਕ ਜਾਣ ਵਿਚੋਂ ਇਕ ਦੀ ਚੋਣ ਕਰਨ ਦਾ ਸਵਾਲ ਖੜ੍ਹਾ ਹੋ ਜਾਂਦਾ ਹੈ। ਸਮੇਂ ਦੀ ਸਰਕਾਰ ਵੱਲੋਂ ਰਾਜਕੀ ਜਬਰ ਦੇ ਸੰਦ ਦੇ ਤੌਰ 'ਤੇ ਬਣਾਏ ਮਨਘੜਤ ਕੇਸਾਂ ਵਿਚ ਜੱਜ ਅਕਸਰ ਪੁਲਿਸ ਜਾਂ ਐੱਨ.ਆਈ.ਏ. ਦੇ ਦਬਾਅ ਹੇਠ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੰਦੇ ਹਨ ਅਤੇ ਸੰਵਿਧਾਨ ਦੇ

ਬੂਟਾ ਸਿੰਘ ਮਹਿਮੂਦਪੁਰ

ਆਰਟੀਕਲ 21 ਵਿਚ ਗਾਰੰਟੀ ਕੀਤੀ ਮਨੁੱਖੀ ਆਜ਼ਾਦੀ ਮਜ਼ਾਕ ਬਣ ਕੇ ਰਹਿ ਜਾਂਦੀ ਹੈ। ਭੀਮਾ-ਕੋਰੇਗਾਓਂ ਕੇਸ (2018), ਕਥਿਤ ਦਿੱਲੀ ਹਿੰਸਾ (2020) ਆਦਿ ਕੇਸਾਂ ਵਿਚ ਇਹੀ ਵਾਪਰ ਰਿਹਾ ਹੈ। ਦਿੱਲੀ ਹਿੰਸਾ ਕੇਸ ਵਿਚ ਹੁਣ ਸੁਪਰੀਮ ਕੋਰਟ ਦੇ ਬੈਂਚ ਨੇ ਯੂ.ਏ.ਪੀ.ਏ. ਦੇ ਤਹਿਤ ਜ਼ਮਾਨਤ ਦੇ ਮਾਪਦੰਡਾਂ 'ਤੇ ਮੁੜ ਵਿਚਾਰ ਕਰਨ ਦਾ ਸਵਾਲ ਉਠਾਇਆ ਹੈ।

ਜਾਂਚ ਏਜੰਸੀਆਂ ਕਿਸ ਤਰ੍ਹਾਂ ਦੇ ਝੂਠੇ ਕੇਸ ਬਣਾਉਂਦੀਆਂ ਹਨ, ਇਸ ਦੀ ਤਾਜ਼ਾ ਮਿਸਾਲ ਜੰਮੂ-ਕਸ਼ਮੀਰ ਦੇ ਸਈਅਦ ਇਫ਼ਤਿਖ਼ਾਰ ਅੰਦਰਾਬੀ ਦਾ ਕੇਸ ਹੈ ਜਿਸ ਨੂੰ ਜੂਨ 2020 ਤੋਂ ਲੈ ਕੇ ਯੂ.ਏ.ਪੀ.ਏ. ਅਤੇ ਐੱਨ.ਡੀ.ਪੀ.ਐੱਸ. (ਨਸ਼ੀਲੀਆਂ ਦਵਾਈਆਂ ਅਤੇ ਮਾਨਸਿਕ ਉਤੇਜਨਾ ਵਾਲੇ ਪਦਾਰਥ ਐਕਟ) ਦੇ ਤਹਿਤ ਦੋਸ਼ਾਂ ਵਿਚ ਤਕਰੀਬਨ ਛੇ ਸਾਲ ਜੇਲ੍ਹ ਵਿਚ ਰੱਖਿਆ ਗਿਆ। ਸੁਪਰੀਮ ਕੋਰਟ ਨੇ ਮੰਨਿਆ ਕਿ ਉਸ ਤੋਂ ਗ਼ੈਰਕਾਨੂੰਨੀ ਸਰਗਰਮੀ ਦੇ ਕੋਈ ਸਬੂਤ ਬਰਾਮਦ ਨਹੀਂ ਹੋਏ। ਪਰ ਜਾਂਚ ਏਜੰਸੀਆਂ ਹੁਕਮਰਾਨ ਧਿਰ ਦੀ ਇੱਛਾ ਅਨੁਸਾਰ ਅੰਦਰਾਬੀ ਨੂੰ ਬਿਨਾਂ ਜ਼ਮਾਨਤ ਛੇ ਸਾਲ ਜੇਲ੍ਹ ਵਿਚ ਸਾੜਨ ਵਿਚ ਸਫ਼ਲ ਰਹੀਆਂ। ਉਸਨੂੰ ਕੁਝ ਦਿਨ ਪਹਿਲਾਂ ਜ਼ਮਾਨਤ ਦਿੱਤੀ ਗਈ ਹੈ। ਇਸੇ ਤਰ੍ਹਾਂ ਭੀਮਾ-ਕੋਰੇਗਾਓਂ, ਦਿੱਲੀ ਹਿੰਸਾ ਅਤੇ ਹੋਰ ਬਹੁਤ ਸਾਰੇ ਝੂਠੇ ਕੇਸਾਂ ਵਿਚ ਫਸਾ ਕੇ ਹੱਕਾਂ ਦੇ ਕਾਰਕੁਨ ਹਨ ਜੋ ਬਿਨਾਂ ਜ਼ਮਾਨਤ ਕਈ-ਕਈ ਸਾਲ ਤੋਂ ਜੇਲ੍ਹਾਂ ਵਿਚ ਬੰਦ ਕੀਤੇ ਹੋਏ ਹਨ।

22 ਮਈ ਨੂੰ ਸੁਪਰੀਮ ਕੋਰਟ ਦੇ ਬੈਂਚ ਨੇ ਦਿੱਲੀ ਹਿੰਸਾ ਸਾਜ਼ਿਸ਼ ਕੇਸ ਦੇ ਮੁਲਜ਼ਮਾਂ ਅਬਦੁਲ ਖਾਲਿਦ ਸੈਫੀ ਅਤੇ ਤਸਲੀਮ ਅਹਿਮਦ ਨੂੰ ਛੇ ਮਹੀਨੇ ਦੀ ਅੰਤਰਿਮ ਜ਼ਮਾਨਤ ਦਿੱਤੀ। (ਇਸ ਤੋਂ ਕੁਝ ਦਿਨ ਪਹਿਲਾਂ ਹੀ ਸੁਪਰੀਮ ਕੋਰਟ ਦੇ ਇਕ ਹੋਰ ਬੈਂਚ ਵੱਲੋਂ 18 ਮਈ ਨੂੰ ਸਈਅਦ ਇਫ਼ਤਿਖ਼ਾਰ ਅੰਦਰਾਬੀ ਨੂੰ ਜ਼ਮਾਨਤ ਦਿੱਤੀ ਗਈ ਸੀ।) ਨਾਲ ਹੀ ਬੈਂਚ ਨੇ ਇੱਕ ਮਹੱਤਵਪੂਰਨ ਸੰਵਿਧਾਨਕ ਸਵਾਲ ਵੱਡੀ ਬੈਂਚ ਦੇ ਵਿਚਾਰਨ ਲਈ ਭੇਜ ਦਿੱਤਾ — ਕੀ ਲੰਮੀ ਕੈਦ ਅਤੇ ਮੁਕੱਦਮੇ ਵਿਚ ਦੇਰੀ ਯੂ.ਏ.ਪੀ.ਏ. ਦੀਆਂ ਕਠੋਰ ਜ਼ਮਾਨਤੀ ਵਿਵਸਥਾਵਾਂ ਦੇ ਵਿਰੁੱਧ ਨਿਰਣਾ ਦੇ ਸਕਦੀ ਹੈ?


ਮੀਡੀਆ ਰਿਪੋਰਟਾਂ ਦੱਸਦੀਆਂ ਹਨ ਕਿ ਅਜਿਹਾ ਕਰਦੇ ਹੋਏ ਅਦਾਲਤ ਨੇ ਸੁਪਰੀਮ ਕੋਰਟ ਦੇ ਉਸ ਫ਼ੈਸਲੇ ਦੇ ਕਈ ਪਹਿਲੂਆਂ 'ਤੇ 'ਗੰਭੀਰ ਇਤਰਾਜ਼' ਜ਼ਾਹਿਰ ਕੀਤੇ, ਜਿਸ ਦੇ ਤਹਿਤ ਉਮਰ ਖ਼ਾਲਿਦ ਅਤੇ ਸ਼ਰਜ਼ੀਲ ਇਮਾਮ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਇਹ ਦੋਵੇਂ ਕਾਰਕੁਨ 2020 ਤੋਂ ਜੇਲ੍ਹ ਵਿਚ ਬੰਦ ਹਨ।

ਯੂ.ਏ.ਪੀ.ਏ. ਕਾਂਗਰਸ ਦੀ ਯੂ.ਪੀ.ਏ. ਸਰਕਾਰ ਵੱਲੋਂ ਬਣਾਇਆ ਗਿਆ ਅਤੇ ਫਿਰ ਵਾਰੋ-ਵਾਰੀ ਕਾਂਗਰਸ ਤੇ ਭਾਜਪਾ ਦੋਹਾਂ ਸਰਕਾਰਾਂ ਵੱਲੋਂ ਸੋਧਾਂ ਕਰਕੇ ਇਸਨੂੰ ਬਦਨਾਮ ਟਾਡਾ ਅਤੇ ਪੋਟਾ ਤੋਂ ਵੀ ਜ਼ਿਆਦਾ ਕਰੂਰ ਕਾਨੂੰਨ ਦੇ ਰੂਪ 'ਚ ਵਿਕਸਤ ਕੀਤਾ ਗਿਆ। ਇਹ ਵਿਸ਼ੇਸ਼ ਜਾਬਰ ਕਾਨੂੰਨ ਸੰਵਿਧਾਨ ਵਿਚ ਦਰਜ ਨਾਗਰਿਕ ਹੱਕਾਂ ਦੀ ਮੂਲ ਧਾਰਨਾ ਦਾ ਹੀ ਨਿਖੇਧ ਹੋਣ ਕਾਰਨ ਜਮਹੂਰੀ ਹੱਕਾਂ ਤੇ ਸ਼ਹਿਰੀ ਆਜ਼ਾਦੀਆਂ ਦੀਆਂ ਜਥੇਬੰਦੀਆਂ ਅਤੇ ਜਮਹੂਰੀ ਚਿੰਤਕ ਸ਼ੁਰੂ ਤੋਂ ਹੀ ਇਸ ਦਾ ਵਿਰੋਧ ਕਰਦਿਆਂ ਇਸਨੂੰ ਰੱਦ ਕਰਨ ਦੀ ਮੰਗ ਕਰਦੇ ਆ ਰਹੇ ਹਨ। ਹੁਣ ਸਰਵਉੱਚ ਅਦਾਲਤ ਦੇ ਜੱਜਾਂ ਵਿਚ ਵੀ ਯੂ.ਏ.ਪੀ.ਏ. ਦੇ ਤਹਿਤ ਜ਼ਮਾਨਤ ਦੇਣ ਬਾਰੇ ਸਪੱਸ਼ਟ ਤੌਰ 'ਤੇ ਪਾਟਵੀਂ ਰਾਇ ਉਭਰ ਆਈ ਹੈ। ਜਸਟਿਸ ਬੀ.ਵੀ. ਨਾਗਰਤਨਾ ਅਤੇ ਜਸਟਿਸ ਉਜਵਲ ਭੁਯਾਨ ਦੇ ਬੈਂਚ ਨੇ ਯੂ.ਏ.ਪੀ.ਏ. ਕੇਸ ਵਾਲੇ ਇਸੇ ਫ਼ੈਸਲੇ ਵਿਚ ਇਹ ਨੋਟ ਕੀਤਾ ਹੈ ਕਿ ਪੂਰੇ ਭਾਰਤ ਵਿਚ ਯੂ.ਏ.ਪੀ.ਏ. ਕੇਸਾਂ ਵਿਚ ਦੋਸ਼-ਸਿੱਧੀ (ਸਜ਼ਾ) ਦੀ ਦਰ ਬਹੁਤ ਘੱਟ ਚਲੀ ਆ ਰਹੀ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੁਆਰਾ ਸੰਸਦ ਦੇ ਸਾਹਮਣੇ ਪੇਸ਼ ਕੀਤੇ ਗਏ ਅਧਿਕਾਰਕ (ਐਨ.ਸੀ.ਆਰ.ਬੀ.) ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਬੈਂਚ ਨੇ ਕਿਹਾ ਕਿ ਯੂ.ਏ.ਪੀ.ਏ. ਕੇਸਾਂ ਵਿਚ ਦੋਸ਼-ਸਿੱਧੀ ਦੀ ਆਲ ਇੰਡੀਆ ਦਰ ਸੰਨ 2019-2023 ਦੇ ਅਰਸੇ ਦੌਰਾਨ 1.5% ਅਤੇ 4% ਦਰਮਿਆਨ ਰਹੀ ਹੈ। ਜੰਮੂ-ਕਸ਼ਮੀਰ ਵਿਚ ਤਾਂ ਦੋਸ਼-ਸਿੱਧੀ ਦੀ ਦਰ 1% ਤੋਂ ਵੀ ਘੱਟ ਹੈ। ਬੈਂਚ ਨੇ ਸਪਸ਼ਟ ਕਿਹਾ ਕਿ ਇਹ ਅੰਕੜੇ ਅਜਿਹੇ ਕੇਸਾਂ ਵਿਚ ਬਰੀ ਹੋਣ ਦੀ ਉੱਚ ਸੰਭਾਵਨਾ ਨੂੰ ਦਰਸਾਉਂਦੇ ਹਨ। ਅਦਾਲਤ ਦੇ ਸ਼ਬਦਾਂ 'ਚ 'ਇਸਦਾ ਮਤਲਬ ਇਹ ਹੈ ਕਿ ਮੁਲਕ ਵਿਚ ਅਜਿਹੇ ਕੇਸਾਂ ਵਿਚ ਬਰੀ ਹੋਣ ਦੀ ਸੰਭਾਵਨਾ 94% ਤੋਂ 98% ਹੈ। ਜਿੱਥੋਂ ਤੱਕ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਦਾ ਸਵਾਲ ਹੈ, ਦੋਸ਼-ਸਿੱਧੀ ਦੀ ਸਾਲਾਨਾ ਦਰ ਹਮੇਸ਼ਾ 1% ਤੋਂ ਘੱਟ ਰਹੀ ਹੈ। ਇਸਦਾ ਮਤਲਬ ਹੈ ਕਿ ਮੁਕੱਦਮੇ ਦੇ ਅੰਤ ਵਿਚ ਅਜਿਹੇ ਕੇਸਾਂ ਵਿਚ ਬਰੀ ਹੋਣ ਦੀ 99% ਸੰਭਾਵਨਾ ਹੈ।' ਦੋਸ਼-ਸਿੱਧੀ ਦੀ ਐਨੀ ਘੱਟ ਦਰ ਇਹ ਕਾਨੂੰਨ ਬਣਾਏ ਜਾਣ ਦੇ ਹੁਕਮਰਾਨ ਜਮਾਤ ਦੇ ਅਸਲ ਮਕਸਦ ਨੂੰ ਉਜਾਗਰ ਕਰਦੀ ਹੈ।

ਯੂ.ਏ.ਪੀ.ਏ. ਕੇਸਾਂ ਵਿਚ ਮੁਲਜ਼ਮਾਂ ਦੇ ਬਰੀ ਹੋਣ ਦੀ ਉੱਚੀ ਦਰ ਦਾ ਹਵਾਲਾ ਦਿੰਦੇ ਹੋਏ ਅਦਾਲਤ ਨੇ ਜ਼ੋਰ ਦਿੱਤਾ ਕਿ 'ਜ਼ਮਾਨਤ ਨਿਯਮ ਹੈ ਅਤੇ ਜੇਲ੍ਹ ਅੱਪਵਾਦ ਹੈ।' ਇੱਕ ਪਿਛਲੇ ਫ਼ੈਸਲੇ, ਯੂਨੀਅਨ ਆਫ਼ ਇੰਡੀਆ ਬਨਾਮ ਕੇ.ਏ. ਨਜੀਬ, ਦਾ ਹਵਾਲਾ ਦਿੰਦੇ ਹੋਏ ਬੈਂਚ ਨੇ ਦੁਹਰਾਇਆ ਕਿ ਯੂ.ਏ.ਪੀ.ਏ. ਦੇ ਸੈਕਸ਼ਨ 43ਡੀ(5) ਨੂੰ ਅਲੱਗ-ਥਲੱਗ ਆਧਾਰ ਵਜੋਂ ਜ਼ਮਾਨਤ ਤੋਂ ਇਨਕਾਰ ਕਰਨ ਲਈ ਨਹੀਂ ਵਰਤਿਆ ਜਾ ਸਕਦਾ ਅਤੇ ਨਾ ਹੀ ਇਸਨੂੰ ਮੁਕੱਦਮੇ ਤੋਂ ਪਹਿਲਾਂ ਲੰਮੇ ਸਮੇਂ ਤੱਕ ਹਿਰਾਸਤ ਵਿਚ ਰੱਖਣ ਲਈ ਵਿਆਪਕ ਹੁਕਮ ਮੰਨਿਆ ਜਾ ਸਕਦਾ ਹੈ।

ਸੈਕਸ਼ਨ 43ਡੀ(5) ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਇਸਦੇ ਤਹਿਤ ਜ਼ਮਾਨਤ ਲਗਭਗ ਅਸੰਭਵ ਬਣਾ ਦਿੱਤੀ ਗਈ ਹੈ। ਇਸ ਵਿਵਸਥਾ ਅਨੁਸਾਰ ਜੇਕਰ ਯੂ.ਏ.ਪੀ.ਏ. ਕੇਸ ਵਿਚ ਅਦਾਲਤ ਨੂੰ ਕੇਸ ਡਾਇਰੀ ਜਾਂ ਚਾਰਜਸ਼ੀਟ ਨੂੰ ਦੇਖਣ 'ਤੇ, ਇਹ ਵਿਸ਼ਵਾਸ ਕਰਨ ਲਈ 'ਉਚਿਤ ਆਧਾਰ' ਮਿਲ ਜਾਂਦਾ ਹੈ ਕਿ ਦੋਸ਼ ਪਹਿਲੀ ਨਜ਼ਰੇ ਸਹੀ ਹਨ ਤਾਂ ਮੁਲਜ਼ਮ ਨੂੰ ਜ਼ਮਾਨਤ ਨਹੀਂ ਮਿਲੇਗੀ। ਐਨ.ਆਈ.ਏ. ਬਨਾਮ ਜ਼ਹੂਰ ਅਹਿਮਦ ਸ਼ਾਹ ਵਟਾਲੀ ਕੇਸ ਵਿਚ ਜਸਟਿਸ ਏ.ਐੱਮ. ਖਾਨਵਿਲਕਰ (ਜੋ ਹੁਣ ਰਿਟਾਇਰ ਹੋਣ ਉਪਰੰਤ ਇਸ ਵਕਤ ਲੋਕਪਾਲ ਦੇ ਚੇਅਰਪਰਸਨ ਹਨ) ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਨੇ ਇਸ ਸੈਕਸ਼ਨ ਨੂੰ ਵਾਜਬੀਅਤ ਦਿੰਦਿਆਂ ਕਿਹਾ ਸੀ ਕਿ ਪਹਿਲੀ ਨਜ਼ਰੇ ਜੁਰਮ ਸਥਾਪਤ ਕਰਨ ਲਈ ਅਦਾਲਤ ਲਈ ਸਬੂਤਾਂ ਦੀ 'ਵਿਸਥਾਰੀ ਜਾਂਚ' ਕਰਨਾ ਜ਼ਰੂਰੀ ਨਹੀਂ ਹੈ। ਇਹ ਫ਼ੈਸਲਾ ਕਰਨ ਲਈ ਅਦਾਲਤ ਨੇ ਸਿਰਫ਼ 'ਵਿਆਪਕ ਸੰਭਾਵਨਾਵਾਂ' 'ਤੇ ਨਜ਼ਰ ਮਾਰਕੇ ਇਹ ਤੈਅ ਕਰਨਾ ਹੈ ਕਿ ਕੀ ਦੋਸ਼ ਸਹੀ ਹਨ, ਅਤੇ ਜ਼ਮਾਨਤ ਦੇਣ ਤੋਂ ਇਨਕਾਰ ਕਰ ਦੇਣਾ ਹੈ। ਫਿਰ ਯੂਨੀਅਨ ਆਫ ਇੰਡੀਆ ਬਨਾਮ ਕੇ.ਏ. ਨਜੀਬ ਕੇਸ ਵਿਚ ਆਪਣੇ ਫ਼ੈਸਲੇ (2021) ਵਿਚ ਤਿੰਨ-ਜੱਜਾਂ ਦੇ ਇੱਕ ਹੋਰ ਬੈਂਚ ਨੇ ਇਹ ਸਿਧਾਂਤ ਸਥਾਪਤ ਕੀਤਾ ਕਿ ਮੁਲਜ਼ਮ ਨੂੰ ਮੁਕੱਦਮੇ ਦੇ ਪੂਰਾ ਹੋਣ ਦੀ ਅਨਿਸ਼ਚਿਤ ਸਮੇਂ ਲਈ ਉਡੀਕ ਕਰਦਿਆਂ ਜੇਲ੍ਹ ਵਿਚ ਨਹੀਂ ਰੱਖਿਆ ਜਾ ਸਕਦਾ, ਭਾਵੇਂ ਜੁਰਮ ਕਿੰਨਾ ਵੀ ਗੰਭੀਰ ਕਿਉਂ ਨਾ ਹੋਵੇ। ਵਟਾਲੀ ਫ਼ੈਸਲਾ (2019) ਕਿਉਂਕਿ ਹਕੂਮਤ ਦੇ ਹੱਥ ਮਜ਼ਬੂਤ ਕਰਦਾ ਹੈ ਇਸ ਲਈ ਇਸੇ ਨੂੰ ਯੂ.ਏ.ਪੀ.ਏ. ਕੇਸਾਂ ਵਿਚ ਜ਼ਮਾਨਤ ਨਾ ਦੇਣ ਲਈ ਵਰਤਿਆ ਜਾਂਦਾ ਹੈ।

ਜਿੱਥੇ ਆਮ ਜ਼ਮਾਨਤ ਦਾ ਨਿਆਂਸ਼ਾਸਤਰ ਇਸ ਬੁਨਿਆਦੀ ਸਿਧਾਂਤ 'ਤੇ ਅਧਾਰਤ ਸੀ ਕਿ ਵਿਅਕਤੀ ਉਦੋਂ ਤੱਕ ਨਿਰਦੋਸ਼ ਹੈ ਜਦੋਂ ਤੱਕ ਉਸਨੂੰ ਦੋਸ਼ੀ ਸਾਬਤ ਨਹੀਂ ਕੀਤਾ ਜਾਂਦਾ, ਉੱਥੇ ਸੈਕਸ਼ਨ 43ਡੀ(5) ਨੇ ਬੋਝ ਉਲਟਾ ਮੁਲਜ਼ਮ 'ਤੇ ਪਾ ਦਿੱਤਾ, ਇਹ ਮੰਨਦੇ ਹੋਏ ਕਿ ਵਿਅਕਤੀ ਉਦੋਂ ਤੱਕ ਦੋਸ਼ੀ ਹੈ ਜਦੋਂ ਤੱਕ ਉਹ ਨਿਰਦੋਸ਼ ਸਾਬਤ ਨਹੀਂ ਹੋ ਜਾਂਦਾ। ਇੰਝ ਸੈਕਸ਼ਨ 43ਡੀ(5) ਨੇ ਜ਼ਮਾਨਤ ਦੇ ਨਿਆਂਸ਼ਾਸਤਰ ਦਾ ਇਹ ਬੁਨਿਆਦੀ




ਸਿਧਾਂਤ ਹੀ ਉਲਟਾ ਦਿੱਤਾ ਜੋ ਕਹਿੰਦਾ ਹੈ: 'ਜ਼ਮਾਨਤ, ਨਾ ਕਿ ਜੇਲ੍ਹ'।

18 ਮਈ 2026 ਨੂੰ, ਜਸਟਿਸ ਬੀ.ਵੀ. ਨਾਗਰਤਨਾ ਅਤੇ ਉੱਜਲ ਭੁਯਾਨ ਦੇ ਬੈਂਚ ਨੇ ਸਈਅਦ ਇਫ਼ਤਿਖ਼ਾਰ ਅੰਦਰਾਬੀ ਬਨਾਮ ਐਨ.ਆਈ.ਏ. ਕੇਸ ਵਿਚ, ਛੋਟੇ ਬੈਂਚਾਂ ਦੁਆਰਾ 'ਨਜੀਬ ਫ਼ੈਸਲੇ ਵਿਚ ਸਥਾਪਤ ਸਿਧਾਂਤ ਨੂੰ ਖੋਖਲਾ ਕਰਨ' 'ਤੇ ਗੰਭੀਰ ਇਤਰਾਜ਼ ਜ਼ਾਹਿਰ ਕੀਤੇ ਕਿ ਜਦੋਂ ਮੁਲਜ਼ਮ ਵਿਅਕਤੀਆਂ ਨੇ ਕਈ ਸਾਲ ਮੁਕੱਦਮੇ ਤੋਂ ਪਹਿਲੀ ਕੈਦ ਵਿਚ ਗੁਜ਼ਾਰੇ ਹੋਣ ਤਾਂ ਸੰਵਿਧਾਨਕ ਅਦਾਲਤਾਂ ਨੂੰ ਦਖ਼ਲ ਦੇਣਾ ਚਾਹੀਦਾ ਹੈ ਅਤੇ ਯੂ.ਏ.ਪੀ.ਏ. ਮਾਮਲਿਆਂ ਵਿਚ ਜ਼ਮਾਨਤ ਦੇਣੀ ਚਾਹੀਦੀ ਹੈ।

ਫ਼ੈਸਲਾ ਲਿਖਣ ਵਾਲੇ ਜਸਟਿਸ ਭੁਯਾਨ ਨੇ 5 ਜਨਵਰੀ 2026 ਦੇ ਸੁਪਰੀਮ ਕੋਰਟ ਦੇ ਫ਼ੈਸਲੇ (ਗੁਲਫ਼ਿਸ਼ਾ ਫ਼ਾਤਿਮਾ ਬਨਾਮ ਰਾਜ, ਐਨ.ਸੀ.ਟੀ. ਦੀ ਸਰਕਾਰ ਦਿੱਲੀ) 'ਤੇ ਸਵਾਲ ਉਠਾਏ, ਜਿਸ ਨੇ ਜੇ.ਐਨ.ਯੂ. ਦੇ ਸਾਬਕਾ ਵਿਦਿਆਰਥੀ ਆਗੂ ਉਮਰ ਖਾਲਿਦ ਅਤੇ ਉਸ ਦੇ ਸਹਿ-ਮੁਲਜ਼ਮ ਸ਼ਰਜ਼ੀਲ ਇਮਾਮ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਜਿਨ੍ਹਾਂ ਉੱਤੇ ਦਿੱਲੀ ਹਿੰਸਾ (2020) ਦੇ 'ਵੱਡੀ ਸਾਜ਼ਿਸ਼' ਕੇਸ ਵਿਚ ਯੂ.ਏ.ਪੀ.ਏ. ਦੇ ਤਹਿਤ ਦੋਸ਼ ਲਗਾਏ ਗਏ ਸਨ। ਪੰਜ ਹੋਰਾਂ ਨੂੰ ਜ਼ਮਾਨਤ ਦਿੰਦੇ ਹੋਏ, ਜਸਟਿਸ ਅਰਵਿੰਦ ਕੁਮਾਰ ਅਤੇ ਐਨ.ਵੀ. ਅੰਜਾਰੀਆ ਦੇ ਡਿਵੀਜ਼ਨ ਬੈਂਚ ਨੇ ਯੂ.ਏ.ਪੀ.ਏ. ਦੇ ਤਹਿਤ 'ਪਹਿਲੀ ਨਜ਼ਰੇ' ਦੇ ਆਧਾਰ 'ਤੇ ਅਪਰਾਧੀਆਂ ਦੀ ਨਵੀਂ ਕੈਟੇਗਰੀ, 'ਕਥਿਤ ਸਾਜ਼ਿਸ਼ ਦੇ ਮਾਸਟਰਮਾਈਂਡ' ਬਣਾਉਂਦੇ ਹੋਏ ਉਮਰ ਅਤੇ ਸ਼ਰਜ਼ੀਲ ਨੂੰ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਮਰ ਖਾਲਿਦ ਪਹਿਲਾਂ ਹੀ ਪੰਜ ਸਾਲ ਤੋਂ ਵੱਧ ਜੇਲ੍ਹ ਵਿਚ ਗੁਜ਼ਾਰ ਚੁੱਕੇ ਸਨ ਅਤੇ ਉਹ ਜ਼ਮਾਨਤ ਦੇ ਹੱਕਦਾਰ ਸਨ। ਪਰ ਉਸ ਨੂੰ 'ਸਾਜ਼ਿਸ਼ ਦਾ ਮਾਸਟਰਮਾਈਂਡ' ਕਰਾਰ ਦੇ ਕੇ ਜ਼ਮਾਨਤ ਨਹੀਂ ਦਿੱਤੀ ਗਈ।

ਜਸਟਿਸ ਭੁਯਾਨ ਦੀਆਂ ਟਿੱਪਣੀਆਂ ਨੇ ਦਿੱਲੀ ਪੁਲਿਸ ਨੂੰ ਖਾਲਿਦ ਸੈਫੀ ਅਤੇ ਤਸਲੀਮ ਅਹਿਮਦ ਦੀ ਜ਼ਮਾਨਤ ਦੀ ਸੁਣਵਾਈ ਦੌਰਾਨ, ਗੁਲਫ਼ਿਸ਼ਾ ਫ਼ਾਤਿਮਾ ਫ਼ੈਸਲੇ ਦੇ ਲੇਖਕ ਜਸਟਿਸ ਕੁਮਾਰ ਸਾਹਮਣੇ ਇਤਰਾਜ਼ ਪੇਸ਼ ਕਰਨ ਲਈ ਉਕਸਾਇਆ। ਸਰਕਾਰੀ ਪੱਖ ਦੀ ਸਿਰਤੋੜ ਕੋਸ਼ਿਸ਼ ਹੈ ਕਿ ਵਤਾਲੀ ਫ਼ੈਸਲੇ ਦੀ ਵਿਆਖਿਆ ਜ਼ਮਾਨਤ ਦਾ ਆਧਾਰ ਬਣੀ ਰਹੇ ਅਤੇ ਲੰਮਾ ਸਮਾਂ ਜੇਲ੍ਹ ਵਿਚ ਗੁਜ਼ਾਰਨ ਦਾ ਜ਼ਮਾਨਤ ਦਾ ਪੈਮਾਨਾ ਹਮੇਸ਼ਾ ਲਈ ਰੱਦ ਹੋ ਜਾਵੇ।

ਜਮਹੂਰੀ ਕਾਰਕੁਨਾਂ ਦੀ ਜ਼ਮਾਨਤ ਨਾ ਹੋਣ ਦੇਣ ਲਈ ਸਟੇਟ ਦੇ ਕਾਨੂੰਨੀ ਮਾਹਰ ਕਿਸ ਤਰ੍ਹਾਂ ਦੀਆਂ ਬੇਹੂਦਾ ਦਲੀਲਾਂ ਦਿੰਦੇ ਹਨ ਇਸਦੀ ਤਾਜ਼ਾ ਮਿਸਾਲ ਐਡੀਸ਼ਨਲ ਸਾਲਿਸਟਰ ਜਨਰਲ ਐਸ.ਵੀ. ਰਾਜੂ ਵੱਲੋਂ ਦਿੱਤੀ ਦਲੀਲ ਹੈ। ਅੰਦਰਾਬੀ ਕੇਸ ਵਿਚ ਫ਼ੈਸਲੇ ਨੂੰ ਯੂ.ਏ.ਪੀ.ਏ. ਕੇਸਾਂ ਵਿਚ ਜ਼ਮਾਨਤ ਨੂੰ ਉਲਝਾਉਣ ਵਾਲਾ ਕਰਾਰ ਦਿੰਦਿਆਂ ਉਸਨੇ ਪੁੱਛਿਆ ਕਿ 'ਜੇ ਪਾਕਿਸਤਾਨ ਅਜਮਲ ਕਸਾਬ ਜਾਂ ਹਾਫ਼ਿਜ਼ ਸਈਦ ਨੂੰ ਭਾਰਤ ਨੂੰ ਸੌਂਪ ਦੇਵੇ ਤਾਂ ਕੀ ਉਨ੍ਹਾਂ ਨੂੰ ਸਿਰਫ਼ ਇਸ ਲਈ ਜ਼ਮਾਨਤ ਦੇ ਦਿੱਤੀ ਜਾਵੇਗੀ ਕਿਉਂਕਿ ਉਨ੍ਹਾਂ ਨੇ ਮੁਕੱਦਮੇ ਦੀ ਉਡੀਕ ਵਿਚ ਪੰਜ ਸਾਲ ਜੇਲ੍ਹ ਵਿਚ ਗੁਜ਼ਾਰੇ ਹਨ?' ਇਸ ਤੋਂ ਸਰਕਾਰੀ ਕਾਨੂੰਨੀ ਮਾਹਰਾਂ ਦੀ ਜ਼ਿਹਨੀਅਤ ਪਤਾ ਲੱਗਦੀ ਹੈ।

ਜਸਟਿਸ ਅਰਵਿੰਦ ਕੁਮਾਰ ਅਤੇ ਪੀ.ਬੀ. ਵਾਰਲੇ ਦੇ ਸੁਪਰੀਮ ਕੋਰਟ ਬੈਂਚ ਨੇ ਇਹ ਕਹਿਕੇ ਕਾਨੂੰਨ ਦੇ ਸਵਾਲ ਨੂੰ ਵੱਡੇ ਬੈਂਚ ਲਈ ਭੇਜ ਦਿੱਤਾ ਕਿ ਅਦਾਲਤ ਦੇ ਦੋ ਬਰਾਬਰ ਤਾਕਤਾਂ ਵਾਲੇ ਕੋਆਰਡੀਨੇਟ ਬੈਂਚਾਂ ਦਰਮਿਆਨ 'ਮੰਨਿਆ ਗਿਆ ਟਕਰਾਅ' 'ਗੰਭੀਰ ਇਤਰਾਜ਼ਾਂ' ਦਾ ਕਾਰਨ ਨਹੀਂ ਬਣਨਾ ਚਾਹੀਦਾ, ਸਗੋਂ ਉਸਦਾ 'ਹੱਲ' ਕਰਨ ਦੀ ਲੋੜ ਹੈ। ਜਦੋਂ ਕਿ ਉਸਨੇ ਦਿੱਲੀ ਹਿੰਸਾ ਦੇ ਮਾਮਲੇ 'ਚ ਉਮਰ ਖਾਲਿਦ ਅਤੇ ਸ਼ਰਜੀਲ ਇਮਾਮ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰਨ ਵਾਲੇ ਆਪਣੇ ਹੁਕਮ ਦੇ ਖ਼ਿਲਾਫ਼ ਦੂਜੇ ਬੈਂਚ ਦੀ ਆਲੋਚਨਾ ਉੱਪਰ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਜਿਸਨੇ ਟਿੱਪਣੀ ਕੀਤੀ ਸੀ ਕਿ ਇਹ ਫ਼ੈਸਲਾ ਸੁਪਰੀਮ ਕੋਰਟ ਦੇ ਪਹਿਲੇ ਦੋ ਫ਼ੈਸਲਿਆਂ ਤੋਂ ਵੱਖਰਾ ਸੀ, ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਕਠੋਰ ਯੂ.ਏ.ਪੀ.ਏ. ਅਤੇ ਪੀ.ਐਮ.ਐਲ.ਏ. ਵਾਲੇ ਕਾਨੂੰਨਾਂ ਦੇ ਤਹਿਤ ਦੋਸ਼ੀ ਵਿਅਕਤੀਆਂ ਨੂੰ ਉਨ੍ਹਾਂ ਮਾਮਲਿਆਂ ਵਿਚ ਜ਼ਮਾਨਤ ਦਾ ਹੱਕ ਹੈ ਜਿੱਥੇ ਮੁਕੱਦਮੇ ਦੀ ਸੁਣਵਾਈ ਵਿਚ ਬਿਨਾਂ ਵਜ੍ਹਾ ਬਹੁਤ ਜ਼ਿਆਦਾ ਦੇਰੀ ਹੋਈ ਹੋਵੇ।

### ਕੇ.ਏ. ਨਜੀਬ ਫ਼ੈਸਲਾ – ਨਿੱਜੀ ਆਜ਼ਾਦੀ ਦੇ ਬੁਨਿਆਦੀ ਹੱਕ ਦੀ ਹਮਾਇਤ

ਨਜੀਬ ਫ਼ੈਸਲਾ ਅਦਾਲਤ ਵੱਲੋਂ ਰਾਜ ਦੇ ਹੱਥਾਂ ਵਿਚ ਇੱਕ ਹਥਿਆਰ ਵਜੋਂ ਸੈਕਸ਼ਨ 43ਡੀ(5) ਦੀ ਵਧਦੀ ਵਰਤੋਂ ਦੇ ਵਿਰੁੱਧ ਸੀ। ਸੀਮਤ ਵਿੱਤੀ ਅਤੇ ਕਾਨੂੰਨੀ ਵਸੀਲਿਆਂ ਵਾਲੇ ਜੇਲ੍ਹੀਂ ਡੱਕੇ ਮੁਲਜ਼ਮਾਂ ਲਈ, ਦਹਿਸ਼ਤਵਾਦ ਦੇ ਦੋਸ਼ਾਂ ਨੂੰ ਝੂਠੇ ਸਾਬਤ ਕਰਨਾ ਬੇਹੱਦ ਮੁਸ਼ਕਲ ਕਾਨੂੰਨੀ ਲੜਾਈ ਬਣ ਜਾਂਦੀ ਹੈ, ਹਾਲਾਂ ਕਿ ਸਾਲ ਬੀਤਣ ਨਾਲ ਮੁਕੱਦਮੇ ਦੀ ਸੰਭਾਵਨਾ ਦੂਰ ਹੁੰਦੀ ਜਾਂਦੀ ਹੈ। ਇਸ ਪ੍ਰਸੰਗ 'ਚ ਜਸਟਿਸ ਸੂਰਿਆ ਕਾਂਤ (ਓਦੋਂ ਉਹ ਅਜੇ ਚੀਫ਼ ਜਸਟਿਸ ਨਹੀਂ ਬਣੇ ਸਨ) ਦੁਆਰਾ ਲਿਖੇ ਨਜੀਬ ਫ਼ੈਸਲੇ ਨੇ ਸਪੱਸ਼ਟ ਕੀਤਾ ਕਿ ਸੰਵਿਧਾਨਕ ਅਦਾਲਤਾਂ ਸੈਕਸ਼ਨ 43ਡੀ(5) ਦੀ ਕਠੋਰਤਾ ਨੂੰ ਘਟਾ ਕੇ ਉਸ ਯੂ.ਏ.ਪੀ.ਏ. ਮੁਲਜ਼ਮ ਨੂੰ ਜ਼ਮਾਨਤ ਦੀ ਰਾਹਤ ਦੇ ਸਕਦੀਆਂ ਹਨ ਜਿਸਨੇ ਮੁਕੱਦਮੇ ਵਿਚ ਬਹੁਤ ਦੇਰੀ ਹੋਣ ਕਾਰਨ ਪਹਿਲਾਂ ਹੀ 'ਕਾਫ਼ੀ ਸਮਾਂ' ਜੇਲ੍ਹ ਵਿਚ ਗੁਜ਼ਾਰ ਲਿਆ ਹੋਵੇ। ਨਜੀਬ ਫ਼ੈਸਲੇ ਨੇ ਪਿਛਲੇ ਫ਼ੈਸਲਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਸੰਵਿਧਾਨਕ ਅਦਾਲਤਾਂ ਸੈਕਸ਼ਨ 43ਡੀ(5) ਦੀ ਤਾਕਤ ਅੱਗੇ ਗੂੰਗਾ ਦਰਸ਼ਕ ਨਹੀਂ ਬਣ ਸਕਦੀਆਂ। ਉਨ੍ਹਾਂ ਨੂੰ ਸੰਵਿਧਾਨ ਦੇ ਆਰਟੀਕਲ 21 ਅਧੀਨ ਜ਼ਿੰਦਗੀ ਅਤੇ ਨਿੱਜੀ ਆਜ਼ਾਦੀ ਦੇ ਬੁਨਿਆਦੀ ਅਧਿਕਾਰ ਦੀ ਰੱਖਿਆ ਲਈ ਦਖ਼ਲ ਦੇਣਾ ਪਵੇਗਾ।

### ਅੰਦਰਾਬੀ ਫ਼ੈਸਲੇ ਵਿਚ ਸੈਕਸ਼ਨ 43ਡੀ(5) ਅਤੇ ਆਰਟੀਕਲ 21 ਬਾਰੇ ਅਦਾਲਤ ਦੀ ਰਾਇ

ਅੰਦਰਾਬੀ ਫ਼ੈਸਲੇ ਵਿਚ, ਜਸਟਿਸ ਭੁਯਾਨ ਨੇ ਕਿਹਾ ਕਿ ਅਦਾਲਤ ਨੂੰ ਕੇਂਦਰ ਦੀ ਇਸ ਦਲੀਲ ਨਾਲ ਸਹਿਮਤ ਨਹੀਂ ਹੋਣਾ ਚਾਹੀਦਾ ਕਿ ਯੂ.ਏ.ਪੀ.ਏ. ਅਧੀਨ ਅਪਰਾਧਾਂ ਦੀ ਗੰਭੀਰਤਾ ਜ਼ਮਾਨਤ ਦੇ ਮਨੁੱਖੀ ਅਧਿਕਾਰ ਤੋਂ ਵੱਧ ਮਹੱਤਵਪੂਰਨ ਹੈ। ਜਸਟਿਸ ਨੇ ਕਿਹਾ ਕਿ ਪੂਰੇ ਮੁਲਕ ਵਿਚ ਯੂ.ਏ.ਪੀ.ਏ. ਦੇ ਤਹਿਤ ਦੋਸ਼-ਸਿੱਧੀ ਦੀ ਦਰ ਨਾਮਾਤਰ ਹੈ। ਜਸਟਿਸ ਨਾਗਰਤਨਾ ਅਤੇ ਭੁਯਾਨ ਨੇ ਕਿਹਾ ਕਿ ਮੁਲਜ਼ਮ ਨੂੰ ਸਮੇਂ ਸਿਰ ਮੁਕੱਦਮਾ ਚਲਾਉਣ ਵਿਚ ਰਾਜ ਦੀ ਅਕੁਸ਼ਲਤਾ ਲਈ ਜ਼ਮਾਨਤ ਤੋਂ ਵਾਂਝਾ ਕਰਕੇ ਸਜ਼ਾ ਨਹੀਂ ਦਿੱਤੀ ਜਾ ਸਕਦੀ। ਜੇਕਰ ਕਥਿਤ ਅਪਰਾਧ ਗੰਭੀਰ ਸੀ, ਤਾਂ ਪਬਲਿਕ ਪ੍ਰਾਸੀਕਿਊਸ਼ਨ ਲਈ ਮੁਕੱਦਮੇ ਨੂੰ ਤੇਜ਼ੀ ਨਾਲ ਮੁਕੰਮਲ ਕਰਨਾ ਹੋਰ ਵੀ ਜ਼ਰੂਰੀ ਸੀ। ਜ਼ਮਾਨਤ ਤੋਂ ਸਿਰਫ਼ ਇਸ ਆਧਾਰ 'ਤੇ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਦੋਸ਼ ਬਹੁਤ ਗੰਭੀਰ ਹਨ।

ਅੰਦਰਾਬੀ ਫ਼ੈਸਲੇ ਨੇ ਕਿਹਾ ਕਿ ਸੁਪਰੀਮ ਕੋਰਟ ਬੈਂਚ ਨੇ ਗੁਲਫ਼ਿਸ਼ਾ ਫ਼ਾਤਿਮਾ ਕੇਸ ਵਿਚ ਨਜੀਬ ਫ਼ੈਸਲੇ ਨੂੰ ਗ਼ਲਤ ਪੜ੍ਹਿਆ ਜਦੋਂ ਇਸਨੇ ਕਿਹਾ ਕਿ ਤਿੰਨ ਮੈਂਬਰ ਬੈਂਚ ਨੇ ਦੇਰੀ ਦੇ ਆਧਾਰ 'ਤੇ ਜ਼ਮਾਨਤ ਦਾ ਆਟੋਮੈਟਿਕ ਹੱਕ ਸਿਰਜ ਦਿੱਤਾ ਹੈ। ਜਸਟਿਸ ਭੁਯਾਨ ਨੇ ਸਪੱਸ਼ਟ ਕੀਤਾ ਕਿ ਨਜੀਬ ਫ਼ੈਸਲੇ ਨੇ ਕਦੇ ਵੀ ਇਹ ਤਜਵੀਜ਼ ਨਹੀਂ ਕੀਤਾ ਸੀ ਕਿ ਲੰਮੀ ਕੈਦ ਦੇ ਹਰ ਯੂ.ਏ.ਪੀ.ਏ. ਕੇਸ ਵਿਚ ਜ਼ਮਾਨਤ ਦਿੱਤੀ ਜਾਣੀ ਚਾਹੀਦੀ ਹੈ। ਬਲਕਿ, ਨਜੀਬ ਕੇਸ ਨੇ ਸਿਰਫ਼ ਸੰਵਿਧਾਨਕ ਅਦਾਲਤਾਂ ਨੂੰ ਸੈਕਸ਼ਨ 43ਡੀ(5) ਅਧੀਨ ਕਾਨੂੰਨੀ ਰੋਕ ਨੂੰ ਲਗਾਤਾਰ ਹਿਰਾਸਤ ਦੇ ਇੱਕੋ-ਇੱਕ ਕਾਰਨ ਵਜੋਂ ਮੰਨਣ ਦੇ ਖ਼ਿਲਾਫ਼ ਚੇਤਾਵਨੀ ਦਿੱਤੀ ਸੀ, ਜਦੋਂ ਕਿ ਨਿੱਜੀ ਆਜ਼ਾਦੀ ਅਤੇ ਤੁਰੰਤ ਮੁਕੱਦਮੇ ਦੇ ਵਿਆਪਕ ਸੰਵਿਧਾਨਕ ਸਿਧਾਂਤਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਇਸਨੇ ਮੰਨਿਆ ਕਿ ਸੈਕਸ਼ਨ 43ਡੀ(5) ਆਰਟੀਕਲ 21 ਦੇ ਅਧੀਨ ਹੈ।

22 ਮਈ ਦੇ ਹੁਕਮ ਨੇ, ਜਿਸਨੇ ਯੂ.ਏ.ਪੀ.ਏ. ਵਿਚ ਜ਼ਮਾਨਤ ਦੇ ਸਵਾਲ ਨੂੰ ਵੱਡੇ ਬੈਂਚ ਦੇ ਵਿਚਾਰਨ ਲਈ ਭੇਜਿਆ, ਦਲੀਲ ਦਿੱਤੀ ਕਿ ਅੰਦਰਾਬੀ ਫ਼ੈਸਲੇ ਨੇ ਗੁਲਫ਼ਿਸ਼ਾ ਫ਼ਾਤਿਮਾ ਫ਼ੈਸਲੇ ਦੀ ਦਲੀਲ ਨੂੰ ਗ਼ਲਤ ਸਮਝਿਆ। ਇਸਨੇ ਕਿਹਾ ਕਿ ਉਮਰ ਖਾਲਿਦ ਅਤੇ ਸ਼ਰਜੀਲ ਇਮਾਮ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰਨ ਵਾਲੇ ਫ਼ੈਸਲੇ ਨੇ ਨਜੀਬ ਸਿਧਾਂਤ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਸੀ। ਇਸਨੇ ਕਿਹਾ ਕਿ ਨਜੀਬ ਫ਼ੈਸਲੇ ਨੇ ਸੈਕਸ਼ਨ 43ਡੀ(5) ਦੀ ਕਠੋਰ ਜ਼ਮਾਨਤ ਵਿਵਸਥਾ ਦੀ ਸ਼ਲਾਘਾ ਕੀਤੀ ਸੀ, ਨਾਲ ਹੀ ਸਿਰਫ਼ ਉਨ੍ਹਾਂ ਕੇਸਾਂ ਵਿਚ ਛੋਟ ਦੀ ਸਲਾਹ ਦਿੱਤੀ ਸੀ ਜਿੱਥੇ ਉਚਿਤ ਸਮੇਂ ਵਿਚ ਮੁਕੱਦਮਾ ਪੂਰਾ ਹੋਣ ਦੀ ਕੋਈ ਸੰਭਾਵਨਾ ਨਹੀਂ ਅਤੇ ਮੁਲਜ਼ਮ ਪਹਿਲਾਂ ਹੀ ਜੇਲ੍ਹ ਵਿਚ ਲੰਮਾ ਸਮਾਂ ਗੁਜ਼ਾਰ ਚੁੱਕਾ ਹੈ।

22 ਮਈ ਦੇ ਹੁਕਮ ਨੇ ਇਹ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਕਿ ਗੁਲਫ਼ਿਸ਼ਾ ਫ਼ਾਤਿਮਾ ਫ਼ੈਸਲੇ ਨੇ ਨਜੀਬ ਫ਼ੈਸਲੇ ਨੂੰ ਬਾਈਂਡਿੰਗ ਪਰੀਸੀਡੈਂਸ ਵਜੋਂ ਸਵੀਕਾਰ ਕੀਤਾ ਸੀ। ਉਸਨੇ ਸੰਵਿਧਾਨਕ ਸਕੀਮ ਵਿਚ ਆਰਟੀਕਲ 21 ਦੇ ਕੇਂਦਰੀ ਸਥਾਨ ਨੂੰ ਮਾਨਤਾ ਦਿੱਤੀ ਸੀ ਅਤੇ ਇਹ ਕਿ ਯੂ.ਏ.ਪੀ.ਏ. ਕੇਸਾਂ ਵਿਚ ਮੁਕੱਦਮੇ ਤੋਂ ਪਹਿਲਾਂ ਕੈਦ ਸਜ਼ਾ ਦਾ ਖ਼ਾਸਾ ਗ੍ਰਹਿਣ ਨਹੀਂ ਕਰ ਸਕਦੀ। ਇਸਨੇ ਕਿਹਾ ਕਿ ਉਨ੍ਹਾਂ ਦੋਹਾਂ (ਉਮਰ ਅਤੇ ਸ਼ਰਜੀਲ) ਨੂੰ ਸਬੂਤਾਂ, ਕਥਿਤ ਸਾਜ਼ਿਸ਼ ਵਿਚ ਉਨ੍ਹਾਂ ਦੀ ਭੂਮਿਕਾ, ਅਤੇ ਮੁਕੱਦਮੇ ਦੀ ਅਖੰਡਤਾ ਦੀ ਰੱਖਿਆ ਦੀ ਲੋੜ ਵਰਗੇ ਕਾਰਕਾਂ ਦੇ ਆਧਾਰ 'ਤੇ 'ਮੁਲਜ਼ਮ-ਵਿਸ਼ੇਸ਼ ਮੁਲਾਂਕਣ' ਦੇ ਆਧਾਰ 'ਤੇ ਜ਼ਮਾਨਤ ਦੇਣ ਤੋਂ ਇਨਕਾਰ ਕੀਤਾ ਗਿਆ ਸੀ।

ਉਪਰੋਕਤ ਤੋਂ ਸਮਝਿਆ ਜਾ ਸਕਦਾ ਹੈ ਕਿ ਸੁਪਰੀਮ ਕੋਰਟ ਦੇ ਜਸਟਿਸ ਸਾਹਿਬਾਨ ਦੀਆਂ ਦਲੀਲਾਂ ਹੁਣ ਵੀ ਇਸ ਦਾਇਰੇ ਤੱਕ ਸੀਮਤ ਹਨ ਕਿ ਜ਼ਮਾਨਤ ਦੇਣ ਜਾਂ ਨਾ ਦੇਣ ਦਾ ਪੈਮਾਨਾ ਕੀ ਹੋਵੇ। ਉਹ ਹੁਕਮਰਾਨ ਜਮਾਤ ਦੇ ਇਸ ਕਾਨੂੰਨ ਪਿੱਛੇ ਕੰਮ ਕਰਦੇ ਜਾਬਰ ਮਕਸਦ ਦੀ ਗੱਲ ਨਹੀਂ ਕਰਦੇ। ਦਰਅਸਲ, ਯੂ.ਏ.ਪੀ.ਏ. ਹੁਕਮਰਾਨਾਂ ਵੱਲੋਂ ਦਹਿਸ਼ਤਵਾਦ ਨਾਲ ਲੜਨ ਦੀ ਆੜ ਹੇਠ ਜਾਇਜ਼ ਜਮਹੂਰੀ ਅੰਦੋਲਨਾਂ ਅਤੇ ਅਸਹਿਮਤ ਆਵਾਜ਼ਾਂ ਨੂੰ ਕੁਚਲਣ ਅਤੇ ਇਸ ਖ਼ਾਤਰ ਮਨਮਾਨੀਆਂ ਤਾਕਤਾਂ ਹਥਿਆਉਣ ਲਈ ਈਜਾਦ ਕੀਤਾ ਬੇਹੱਦ ਜਾਬਰ ਸੰਦ ਹੈ। ਇਹ ਕੇਂਦਰ ਸਰਕਾਰ ਨੂੰ ਨਾ ਸਿਰਫ਼ ਸੰਸਥਾਵਾਂ ਉੱਪਰ ਪਾਬੰਦੀ ਲਾਉਣ ਸਗੋਂ ਵਿਅਕਤੀਆਂ ਨੂੰ ਵੀ 'ਦਹਿਸ਼ਤਗਰਦ' ਐਲਾਨਣ ਦਾ ਅਧਿਕਾਰ ਦਿੰਦਾ ਹੈ। ਸਰਕਾਰ ਬਿਨਾਂ ਕਿਸੇ ਠੋਸ ਆਧਾਰ ਦੇ ਅਤੇ ਬਿਨਾਂ ਕੋਈ ਤੱਥ ਪੇਸ਼ ਕੀਤੇ ਆਪਣੀ ਮਰਜ਼ੀ ਨਾਲ ਹੀ ਕਿਸੇ ਵੀ ਸੰਸਥਾ ਜਾਂ ਜਥੇਬੰਦੀ, ਇੱਥੋਂ ਤੱਕ ਕਿ ਵਿਅਕਤੀ ਨੂੰ ਗ਼ੈਰਕਾਨੂੰਨੀ ਕਰਾਰ ਦੇ ਸਕਦੀ ਹੈ। ਅਜਿਹੀ ਸੰਸਥਾ ਨਾਲ ਸੰਬੰਧਾਂ ਜਾਂ ਮੱਦਦ ਦਾ ਦੋਸ਼ ਲਾ ਕੇ ਕਿਸੇ ਨੂੰ ਵੀ ਗਿਰਫ਼ਤਾਰ ਕਰਕੇ ਜੇਲ੍ਹ ਵਿਚ ਡੱਕ ਸਕਦੀ ਹੈ। ਜ਼ਮਾਨਤ ਬਹੁਤ ਮੁਸ਼ਕਲ ਹੋਣ ਕਾਰਨ ਯੂ.ਏ.ਪੀ.ਏ. ਲਗਾਏ ਕੇਸ ਵਿਚ ਮੁਕੱਦਮੇ ਦੀ ਪ੍ਰਕਿਰਿਆ ਹੀ ਸਜ਼ਾ ਹੈ। ਇਹ ਜੱਗ ਜ਼ਾਹਿਰ ਹਕੀਕਤ ਹੈ ਕਿ ਸਿਰਫ਼ ਚੁਣਵੀਆਂ ਜਥੇਬੰਦੀਆਂ ਨੂੰ ਹੀ ਗ਼ੈਰਕਾਨੂੰਨੀ ਕਰਾਰ ਦਿੱਤਾ ਜਾਂਦਾ ਹੈ। ਕਾਂਗਰਸ ਸਰਕਾਰ ਨੇ ਵੀ ਕਦੇ ਕਿਸੇ ਭਗਵਾ ਦਹਿਸ਼ਤਗਰਦ ਜਥੇਬੰਦੀ ਜਾਂ ਵਿਅਕਤੀ ਨੂੰ ਗ਼ੈਰਕਾਨੂੰਨੀ ਨਹੀਂ ਐਲਾਨਿਆ। ਇਸ ਕਾਲੇ ਕਾਨੂੰਨ ਦੇ ਤਹਿਤ ਬੇਕਸੂਰ ਮੁਸਲਮਾਨਾਂ, ਸਿੱਖਾਂ, ਆਦਿਵਾਸੀਆਂ, ਦਲਿਤਾਂ ਅਤੇ ਸੱਤਾ ਨੂੰ ਰੜਕਦੇ ਬਹੁਤ ਸਾਰੇ ਕਾਰਕੁਨਾਂ ਅਤੇ ਪੱਤਰਕਾਰਾਂ ਉੱਤੇ ਕੇਸ ਦਰਜ ਕੀਤੇ ਗਏ ਹਨ। ਇਸਦੀ ਸਭ ਤੋਂ ਵਿਆਪਕ ਕਰੂਰਤਾ ਦਾ ਨਮੂਨਾ ਕਸ਼ਮੀਰੀ ਲੋਕਾਂ ਦੇ ਸੰਘਰਸ਼ ਅਤੇ ਮੁਸਲਮਾਨ ਘੱਟਗਿਣਤੀ ਨੂੰ ਕੁਚਲਣ ਲਈ ਇਸਦੀ ਵਰਤੋਂ ਹੈ।

ਇਹ ਆਉਣ ਵਾਲੇ ਦਿਨਾਂ 'ਚ ਪਤਾ ਲੱਗੇਗਾ ਕਿ ਸੁਪਰੀਮ ਕੋਰਟ ਦਾ ਵੱਡਾ ਬੈਂਚ ਇਸ ਵਿਵਾਦ ਦਾ ਕੀ ਹੱਲ ਪੇਸ਼ ਕਰਦਾ ਹੈ। ਸਵਾਲ ਯੂ.ਏ.ਪੀ.ਏ. ਦੀ ਕਠੋਰ ਜ਼ਮਾਨਤੀ ਪ੍ਰਕਿਰਿਆ ਨੂੰ ਨਰਮ ਕਰਨ ਦਾ ਨਹੀਂ ਹੈ। ਇਹ ਕਾਲਾ ਕਾਨੂੰਨ ਪੂਰੀ ਤਰ੍ਹਾਂ ਰੱਦ ਹੋਣਾ ਚਾਹੀਦਾ ਹੈ ਅਤੇ ਜਮਹੂਰੀ ਤਾਕਤਾਂ ਨੂੰ ਇਸਨੂੰ ਰੱਦ ਕਰਾਉਣ ਲਈ ਵਿਆਪਕ ਜਨਤਕ ਲਹਿਰ ਖੜ੍ਹੀ ਕਰਨੀ ਚਾਹੀਦੀ ਹੈ।

# ਸਿਆਸਤ ਦੀ ਲਾਡਲੀ ਜਾਂ ਸਿਰਫ਼ ਵੋਟ ਬੈਂਕ



ਗੁਰਮੀਤ ਸਿੰਘ ਪਲਾਹੀ
ਫੋਨ: 9815802070

ਔਰਤਾਂ ਨੂੰ ਅਸਲ ਤਾਕਤ ਅਤੇ ਆਤਮ-ਨਿਰਭਰਤਾ ਦੇਣ ਦੀ ਬਜਾਏ, ਉਨ੍ਹਾਂ ਨੂੰ ਵੱਖ-ਵੱਖ ਸਹਾਰਿਆਂ ਅਤੇ ਆਸਰਿਆਂ 'ਤੇ ਨਿਰਭਰ ਬਣਾਈ ਰੱਖਣ ਦੀ ਪ੍ਰਵਿਰਤੀ ਭਾਰਤ ਦੀਆਂ ਸਿਆਸੀ ਪਾਰਟੀਆਂ ਨੇ ਜਿਵੇਂ ਤਨੋਂ-ਮਨੋਂ ਅਪਣਾ ਲਈ ਹੈ। ਇਹ ਮਹਿਜ਼ ਇੱਕ ਸੰਜੋਗ ਹੀ ਨਹੀਂ ਕਿ ਜਦੋਂ ਵੀ ਚੋਣਾਂ ਦਾ ਮੌਸਮ ਆਉਂਦਾ ਹੈ, ਤਾਂ ਔਰਤਾਂ ਦੇ ਕਲਿਆਣ ਦੀਆਂ ਯੋਜਨਾਵਾਂ ਨੂੰ ਲੈ ਕੇ ਸਿਆਸੀ ਪਾਰਟੀਆਂ ਵਿਚ ਇੱਕ ਅਨੋਖੀ ਹੋੜ ਜਿਹੀ ਲੱਗ ਜਾਂਦੀ ਹੈ। ਹਰ ਕੋਈ ਔਰਤਾਂ ਨੂੰ ਵੱਖ-ਵੱਖ ਸਹੂਲਤਾਂ ਦਾ ਐਲਾਨ ਹੀ ਨਹੀਂ ਕਰ ਰਿਹਾ, ਸਗੋਂ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਦਾ ਦਾਅਵਾ ਵੀ ਕਰ ਰਿਹਾ ਹੈ, ਤਾਂ ਜੋ ਉਨ੍ਹਾਂ ਦਾ ਅੱਧੀ ਆਬਾਦੀ ਵਾਲਾ ਵੋਟ ਬੈਂਕ ਪੂਰੀ ਤਰ੍ਹਾਂ ਪੱਕਾ ਹੋ ਸਕੇ।

ਭਾਜਪਾ ਹੋਵੇ ਜਾਂ ਕਾਂਗਰਸ, ਤ੍ਰਿਣਮੂਲ ਕਾਂਗਰਸ (ਟੀ.ਐਮ.ਸੀ) ਹੋਵੇ ਜਾਂ ਆਮ ਆਦਮੀ ਪਾਰਟੀ- ਇਸ ਸਿਆਸੀ ਖੇਡ ਵਿਚ ਸਾਰੇ ਹੀ ਆਪਣੀ ਪੂਰੀ ਤਾਕਤ ਲਗਾ ਰਹੇ ਹਨ। ਚੋਣਾਂ ਤੋਂ ਠੀਕ ਪਹਿਲਾਂ ਜਾਂ ਬਾਅਦ ਵਿਚ, ਇੱਕ ਨਿਸ਼ਚਿਤ ਨਗਦ ਰਾਸ਼ੀ ਸਿੱਧੀ ਔਰਤਾਂ ਦੇ ਬੈਂਕ ਖਾਤਿਆਂ ਵਿਚ ਟ੍ਰਾਂਸਫਰ ਕਰ ਦਿੱਤੀ ਜਾਂਦੀ ਹੈ ਅਤੇ ਸਰਕਾਰੀ ਬੱਸਾਂ ਵਿਚ ਯਾਤਰਾ ਉਨ੍ਹਾਂ ਲਈ ਪੂਰੀ ਤਰ੍ਹਾਂ ਮੁਫ਼ਤ ਹੋ ਜਾਂਦੀ ਹੈ। ਅਸਲ ਵਿਚ, ਮੁਫ਼ਤ ਦੀਆਂ ਰੇਉੜੀਆਂ ਵੰਡਣ ਦੀ ਇਹ ਪ੍ਰਥਾ ਭਾਰਤੀ ਲੋਕਤੰਤਰ ਦਾ ਇੱਕ ਅਹਿਮ ਅਤੇ ਚਿੰਤਾਜਨਕ ਹਿੱਸਾ ਬਣ ਚੁੱਕੀ ਹੈ। ਭਾਰਤੀ ਚੋਣ ਕਮਿਸ਼ਨ ਅਤੇ ਸੁਪਰੀਮ ਕੋਰਟ ਵੀ ਮੁਫ਼ਤ ਤੋਹਫ਼ੇ ਪ੍ਰਦਾਨ ਕਰਨ ਦੀ ਇਸ ਸੰਸਕ੍ਰਿਤੀ ਨੂੰ ਲੈ ਕੇ ਕਈ ਵਾਰ ਡੂੰਘੀ ਚਿੰਤਾ ਪ੍ਰਗਟ ਕਰ ਚੁੱਕੇ ਹਨ, ਪਰ ਸਿਆਸੀ ਲਾਹੇ ਅੱਗੇ ਇਹ ਚਿੰਤਾਵਾਂ ਬੇਅਸਰ ਦਿਖਾਈ ਦਿੰਦੀਆਂ ਹਨ।

ਆਰਥਿਕ ਮਾਹਰਾਂ ਦਾ ਕਹਿਣਾ ਹੈ ਕਿ ਔਰਤਾਂ ਦੇ ਕਲਿਆਣ ਦੇ ਨਾਂ 'ਤੇ ਸ਼ੁਰੂ ਕੀਤੀ ਗਈ ਇਸ ਸਿਆਸੀ ਹੋੜ ਕਾਰਨ ਕਈ ਸੂਬੇ ਕਰਜ਼ੇ ਦੇ ਦਲਦਲ ਵਿਚ ਧਸਦੇ ਜਾ ਰਹੇ ਹਨ। ਵਿੱਤੀ ਅਨੁਸ਼ਾਸਨ, ਜੋ ਕਿਸੇ ਵੀ ਸੂਬੇ ਜਾਂ ਦੇਸ਼ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਰੀੜ੍ਹ ਦੀ ਹੱਡੀ ਵਾਂਗ ਹੁੰਦਾ ਹੈ, ਪੂਰੀ ਤਰ੍ਹਾਂ ਚਰਮਰਾ ਚੁੱਕਾ ਹੈ। ਹਾਲ ਹੀ ਵਿਚ ਹੋਏ ਆਰਥਿਕ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਔਰਤਾਂ ਨੂੰ 1,000 ਰੁਪਏ ਤੋਂ ਲੈ ਕੇ 2,500 ਰੁਪਏ ਤੱਕ ਮਹੀਨਾਵਾਰ ਦੇਣ ਵਾਲੀਆਂ ਇਨ੍ਹਾਂ ਸਕੀਮਾਂ ਨੇ ਸੂਬਿਆਂ ਦੇ ਵਿੱਤੀ ਖੇਤਰ ਵਿਚ ਇੱਕ ਤਰ੍ਹਾਂ ਸੁਨਾਮੀ ਲਿਆਂਦੀ ਹੈ। ਮੱਧ ਪ੍ਰਦੇਸ਼, ਪੰਜਾਬ, ਛੱਤੀਸਗੜ੍ਹ, ਮਹਾਰਾਸ਼ਟਰ, ਕਰਨਾਟਕ, ਤਾਮਿਲਨਾਡੂ, ਉੜੀਸਾ, ਪੱਛਮੀ ਬੰਗਾਲ, ਦਿੱਲੀ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਰਗੇ ਰਾਜਾਂ ਦਾ ਬਜਟ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ।

ਮੱਧ ਪ੍ਰਦੇਸ਼ ਦੀ ਬੇਹੱਦ ਚਰਚਿਤ 'ਲਾਡਲੀ ਬਹਿਨਾ ਯੋਜਨਾ' ਤਹਿਤ ਯੋਗ ਔਰਤਾਂ ਨੂੰ ਹਰ ਮਹੀਨੇ 1,000 ਰੁਪਏ (ਹੁਣ ਵਧਾਈ ਹੋਈ ਰਾਸ਼ੀ) ਦੇਣ ਨਾਲ ਸੂਬਾ ਸਰਕਾਰ 'ਤੇ ਸਾਲਾਨਾ ਲਗਭਗ 12,000 ਕਰੋੜ ਰੁਪਏ ਦਾ ਸਿੱਧਾ ਵਿੱਤੀ ਬੋਝ ਪੈ ਰਿਹਾ ਹੈ।

ਮਹਾਰਾਸ਼ਟਰ ਵਿਚ ਸੂਬੇ ਦੇ ਖ਼ਜ਼ਾਨੇ ਵਿਚੋਂ ਲਗਭਗ 46,000 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ, ਜਿਸ ਨਾਲ ਰਾਜ ਦੇ ਹੋਰ ਵਿਕਾਸ ਕਾਰਜ ਪ੍ਰਭਾਵਿਤ ਹੋ ਰਹੇ ਹਨ।

ਪੱਛਮੀ ਬੰਗਾਲ ਦੀ 'ਅੰਨਪੂਰਨਾ ਭੰਡਾਰ' ਯੋਜਨਾ ਲਈ 79,000 ਕਰੋੜ ਰੁਪਏ, ਬੇਰੁਜ਼ਗਾਰੀ ਭੱਤੇ ਲਈ 30,000 ਕਰੋੜ ਰੁਪਏ ਅਤੇ ਮਹਿੰਗਾਈ ਭੱਤੇ (ਡੀ.ਏ.) ਦੇ ਬਕਾਏ ਲਈ 62,000 ਕਰੋੜ ਰੁਪਏ ਦਾ ਪ੍ਰਬੰਧ ਹੈ। ਜੇਕਰ ਇਨ੍ਹਾਂ ਤਿੰਨਾਂ ਨੂੰ ਮਿਲਾ ਦਿੱਤਾ ਜਾਵੇ, ਤਾਂ ਇਹ ਰਾਸ਼ੀ 1,71,000 ਕਰੋੜ ਰੁਪਏ ਵਰਗੀ ਭਾਰੀ-ਭਰਕਮ ਰਕਮ ਬਣਦੀ ਹੈ।

ਸਵਾਲ ਉੱਠਦਾ ਹੈ ਕਿ ਕੀ ਇਹ ਰਿਆਇਤਾਂ ਅਤੇ ਮੁਫ਼ਤ ਯੋਜਨਾਵਾਂ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਸੂਬਿਆਂ ਵਿਚ ਇੱਕ ਗੰਭੀਰ ਵਿੱਤੀ ਐਮਰਜੈਂਸੀ ਵਰਗੀ ਸਥਿਤੀ ਪੈਦਾ ਨਹੀਂ ਕਰ ਦੇਣਗੀਆਂ? ਵੋਟਾਂ ਬਟੋਰਨ ਦੀ ਕਾਹਲ ਵਿਚ ਸੂਬਿਆਂ ਦੀ ਲੰਮੇ ਸਮੇਂ ਦੀ ਆਰਥਿਕ ਸਿਹਤ ਦੀ ਪੂਰੀ ਤਰ੍ਹਾਂ ਅਣਦੇਖੀ ਕੀਤੀ ਜਾ ਰਹੀ ਹੈ। ਸਿਆਸੀ ਲਾਭ ਲਈ ਬਣਾਈਆਂ ਗਈਆਂ ਇਹ ਯੋਜਨਾਵਾਂ ਸਮਾਜ ਅਤੇ ਸਰਕਾਰੀ ਤੰਤਰ ਵਿਚ ਇਸ ਕਦਰ ਆਪਣੀਆਂ ਜੜ੍ਹਾਂ ਜਮਾ ਲੈਂਦੀਆਂ ਹਨ ਕਿ ਬਾਅਦ ਵਿਚ ਕਿਸੇ ਵੀ ਸਰਕਾਰ ਲਈ ਇਨ੍ਹਾਂ ਨੂੰ ਵਾਪਸ ਲੈਣਾ ਜਾਂ ਬੰਦ ਕਰਨਾ ਸਿਆਸੀ ਤੌਰ 'ਤੇ ਅਸੰਭਵ ਹੋ ਜਾਂਦਾ ਹੈ।

ਉਦਾਹਰਨ ਲਈ, ਪੰਜਾਬ ਵਿਚ ਕਿਸਾਨਾਂ ਨੂੰ ਦਿੱਤੀ ਜਾ ਰਹੀ ਮੁਫ਼ਤ ਬਿਜਲੀ ਅਤੇ ਆਮ ਜਨਤਾ ਲਈ 300 ਯੂਨਿਟ ਮੁਫ਼ਤ ਬਿਜਲੀ ਦੀ ਸਹੂਲਤ ਕੀ ਕਦੇ ਕੋਈ ਸਰਕਾਰ ਬੰਦ ਕਰਨ ਦੀ ਹਿੰਮਤ ਕਰ ਸਕੇਗੀ? ਜਵਾਬ ਹੈ-ਬਿਲਕੁਲ ਨਹੀਂ, ਕਿਉਂਕਿ ਅਜਿਹਾ ਕਰਨਾ ਕਿਸੇ ਵੀ ਪਾਰਟੀ ਲਈ ਸਿਆਸੀ ਖ਼ੁਦਕੁਸ਼ੀ ਵਰਗਾ ਹੋਵੇਗਾ।

ਭਾਰਤ ਦੀ ਮੌਜੂਦਾ ਰਾਜਨੀਤੀ ਵਿਚ ਔਰਤ ਇਸ ਕਰਕੇ 'ਲਾਡਲੀ' ਜਾਂ ਪਿਆਰੀ ਨਹੀਂ ਬਣੀ ਕਿ ਸਿਆਸਤਦਾਨਾਂ ਦੇ ਦਿਲਾਂ ਵਿਚ ਉਨ੍ਹਾਂ ਲਈ ਕੋਈ ਸੱਚਾ ਸਤਿਕਾਰ ਹੈ ਜਾਂ ਉਨ੍ਹਾਂ ਦੇ ਪਿਛੜੇਪਨ ਨੂੰ ਲੈ ਕੇ ਕੋਈ ਅਸਲ ਦਰਦ ਹੈ। ਇਸਦੇ ਪਿੱਛੇ ਸਿੱਧਾ ਅਤੇ ਕੌੜਾ ਸੱਚ ਇਹ ਹੈ ਕਿ ਪਾਰਟੀਆਂ ਨੂੰ ਚੋਣਾਂ ਜਿੱਤਣ ਲਈ ਔਰਤਾਂ ਦਾ ਇੱਕਮੁਸ਼ਤ ਵਫ਼ਾਦਾਰ ਵੋਟ ਬੈਂਕ ਚਾਹੀਦਾ ਹੈ।

ਭਾਰਤੀ ਜਨਤਾ ਪਾਰਟੀ ਨੇ ਪਿਛਲੇ ਪਾਰਲੀਮੈਂਟ ਸੈਸ਼ਨ ਵਿਚ ਮਹਿਲਾ ਕਾਰਡ ਖੇਡਦੇ ਹੋਏ ਇੱਕ ਵੱਡਾ ਦਾਅ ਚੱਲਿਆ। ਪਹਿਲਾਂ ਹੀ ਸਿਧਾਂਤਕ ਰੂਪ ਵਿਚ ਪਾਸ ਕੀਤੇ ਜਾ ਚੁੱਕੇ 33% ਮਹਿਲਾ ਰਾਖਵਾਂਕਰਨ ਐਕਟ 'ਤੇ ਕੁਝ ਤਕਨੀਕੀ ਸੋਧਾਂ ਦਾ ਬਹਾਨਾ ਬਣਾ ਕੇ, ਪੱਛਮੀ ਬੰਗਾਲ, ਕੇਰਲ ਅਤੇ ਹੋਰ ਰਾਜਾਂ ਦੀਆਂ ਆਉਣ ਵਾਲੀਆਂ ਚੋਣਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਬਿੱਲ ਨੂੰ ਦੁਬਾਰਾ ਸੰਸਦ ਵਿਚ ਚਰਚਾ ਵਿਚ ਲਿਆਂਦਾ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਸਭ ਮਹਿਲਾ ਵੋਟਰਾਂ ਨੂੰ ਇਹ ਸੰਦੇਸ਼ ਦੇਣ ਲਈ ਕੀਤਾ ਗਿਆ ਕਿ ਸਿਰਫ਼ ਮੌਜੂਦਾ ਸਰਕਾਰ ਹੀ ਉਨ੍ਹਾਂ ਦੀ ਸੱਚੀ ਹਿਤੈਸ਼ੀ ਹੈ। ਕੀ ਇਹ ਨੀਤੀ ਇੱਕ ਸਿਆਸੀ ਵਿਅੰਗ ਵਰਗੀ ਨਹੀਂ ਲੱਗਦੀ?

ਇਤਿਹਾਸ ਵਿਚ ਜਾਈਏ ਕਿ ਔਰਤਾਂ ਅਚਾਨਕ ਰਾਜਨੀਤੀ ਦੀਆਂ ਇੰਨੀਆਂ ਲਾਡਲੀਆਂ ਕਦੋਂ ਤੋਂ ਬਣ ਗਈਆਂ, ਤਾਂ ਉੱਤਰ ਨਵੰਬਰ 2023 ਦੀਆਂ ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿਚ ਮਿਲਦਾ ਹੈ। ਚੋਣਾਂ ਤੋਂ ਠੀਕ ਪਹਿਲਾਂ ਸੱਤਾ ਵਿਰੋਧੀ ਲਹਿਰ ਤੋਂ ਘਬਰਾਈ ਤਤਕਾਲੀ ਸ਼ਿਵਰਾਜ ਸਿੰਘ ਚੌਹਾਨ ਦੀ ਸਰਕਾਰ ਨੇ 'ਲਾਡਲੀ ਬਹਿਨਾ ਯੋਜਨਾ' ਦਾ ਦਾਅ ਖੇਡਿਆ। ਇਸ ਤਹਿਤ 21 ਤੋਂ 60 ਸਾਲ ਦੀਆਂ ਔਰਤਾਂ ਦੇ ਖਾਤੇ ਵਿਚ ਸਿੱਧੇ ਪੈਸੇ ਟ੍ਰਾਂਸਫਰ ਕੀਤੇ ਗਏ। ਨਤੀਜਾ ਇਹ ਹੋਇਆ ਕਿ ਤਮਾਮ ਅੰਦਾਜ਼ਿਆਂ ਨੂੰ ਦਰਕਿਨਾਰ ਕਰਦੇ ਹੋਏ ਭਾਜਪਾ ਨੇ 230 ਵਿਚੋਂ 163 ਸੀਟਾਂ ਜਿੱਤ ਕੇ ਹੂੰਝਾਫੇਰ ਬਹੁਮਤ ਹਾਸਲ ਕੀਤਾ। ਇਸ ਜਿੱਤ ਨੂੰ ਪੂਰੀ ਤਰ੍ਹਾਂ 'ਮਹਿਲਾ ਵੋਟਰਾਂ ਦਾ ਚਮਤਕਾਰ' ਮੰਨਿਆ ਗਿਆ।

ਇਸ ਸਬੰਧ ਵਿਚ ਭਾਰਤੀ ਸਟੇਟ ਬੈਂਕ ਦੀ ਇੱਕ ਰਿਸਰਚ ਰਿਪੋਰਟ ਬੇਹੱਦ ਚੌਂਕਾਉਣ ਵਾਲੇ ਤੱਥ ਸਾਹਮਣੇ ਲਿਆਉਂਦੀ ਹੈ। ਰਿਪੋਰਟ ਅਨੁਸਾਰ, ਮੱਧ ਪ੍ਰਦੇਸ਼ ਦੇ ਜਿਨ੍ਹਾਂ ਜ਼ਿਲ੍ਹਿਆਂ ਵਿਚ 'ਲਾਡਲੀ ਬਹਿਨਾ ਯੋਜਨਾ' ਦੇ ਲਾਭਪਾਤਰੀਆਂ ਦੀ ਸੰਖਿਆ ਵਿਚ ਮਹਿਜ਼ 1% ਦਾ ਵਾਧਾ ਦੇਖਿਆ ਗਿਆ, ਉੱਥੇ ਸੱਤਾਧਾਰੀ ਦਲ ਦੇ ਵੋਟ ਸ਼ੇਅਰ ਅਤੇ ਸਫ਼ਲਤਾ ਦਰ ਵਿਚ 0.36% ਦਾ ਸਿੱਧਾ ਉਛਾਲ ਦਰਜ ਕੀਤਾ ਗਿਆ। ਇਸ ਯੋਜਨਾ ਨੇ ਔਰਤਾਂ ਨੂੰ ਨਾ ਸਿਰਫ਼ ਆਰਥਿਕ ਤੌਰ 'ਤੇ ਪ੍ਰਭਾਵਿਤ ਕੀਤਾ, ਸਗੋਂ ਉਨ੍ਹਾਂ ਨੂੰ ਆਪਣੇ ਘਰਾਂ ਤੋਂ ਬਾਹਰ ਨਿਕਲ ਕੇ ਭਾਰੀ ਸੰਖਿਆ ਵਿਚ ਪੋਲਿੰਗ ਬੂਥਾਂ ਤੱਕ ਜਾ ਕੇ ਇੱਕਤਰਫ਼ਾ ਵੋਟ ਪਾਉਣ ਲਈ ਵੀ ਪ੍ਰੇਰਿਤ ਕੀਤਾ।

ਇਸ 'ਲਾਡਲੀ ਸਿਆਸਤ' ਦੀ ਅਸਲੀ ਵਜ੍ਹਾ ਕੋਈ ਗੁਪਤ ਰਹੱਸ ਨਹੀਂ, ਸਗੋਂ ਇਹ ਮਹਿਲਾ ਵੋਟਰਾਂ ਦੇ ਤੇਜ਼ੀ ਨਾਲ ਬਦਲਦੇ ਅੰਕੜਿਆਂ ਨਾਲ ਜੁੜੀ ਹੋਈ ਹੈ। ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿਚ ਭਾਰਤ ਦੇ ਇਤਿਹਾਸ ਵਿਚ ਰਿਕਾਰਡ 31.2 ਕਰੋੜ ਔਰਤਾਂ ਨੇ ਆਪਣੇ ਮਤਾਧਿਕਾਰ ਦਾ ਇਸਤੇਮਾਲ ਕੀਤਾ। ਦੇਸ਼ ਦੇ 36 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚੋਂ 19 ਰਾਜਾਂ ਵਿਚ ਔਰਤਾਂ ਦਾ ਵੋਟਿੰਗ ਫ਼ੀਸਦੀ ਮਰਦਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਸੀ। ਔਰਤਾਂ ਦੀ ਇਹ ਭਾਰੀ ਹਿੱਸੇਦਾਰੀ ਹੁਣ ਕਿਸੇ ਵੀ ਚੋਣ ਦਾ ਪਾਸਾ ਪਲਟਣ ਲਈ ਕਾਫ਼ੀ ਹੈ, ਅਤੇ ਇਹੀ ਵਜ੍ਹਾ ਹੈ ਕਿ ਸਿਆਸੀ ਰਣਨੀਤੀਕਾਰ ਹੁਣ ਆਪਣਾ ਪੂਰਾ ਏਜੰਡਾ ਔਰਤਾਂ ਨੂੰ ਕੇਂਦਰ ਵਿਚ ਰੱਖ ਕੇ ਤਿਆਰ ਕਰਦੇ ਹਨ।

ਜੇਕਰ ਅਸੀਂ ਅਤੀਤ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਸਾਲ 1962 ਦੀਆਂ ਆਮ ਚੋਣਾਂ ਵਿਚ ਔਰਤਾਂ ਦਾ ਕੁੱਲ ਵੋਟਿੰਗ ਟਰਨਆਊਟ ਮਹਿਜ਼ 47% ਸੀ, ਜਦੋਂ ਕਿ ਮਰਦਾਂ ਦਾ 63% ਸੀ-ਯਾਨੀ ਦੋਵਾਂ ਵਿਚਕਾਰ 16% ਦਾ ਇੱਕ ਵੱਡਾ ਫ਼ਰਕ ਸੀ। ਪਰ ਸਾਲ 2019 ਦੀਆਂ ਚੋਣਾਂ ਵਿਚ ਪਹਿਲੀ ਵਾਰ ਇੱਕ ਨਵਾਂ ਇਤਿਹਾਸ ਬਣਿਆ, ਜਦੋਂ ਔਰਤਾਂ ਨੇ ਮਤਦਾਨ ਦੇ ਮਾਮਲੇ ਵਿਚ ਮਰਦਾਂ ਨੂੰ ਪਿੱਛੇ ਛੱਡ ਦਿੱਤਾ। ਸਾਲ 2024 ਵਿਚ ਇਹ ਅੰਤਰ ਹੋਰ ਵਧ ਗਿਆ ਅਤੇ ਦੇਸ਼ ਦੇ ਲਗਭਗ 137 ਲੋਕ ਸਭਾ ਖੇਤਰਾਂ ਵਿਚ ਔਰਤਾਂ ਨੇ ਮਰਦਾਂ ਦੀ ਤੁਲਨਾ ਵਿਚ ਬਹੁਤ ਜ਼ਿਆਦਾ ਮਤਦਾਨ ਕੀਤਾ। ਇਹ ਬਦਲਾਅ ਸਿਰਫ਼ ਸੰਖਿਆ ਦਾ ਨਹੀਂ, ਸਗੋਂ ਇਹ ਭਾਰਤੀ ਔਰਤਾਂ ਦੇ ਅੰਦਰ ਆਉਂਦੀ ਜਾ ਰਹੀ ਸਿਆਸੀ ਅਤੇ ਸਮਾਜਿਕ ਚੇਤਨਾ ਦਾ ਵੀ ਪ੍ਰਤੀਕ ਹੈ।

ਅੰਤਰਰਾਸ਼ਟਰੀ ਥਿੰਕ ਟੈਂਕ 'ਕਾਰਨੇਗੀ ਐਂਡੋਮੈਂਟ ਫਾਰ ਇੰਟਰਨੈਸ਼ਨਲ ਪੀਸ' ਦੇ ਇੱਕ ਵਿਆਪਕ ਅਧਿਐਨ ਅਨੁਸਾਰ, ਚੋਣਾਂ ਵਿਚ ਔਰਤਾਂ ਦੀ ਇਹ ਵਧਦੀ ਹੋਈ ਭਾਗੀਦਾਰੀ ਸਿੱਧੇ ਤੌਰ 'ਤੇ ਉਨ੍ਹਾਂ ਕਲਿਆਣਕਾਰੀ ਅਤੇ ਵਿੱਤੀ ਯੋਜਨਾਵਾਂ ਨਾਲ ਜੁੜੀ ਹੋਈ ਹੈ ਜੋ ਸਿੱਧੇ ਉਨ੍ਹਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ। ਪਰ ਇੱਥੇ ਇੱਕ ਬੁਨਿਆਦੀ ਅਤੇ ਨੈਤਿਕ ਸਵਾਲ ਹੈ ਕਿ ਕੀ ਭਾਰਤੀ ਔਰਤਾਂ ਸੱਚਮੁੱਚ ਸਿਆਸੀ ਤੌਰ 'ਤੇ ਜਾਗਰੂਕ ਅਤੇ ਸੁਤੰਤਰ ਹੋ ਗਈਆਂ ਹਨ, ਜਾਂ ਫਿਰ ਸਿਆਸਤਦਾਨਾਂ ਵੱਲੋਂ ਉਨ੍ਹਾਂ ਨੂੰ ਮੁਫ਼ਤ ਦੀਆਂ ਚੀਜ਼ਾਂ ਅਤੇ ਪੈਸਿਆਂ ਦਾ ਲਾਲਚ ਦੇ ਕੇ ਆਪਣੀ ਤਰਫ਼ ਖਿੱਚਿਆ ਜਾ ਰਿਹਾ ਹੈ?

ਹਾਲਾਂਕਿ, ਇੱਕ ਹੋਰ ਹਾਂ-ਪੱਖੀ ਪਹਿਲੂ ਇਹ ਵੀ ਹੈ ਕਿ ਸਾਲ 2014 ਤੋਂ 2019 ਤਕ ਕੀਤੇ ਸਰਵੇਖਣ ਦੱਸਦੇ ਹਨ ਕਿ ਲਗਭਗ 70% ਔਰਤਾਂ ਨੇ ਆਪਣੀ ਮਰਜ਼ੀ ਨਾਲ ਅਤੇ ਪੂਰੀ ਤਰ੍ਹਾਂ ਸੁਤੰਤਰ ਹੋ ਕੇ ਵੋਟ ਪਾਈ, ਅਤੇ ਉਨ੍ਹਾਂ ਪਰਿਵਾਰ ਦੇ ਮਰਦਾਂ ਦੇ ਸਿਆਸੀ ਦਬਾਅ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। 2024 ਵਿਚ ਔਰਤਾਂ ਦੀ ਇਹ ਵੈਚਾਰਿਕ ਸੁਤੰਤਰਤਾ ਹੋਰ ਮਜ਼ਬੂਤ ਹੋ ਕੇ ਉਭਰੀ ਹੈ।

ਉਦਾਹਰਨ ਦੇ ਤੌਰ 'ਤੇ, ਤਾਮਿਲਨਾਡੂ ਵਿਚ ਡੀ.ਐਮ.ਕੇ. ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁਫ਼ਤ ਬੱਸ ਸੇਵਾ ਦੇ ਨਤੀਜੇ ਸਮਾਜਿਕ ਤੌਰ 'ਤੇ ਕਾਫ਼ੀ ਉਤਸ਼ਾਹਜਨਕ ਰਹੇ। ਇਸ ਨਾਲ ਕੰਮਕਾਜੀ ਅਤੇ ਗ਼ਰੀਬ ਔਰਤਾਂ ਦੀ ਗਤੀਸ਼ੀਲਤਾ ਵਧੀ ਅਤੇ ਉਹ ਕੰਮ ਦੇ ਸਿਲਸਿਲੇ ਵਿਚ ਬਾਹਰ ਨਿਕਲਣ ਲੱਗੀਆਂ। ਪਰ ਦੂਜਾ ਪਹਿਲੂ ਇਹ ਵੀ ਹੈ ਕਿ ਇਸ ਨਾਲ ਸੂਬਾ ਟ੍ਰਾਂਸਪੋਰਟ ਨਿਗਮ ਅਤੇ ਸਰਕਾਰੀ ਖ਼ਜ਼ਾਨੇ 'ਤੇ ਸਾਲਾਨਾ 1,500 ਕਰੋੜ ਰੁਪਏ ਦੀ ਸਬਸਿਡੀ ਦਾ ਵਿੱਤੀ ਬੋਝ ਆ ਪਿਆ। ਇਸੇ ਤਰਜ਼ 'ਤੇ ਜੂਨ 2023 ਵਿਚ ਕਰਨਾਟਕ ਅਤੇ ਤੇਲੰਗਾਨਾ ਦੀਆਂ ਸਰਕਾਰਾਂ ਨੇ ਵੀ ਇਸ ਯੋਜਨਾ ਨੂੰ ਲਾਗੂ ਕੀਤਾ, ਜਿਸ ਨਾਲ ਉਨ੍ਹਾਂ ਦਾ ਬਜਟ ਘਾਟਾ ਵਧ ਗਿਆ।

ਸਭ ਤੋਂ ਵੱਡਾ ਅਤੇ ਗੰਭੀਰ ਸਵਾਲ ਇਹ ਹੈ ਕਿ ਕੀ ਮੁਫ਼ਤ ਦੀਆਂ ਇਹ ਲੋਕ-ਲੁਭਾਵਣ ਯੋਜਨਾਵਾਂ ਸੂਬਿਆਂ ਦੇ ਮੁੱਖ ਵਿਕਾਸ ਕਾਰਜਾਂ ਜਿਵੇਂ-ਗੁਣਵੱਤਾਪੂਰਨ ਸਿੱਖਿਆ, ਸਿਹਤ ਸਹੂਲਤਾਂ, ਹਸਪਤਾਲ ਅਤੇ ਬੁਨਿਆਦੀ ਢਾਂਚੇ ਦੇ ਨਿਰਮਾਣ ਨੂੰ ਬਹੁਤ ਪਿੱਛੇ ਨਹੀਂ ਧੱਕ ਰਹੀਆਂ? ਖ਼ਜ਼ਾਨੇ ਖਾਲੀ ਹੋਣ ਕਾਰਨ ਵਿਕਾਸ ਯੋਜਨਾਵਾਂ ਅਤੇ ਨਵੀਆਂ ਨੌਕਰੀਆਂ ਪੈਦਾ ਕਰਨ ਦੇ ਕੰਮ ਸਰਕਾਰਾਂ ਦੀ ਤਰਜੀਹੀ ਸੂਚੀ ਵਿਚ ਦੂਜੇ ਜਾਂ ਤੀਜੇ ਨੰਬਰ 'ਤੇ ਚਲੇ ਗਏ ਹਨ।

ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਇਹ ਮਹੀਨਾਵਾਰ ਭੱਤੇ ਅਤੇ ਮੁਫ਼ਤ ਯਾਤਰਾਵਾਂ ਗਰੀਬ ਔਰਤਾਂ ਨੂੰ ਤਤਕਾਲੀ ਰੂਪ ਵਿਚ ਇੱਕ ਵੱਡੀ ਆਰਥਿਕ ਰਾਹਤ ਦਿੰਦੀਆਂ ਹਨ। ਪਰ ਉਨ੍ਹਾਂ ਲੰਮੇ ਸਮੇਂ ਦੇ ਅਤੇ ਠੋਸ ਪ੍ਰੋਜੈਕਟਾਂ ਦਾ ਕੀ ਹੋਵੇਗਾ ਜੋ ਔਰਤਾਂ ਦੇ ਸਥਾਈ ਸਸ਼ਕਤੀਕਰਨ ਅਤੇ ਉਨ੍ਹਾਂ ਨੂੰ ਆਤਮ-ਨਿਰਭਰ ਬਣਾਉਣ ਲਈ ਬੇਹੱਦ ਜ਼ਰੂਰੀ ਹਨ? ਸਰਕਾਰਾਂ ਕੇਵਲ ਸ਼ਾਰਟ-ਟਰਮ (ਘੱਟ ਸਮੇਂ ਦੇ) ਫਾਇਦੇ ਦਿਖਾ ਕੇ ਅਤੇ ਵੋਟਰਾਂ ਨੂੰ ਪ੍ਰਭਾਵਿਤ ਕਰਕੇ ਸੱਤਾ ਦੀ ਕੁਰਸੀ ਹਥਿਆ ਰਹੀਆਂ ਹਨ।

ਔਰਤਾਂ ਨੂੰ ਬੱਸਾਂ ਵਿਚ ਸਿਰਫ਼ ਮੁਫ਼ਤ ਸਫ਼ਰ ਦਾ ਲਾਲਚ ਦੇਣ ਜਾਂ ਚੰਦ ਰੁਪਏ ਪ੍ਰਤੀ ਮਹੀਨਾ ਦੇਣ ਦੀ ਬਜਾਏ, ਉਨ੍ਹਾਂ ਨੂੰ ਬਿਹਤਰ ਅਤੇ ਉੱਚ ਸਿੱਖਿਆ ਕਿਉਂ ਨਹੀਂ ਦਿੱਤੀ ਜਾਂਦੀ? ਉਨ੍ਹਾਂ ਨੂੰ ਹਰ ਖੇਤਰ ਵਿਚ ਰੁਜ਼ਗਾਰ ਦੇ ਬਰਾਬਰ ਅਵਸਰ, ਬਰਾਬਰ ਕੰਮ ਲਈ ਬਰਾਬਰ ਤਨਖ਼ਾਹ, ਸਖ਼ਤ ਕਾਨੂੰਨੀ ਸੁਰੱਖਿਆ, ਸੁਰੱਖਿਅਤ ਮਾਹੌਲ ਅਤੇ ਦੇਸ਼ ਦੀ ਮੁੱਖ ਧਾਰਾ ਦੀ ਰਾਜਨੀਤੀ ਵਿਚ ਬਰਾਬਰ ਦੀ ਟਿਕਟ ਅਤੇ ਹਿੱਸੇਦਾਰੀ ਕਿਉਂ ਨਹੀਂ ਦਿੱਤੀ ਜਾਂਦੀ?

ਜਦੋਂ ਤੱਕ ਔਰਤਾਂ ਨੂੰ ਫੈਸਲੇ ਲੈਣ ਵਾਲੇ ਉੱਚ ਪ੍ਰਸ਼ਾਸਨਿਕ ਅਹੁਦਿਆਂ ਅਤੇ ਨੀਤੀ-ਘੜਨ ਵਾਲੀਆਂ ਕਮੇਟੀਆਂ ਵਿਚ ਅਸਲ ਨੁਮਾਇੰਦਗੀ ਨਹੀਂ ਮਿਲਦੀ, ਉਦੋਂ ਤੱਕ ਅਜਿਹੀਆਂ ਸਕੀਮਾਂ ਸਿਰਫ਼ ਸਿਆਸੀ ਹੱਥਕੰਡਾ ਹੀ ਰਹਿਣਗੀਆਂ।

ਅੱਜ ਦੇ ਸਿਆਸਤਦਾਨ ਔਰਤਾਂ ਨੂੰ ਕੇਵਲ ਇੱਕ 'ਲਾਭਪਾਤਰੀ' ਵਰਗ ਜਾਂ ਕੈਟੇਗਰੀ ਵਿਚ ਉਲਝਾ ਕੇ ਰੱਖ ਰਹੇ ਹਨ, ਜਿਸ ਨਾਲ ਉਹ ਦੇਸ਼ ਦੀ ਮੁੱਖ ਰਾਜਨੀਤੀ ਅਤੇ ਨੀਤੀ-ਨਿਰਧਾਰਨ ਦੀ ਪ੍ਰਕਿਰਿਆ ਤੋਂ ਦੂਰ ਰਹਿਣ। ਭਾਰਤੀ ਔਰਤਾਂ ਨੂੰ ਡੂੰਘਾਈ ਨਾਲ ਸਮਝਣਾ ਹੋਵੇਗਾ ਕਿ ਇਹ ਮੁਫ਼ਤ ਦੀਆਂ ਸਹੂਲਤਾਂ ਅਤੇ ਖ਼ੈਰਾਤ ਉਨ੍ਹਾਂ ਦੀ ਆਰਥਿਕ ਤੰਗੀ ਨੂੰ ਕੁਝ ਸਮੇਂ ਲਈ ਘੱਟ ਕਰਨ ਦਾ ਇੱਕ ਜ਼ਰੀਆ ਤਾਂ ਹੋ ਸਕਦੀਆਂ ਹਨ, ਪਰ ਇਹ ਉਨ੍ਹਾਂ ਦੀ ਪ੍ਰਗਤੀ ਦੀ ਅਸਲੀ ਮੰਜ਼ਿਲ ਜਾਂ ਵਾਸਤਵਿਕ ਸਸ਼ਕਤੀਕਰਨ ਕਦਾਚਿਤ ਨਹੀਂ ਹੈ। ਸੱਚੀ ਆਜ਼ਾਦੀ ਅਤੇ ਬਰਾਬਰੀ ਮੁਫ਼ਤ ਦੇ ਭੱਤਿਆਂ ਤੋਂ ਨਹੀਂ, ਬਲਕਿ ਸਿੱਖਿਆ, ਅਧਿਕਾਰ ਅਤੇ ਆਤਮ-ਨਿਰਭਰਤਾ ਨਾਲ ਹੀ ਹਾਸਲ ਕੀਤੀ ਜਾ ਸਕਦੀ ਹੈ।

# ਕਿਤੇ ਸਕੂਲੀ ਸਿਸਟਮ ਕੁਝ ਏਦਾਂ ਦਾ ਹੀ ਨਾ ਹੋ ਜਾਵੇ...।

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

*ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

ਅੱਜ ਕੋਈ ਸਕੂਲ ਦੀ ਚੈਕਿੰਗ ਕਰਨ ਆ ਰਿਹਾ ਸੀ...ਹਰ ਚੀਜ ਆਪਣੇ ਟਿਕਾਣੇ ਤੇ ਸ਼ੀਸ਼ੇ ਵਾਂਙ ਲਿਸ਼ਕਦੀ ਹੋਈ ਲੱਗ ਰਹੀ ਸੀ...ਪੂਰੇ ਟਾਈਮ 'ਤੇ ਜੀਪ ਗੇਟ ਮੂਹਰੇ ਆ ਕੇ ਰੁਕੀ ਤੇ ਸਾਬ ਜੀ ਨੇ ਪੈਰ ਥੱਲੇ ਧਰਿਆ...ਸਾਬ ਜੀ ਕਾਹਦਾ ਬੱਸ ਨਿੱਕੀ ਜਿਹੀ ਦੁਰਬੀਨ...ਦਰਮਿਆਨਾ ਜਿਹਾ ਕਦ...ਬਾਜ ਵਰਗੀਆਂ ਅੱਖਾਂ...ਕਾਲੀਆਂ ਐਨਕਾਂ ਵਿਚੋਂ ਸਕੂਲ ਦੀ ਇੱਕ ਇੱਕ ਨੁੱਕਰ ਦਾ ਪੋਸਟਮਾਰਟਮ ਕਰਦੀਆਂ ਹੋਈਆਂ ਤੇਜ ਨਜ਼ਰਾਂ!

ਪੰਜਵੀ ਜਮਾਤ ਅੰਦਰ ਵੜ ਇੱਕ ਮੁੰਡੇ ਨੂੰ ਖੜਾ ਕਰ ਲਿਆ...ਪ੍ਰਧਾਨ ਮੰਤਰੀ ਕੌਣ ਹੈ ਦੇਸ਼ ਦਾ...?

ਆਖਦਾ...ਜੀ ਗੁਰਨਾਮ ਸਿੰਘ...ਅੱਗੋਂ ਗੁੱਸੇ ਵਿਚ...'ਓਏ ਪ੍ਰਧਾਨ ਮੰਤਰੀ ਪੁੱਛਿਆ ਸਰਪੰਚ ਨੀ...ਤੈਨੂੰ ਪਤਾ ਨਾਮ ਕੱਟ ਸਕਦੈ ਤੇਰਾ ਤੇ ਸਕੂਲੋਂ ਵੀ ਕਢਵਾ ਸਕਦਾਂ ਤੈਨੂੰ ਨਲਾਇਕਾ...'

'ਕੱਢ ਦਿਓ ਜੀ...ਕੋਈ ਫਰਕ ਨੀ ਪੈਂਦਾ...ਮੈਂ ਕਿਹੜਾ ਇਥੇ ਪੜ੍ਹਦਾਂ...ਮੈਨੂੰ ਤੇ ਸੁਵੇਰੇ-ਸੁਵੇਰੇ ਬੱਕਰੀਆਂ ਚਾਰਦੇ ਨੂੰ ਮਾਸਟਰ ਜੀ ਨੇ ਕਿਹਾ ਸੀ ਕਿ ਜਾ ਕੇ ਇਸ ਜਮਾਤ ਵਿਚ ਬਹਿ ਜਾ...ਸ਼ਾਮਾਂ ਨੂੰ ਦਸਾਂ ਦਾ ਨੋਟ ਮਿਲੂ...ਹੁਣ ਦੱਸ, ਨੋਟ ਤੂੰ ਦਵੇਂਗਾ ਕੇ ਮਾਸਟਰ ਜੀ?'



ਗੁੱਸੇ ਵਿਚ ਆਏ ਨੇ ਮਾਸਟਰ ਨੂੰ ਸੱਦ ਲਿਆ ਤੇ ਸ਼ੁਰੂ ਹੋ ਗਿਆ...'ਕੀ ਮਜਾਕ ਬਣਾਇਆ ਤੁਸਾਂ ਲੋਕਾਂ ਨੇ...ਫਰਜੀ ਵਿਦਿਆਰਥੀ ਬਿਠਾ ਰੱਖੇ...ਤੈਨੂੰ ਪਤਾ ਮੈਂ ਤੈਨੂੰ ਨੌਕਰੀ ਤੋਂ ਕੱਢ ਸਕਦਾਂ, ਇਸ ਫਰਾਡ ਕਰਕੇ...!'

'ਕੱਢ ਦਿਓ ਜੀ...ਮੈਂ ਕਿਹੜਾ ਮਾਸਟਰ ਹਾਂ ਇਥੋਂ ਦਾ...ਅਸਲੀ ਮਾਸਟਰ ਤੇ ਮੇਰਾ ਗੁਆਂਢੀ ਪੰਸਾਰੀ ਦੀ ਹੱਟੀ ਵਾਲਾ ਲਾਲਾ ਜੀ ਹੈ...ਉਹ ਅੱਜ ਸੌਦਾ ਲੈਣ ਸ਼ਹਿਰ ਜਾਂਦਾ-ਜਾਂਦਾ ਮੈਨੂੰ ਬਿਠਾ ਗਿਆ ਸੀ ਇਥੇ, ਤੇ ਕਹਿ ਗਿਆ ਸੀ ਕਿ ਇੱਕ ਗਿਠ-ਮੁੱਠੀਆ ਛੋਟਾ ਚੇਤਨ ਆਵੇਗਾ...ਥੋੜੇ ਚਿਰ ਲਈ ਸਾਂਭ ਲਵੀਂ ਉਸਨੂੰ...ਆਕੇ ਸੌ ਰੁਪਈਏ ਦਿਊਂਗਾ।'

ਇੰਸਪੈਕਟਰ ਗੁੱਸੇ ਵਿਚ ਮੁਠੀਆਂ ਮੀਚਦਾ ਹੋਇਆ ਪ੍ਰਿੰਸੀਪਲ ਦੇ ਕਮਰੇ ਵਿਚ ਪਹੁੰਚ ਗਿਆ ਤੇ ਆਖਣ ਲੱਗਾ...'ਕੀ ਪਾਖੰਡ ਬਣਾਇਆ ਸਕੂਲ ਨੂੰ ਤੁਸਾਂ ਲੋਕਾਂ ਨੇ...ਇਸ ਕਰਕੇ ਮਿਲਦੀ ਏ ਤੁਹਾਨੂੰ ਸਰਕਾਰੀ ਗ੍ਰਾਂਟ? ਤੈਨੂੰ ਪਤਾ ਤੁਹਾਡੀਆਂ ਇਨ੍ਹਾਂ ਕਰਤੂਤਾਂ ਕਰਕੇ ਤੁਹਾਡੇ ਸਕੂਲ ਦੀ ਮਾਨਤਾ ਵੀ ਰੱਦ ਹੋ ਸਕਦੀ ਹੈ...।'

ਪ੍ਰਿੰਸੀਪਲ ਨੇ ਆਰਾਮ ਨਾਲ ਅਲਮਾਰੀ ਵਿਚੋਂ ਪੈਸਿਆਂ ਵਾਲੀ ਦੱਬੀ ਕੱਢੀ ਤੇ ਇੰਸਪੈਕਟਰ ਦੇ ਸਾਮ੍ਹਣੇ ਵਗਾਹ ਮਾਰੀ ਤੇ ਆਖਿਆ 'ਮੈਂ ਕਿਹੜਾ ਪ੍ਰਿੰਸੀਪਲ ਹਾਂ ਇਥੋਂ ਦਾ...ਉਹ ਤੇ ਮੇਰਾ ਚਾਚਾ ਹੈ ਪ੍ਰੋਪਰਟੀ ਡੀਲਰ...ਅੱਜ ਕਿਸੇ ਪਲਾਟ ਦੇ ਬਿਆਨੇ ਦੇ ਸਿਲਸਿਲੇ ਵਿਚ ਸ਼ਹਿਰ ਗਿਆ...ਆਖਦਾ ਸੀ ਇੱਕ ਡੇਢ ਫੁੱਟੀ ਚਵਲ ਆਉਗੀ ਸਕੂਲੇ...ਜੇ ਬਹੁਤੀ ਤਿੜ-ਫਿੜ ਕਰੂ ਤਾਂ ਨੋਟਾਂ ਦਾ ਬੰਡਲ ਓਹਦੇ ਮੂੰਹ 'ਤੇ ਮਾਰੀ ਤੇ ਦਫ਼ਾ ਕਰੀਂ ਉਨੂੰ!'

ਮੁਸਕੁਰਾਉਂਦਾ ਹੋਇਆ ਇੰਸਪੈਕਟਰ ਪੈਸਿਆਂ ਵਾਲੀ ਦੱਬੀ ਚੁੱਕ ਆਪਣੀ ਜੇਬ ਵਿਚ ਪਾਉਂਦਾ ਹੋਇਆ ਆਖਣ ਲੱਗਾ...'ਉਹ ਤੇ ਕਿਸਮਤ ਚੰਗੀ ਸੀ ਪਤੰਦਰੋ ਤੁਹਾਡੀ ਜਿਹੜੇ ਮਾਮਾ ਜੀ ਨੂੰ ਸੜਕ ਦੇ ਠੇਕੇ ਦੇ ਸਿਲਸਿਲੇ ਵਿਚ ਅਚਾਨਕ ਸ਼ਹਿਰ ਜਾਣਾ ਪੈ ਗਿਆ...ਜੇ ਕਿਤੇ ਮੇਰੀ ਜਗ੍ਹਾ ਅੱਜ ਉਹ ਆ ਜਾਂਦੇ ਤਾਂ ਸਾਰੇ ਦੇ ਸਾਰੇ ਸਸਪੈਂਡ ਹੋਣੇ ਸੀ ਤੁਸੀਂ ਅੱਜ' ਰੱਬ ਕਰੇ ਅੱਜ ਦਾ ਤੇ ਜਾਂ ਫੇਰ ਆਉਣ ਵਾਲੇ ਸਮੇਂ ਦਾ ਸਕੂਲੀ ਸਿਸਟਮ ਕੁਝ ਏਦਾਂ ਦਾ ਹੀ ਨਾ ਹੋ ਜਾਵੇ...।

ਦੱਸਦੇ ਜੇ ਕਿਸੇ ਕੌਮ ਦੀ ਨਸਲਕੁਸ਼ੀ ਕਰਨੀ ਹੋਵੇ ਤਾਂ ਕੋਈ ਹਥਿਆਰ ਚਲਾਉਣ ਦੀ ਲੋੜ ਨਹੀਂ ਤੇ ਨਾ ਹੀ ਕਿਸੇ ਨੂੰ ਮੁਕਾਬਲੇ ਵਿਚ ਮਾਰਨ ਦੀ ਹੀ ਲੋੜ ਏ...ਬੱਸ ਸਿੱਖਿਆ ਪ੍ਰਣਾਲੀ ਤਹਿਸ-ਨਹਿਸ ਕਰ ਦੇਵੋ...ਨੌਜੁਆਨੀ ਮਾਨਸਿਕ ਅਤੇ ਬੌਧਿਕ ਤੌਰ ਤੇ ਅਪਾਹਿਜ ਹੋ ਜਾਵੇਗੀ...!

# ਇਜ਼ਰਾਇਲੀ ਦਹਿਸ਼ਤਵਾਦੀ ਜੰਗ ਵਿਚ ਭਾਰਤ ਦੀ ਫ਼ੌਜੀ ਮਦਦ

## (ਮਿਡਲ ਈਸਟ ਆਈ ਦੀ ਰਿਪੋਰਟ 'ਤੇ ਆਧਾਰਤ)

ਬੂਟਾ ਸਿੰਘ ਮਹਿਮੂਦਪੁਰ

ਮਿਡਲ ਈਸਟ ਆਈ ਨੇ ਆਪਣੀ 18 ਮਈ ਦੀ ਰਿਪੋਰਟ ਵਿਚ ਭਾਰਤ ਵੱਲੋਂ ਇਜ਼ਰਾਈਲ ਨੂੰ ਕੀਤੀ ਜਾ ਰਹੀ ਫ਼ੌਜੀ ਸਪਲਾਈ ਵੱਲ ਧਿਆਨ ਖਿੱਚਿਆ ਹੈ। 'ਬਾਈਕਾਟ, ਡਾਈਵੈਸਟਮੈਂਟ ਐਂਡ ਸੈਂਕਸ਼ਨਜ਼' (ਬੀ.ਡੀ.ਐੱਸ.) ਅੰਦੋਲਨ ਅਤੇ 'ਨੋ ਹਾਰਬਰ ਫਾਰ ਜੈਨੋਸਾਈਡ' (ਐੱਨ.ਐੱਚ.ਬੀ.) ਦੇ ਕਾਰਕੁਨਾਂ ਨੇ ਭਾਰਤ ਤੋਂ ਇਜ਼ਰਾਈਲ ਨੂੰ ਹੋ ਰਹੀ ਫ਼ੌਜੀ ਸਪਲਾਈ ਦੇ 'ਹੜ੍ਹ' ਬਾਰੇ ਫ਼ਿਕਰਮੰਦੀ ਜ਼ਾਹਿਰ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਈ ਜਹਾਜ਼ਾਂ 'ਤੇ ਫ਼ੌਜੀ-ਗ੍ਰੇਡ ਸਟੀਲ ਦੀਆਂ ਛੇ ਖੇਪਾਂ ਦੀ ਪਛਾਣ ਕੀਤੀ ਗਈ ਹੈ, ਜੋ ਇਜ਼ਰਾਈਲ ਦੇ ਹਥਿਆਰ ਕਾਰਖ਼ਾਨਿਆਂ ਨੂੰ ਭੇਜੀਆਂ ਜਾ ਰਹੀਆਂ ਸਨ। ਇਨ੍ਹਾਂ ਖੇਪਾਂ ਵਿਚ ਲਗਭਗ 806 ਟਨ ਫ਼ੌਜੀ-ਗ੍ਰੇਡ ਸਟੀਲ ਸੀ, ਜਿਸ ਨਾਲ ਇਜ਼ਰਾਈਲੀ ਫ਼ੌਜ ਲਗਭਗ 17,458 ਆਰਟਿਲਰੀ ਗੋਲੇ (155 ਐੱਮ.ਐੱਮ.) ਤਿਆਰ ਕਰ ਸਕਦੀ ਸੀ। 7 ਅਕਤੂਬਰ 2023 ਦੇ ਹਮਾਸ ਹਮਲਿਆਂ ਤੋਂ ਬਾਅਦ ਸ਼ੁਰੂਆਤੀ ਮਹੀਨਿਆਂ ਵਿਚ ਹੀ ਇਜ਼ਰਾਈਲ ਨੇ ਗਾਜ਼ਾ ਅਤੇ ਲੈਬਨਾਨ ਉੱਤੇ 1 ਲੱਖ ਤੋਂ ਵੱਧ ਆਰਟਿਲਰੀ ਗੋਲੇ ਸੁੱਟੇ ਸਨ। ਅਕਤੂਬਰ 2023 ਦੇ ਅੱਧ ਤੱਕ ਹੀ ਇਜ਼ਰਾਈਲੀ ਸਰਕਾਰ ਨੇ ਅਮਰੀਕਾ ਤੋਂ ਵਾਧੂ 155 ਐੱਮ.ਐੱਮ. ਗੋਲਿਆਂ ਦੀ ਮੰਗ ਕੀਤੀ ਸੀ, ਕਿਉਂਕਿ ਉਸਦਾ ਸਟਾਕ ਘਟ ਰਿਹਾ ਸੀ।

ਅੰਦੋਲਨ ਦੇ ਮੁਤਾਬਕ, ਇਨ੍ਹਾਂ ਵਿਚੋਂ ਤਿੰਨ ਖੇਪਾਂ, ਜਿਨ੍ਹਾਂ ਨੂੰ ਜਨੇਵਾ ਅਧਾਰਤ ਮੈਡੀਟਰੇਨੀਅਨ ਸ਼ਿਪਿੰਗ ਕੰਪਨੀ (ਐੱਮ.ਐੱਸ.ਸੀ.) ਲੈ ਕੇ ਜਾ ਰਹੀ ਸੀ, ਇਸ ਵੇਲੇ ਇਟਲੀ ਵਿਚ ਰੋਕੀਆਂ ਗਈਆਂ ਹਨ — ਦੋ ਕਾਲਾਬ੍ਰੀਆ ਖੇਤਰ ਦੇ ਜਿਓਆ ਤਾਊਰੋ ਵਿਚ ਅਤੇ ਇੱਕ ਸਾਰਡੀਨੀਆ ਦੇ ਕਾਗਲੀਆਰੀ ਵਿਚ— ਜਿੱਥੇ ਅਧਿਕਾਰੀਆਂ ਨੇ ਜਾਂਚ ਲਈ ਮਾਲ ਨੂੰ ਰੋਕਿਆ ਹੋਇਆ ਹੈ। ਦੋ ਹੋਰ ਖੇਪਾਂ ਵੀ ਜਿਓਆ ਤਾਊਰੋ ਵਿਚ ਰੋਕੀਆਂ ਗਈਆਂ ਹਨ, ਜਿੱਥੇ ਅਧਿਕਾਰੀਆਂ 'ਤੇ ਜਹਾਜ਼ਾਂ ਦੀ ਜਾਂਚ ਕਰਨ ਲਈ ਦਬਾਅ ਬਣਾਇਆ ਜਾ ਰਿਹਾ ਹੈ। ਇਸ ਦੌਰਾਨ, 206 ਟਨ ਫ਼ੌਜੀ-ਗ੍ਰੇਡ ਸਟੀਲ ਵਾਲੀ ਇੱਕ ਖੇਪ ਭੂ-ਮੱਧ ਸਾਗਰ ਤੋਂ ਸ੍ਰੀਲੰਕਾ ਵੱਲ ਮੋੜ ਦਿੱਤੀ ਗਈ ਹੈ ਅਤੇ ਲੱਗਦਾ ਹੈ ਕਿ ਭੇਜਣ ਵਾਲੇ ਇਜ਼ਰਾਈਲ ਤੱਕ ਪਹੁੰਚਣ ਲਈ ਕੋਈ ਹੋਰ ਰਸਤਾ ਲੱਭ ਰਹੇ ਹਨ। ਗੱਠਜੋੜ ਵੱਲੋਂ ਪਛਾਣੀਆਂ ਗਈਆਂ ਤਾਜ਼ਾ ਖੇਪਾਂ ਉਸ ਵੇਲੇ ਸਾਹਮਣੇ ਆਈਆਂ ਹਨ ਜਦੋਂ ਲੈਬਨਾਨ ਵਿਚ ਇਜ਼ਰਾਈਲ ਦੀ ਜੰਗ ਜਾਰੀ ਹੈ, ਜਿੱਥੇ ਮਾਰਚ ਤੋਂ ਹੁਣ ਤੱਕ 3,000 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ।

ਬੀ.ਡੀ.ਐੱਸ. ਅੰਦੋਲਨ, ਜਿਸਦੀ ਸਥਾਪਨਾ 2005 ਵਿਚ ਇਜ਼ਰਾਈਲ 'ਤੇ ਅੰਤਰਰਾਸ਼ਟਰੀ ਕਾਨੂੰਨ ਅਧੀਨ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਅਹਿੰਸਕ ਦਬਾਅ ਬਣਾਉਣ ਦੇ ਉਦੇਸ਼ ਨਾਲ ਕੀਤੀ ਗਈ ਸੀ, ਦੀ ਫ਼ੌਜੀ ਪਾਬੰਦੀ ਕੋਆਰਡੀਨੇਟਰ ਇਲਹਾਮ ਯਾਸੀਨ ਨੇ ਮਿਡਲ ਈਸਟ ਆਈ ਨੂੰ ਦੱਸਿਆ: 'ਬੀ.ਡੀ.ਐੱਸ. ਅੰਦੋਲਨ ਇਹ ਸਪਲਾਈਆਂ ਇਜ਼ਰਾਈਲ ਤੱਕ ਪਹੁੰਚਣ ਤੋਂ ਰੋਕਣ ਅਤੇ ਇਜ਼ਰਾਈਲ ਦੇ ਜ਼ੁਲਮਾਂ ਵਿਚ ਭਾਈਵਾਲੀ ਲਈ ਭਾਰਤ ਦੀ ਸੱਜੇਪੱਖੀ ਸਰਕਾਰ ਅਤੇ ਕਿਸੇ ਵੀ ਭਾਈਵਾਲ ਭਾਰਤੀ ਕੰਪਨੀ ਨੂੰ ਜਵਾਬਦੇਹ ਠਹਿਰਾਉਣ ਲਈ ਦਬਾਅ ਬਣਾਉਣ ਦੀ ਅਪੀਲ ਕਰ ਰਿਹਾ ਹੈ।'

'ਨੋ ਹਾਰਬਰ ਫਾਰ ਜੈਨੋਸਾਈਡ' ਨੇ ਕਿਹਾ ਕਿ ਸਾਰੀਆਂ ਛੇ ਖੇਪਾਂ ਭਾਰਤ ਦੇ ਔਰੰਗਾਬਾਦ ਵਿਚ ਸਥਿਤ ਆਰ.ਐੱਲ. ਸਟੀਲਜ਼ ਐਂਡ ਐਨਰਜੀ ਲਿਮਿ. ਵੱਲੋਂ ਭੇਜੀਆਂ ਗਈਆਂ ਸਨ ਅਤੇ ਆਖ਼ਿਰਕਾਰ ਇਜ਼ਰਾਈਲ ਦੇ ਰਾਮਾਤ ਹਸ਼ਾਰੋਨ ਵਿਚ ਆਈ.ਐੱਮ.ਆਈ. ਸਿਸਟਮਜ਼ (ਹੁਣ ਐਲਬਿਟ ਸਿਸਟਮਜ਼ ਲੈਂਡ) ਦੇ ਇੱਕ ਮਹੱਤਵਪੂਰਨ ਹਥਿਆਰ ਨਿਰਮਾਣ ਯੂਨਿਟ ਵੱਲ ਜਾਣੀਆਂ ਸਨ। ਇਹ ਖੇਪਾਂ — ਜਿਨ੍ਹਾਂ ਦਾ ਅੰਦਾਜ਼ਨ ਮੁੱਲ ਲਗਭਗ 10 ਲੱਖ ਡਾਲਰ ਦੱਸਿਆ ਗਿਆ—ਇਸ ਸਾਲ ਜਨਵਰੀ ਤੋਂ ਮਾਰਚ ਦਰਮਿਆਨ ਮਹਾਰਾਸ਼ਟਰ ਦੇ ਨ੍ਹਾਵਾ ਸ਼ੇਵਾ ਬੰਦਰਗਾਹ, ਜਿਸਨੂੰ ਜਵਾਹਰਲਾਲ ਨਹਿਰੂ ਪੋਰਟ ਵੀ ਕਿਹਾ ਜਾਂਦਾ ਹੈ, ਤੋਂ ਭੇਜੀਆਂ ਗਈਆਂ ਸਨ।




ਯਾਸੀਨ ਦਾ ਕਹਿਣਾ ਹੈ ਕਿ 'ਅਸੀਂ ਹੁਣ ਭਾਰਤ ਤੋਂ ਇਜ਼ਰਾਈਲ ਨੂੰ ਫ਼ੌਜੀ ਸਪਲਾਈ ਦਾ ਹੜ੍ਹ ਦੇਖ ਰਹੇ ਹਾਂ।' ਆਰ.ਐੱਲ. ਸਟੀਲਜ਼ ਐਂਡ ਐਨਰਜੀ ਲਿਮਿਟਡ ਨੇ 'ਮਿਡਲ ਈਸਟ ਆਈ' ਦੀ ਟਿੱਪਣੀ ਜਾਂ ਸਪਸ਼ਟੀਕਰਨ ਦੀ ਬੇਨਤੀ ਦਾ ਕੋਈ ਜਵਾਬ ਨਹੀਂ ਦਿੱਤਾ।

ਕਾਰਕੁਨਾਂ ਦਾ ਕਹਿਣਾ ਹੈ ਕਿ ਭੂ-ਮੱਧ ਸਾਗਰ ਵਿਚ ਰੋਕੀਆਂ ਗਈਆਂ ਇਹ ਖੇਪਾਂ ਦਿਖਾਉਂਦੀਆਂ ਹਨ ਕਿ ਭਾਰਤ ਨੇ ਪਿਛਲੇ ਢਾਈ ਸਾਲਾਂ ਦੌਰਾਨ ਇਜ਼ਰਾਈਲ ਦੀ ਫ਼ੌਜੀ ਸਪਲਾਈ ਦੀ ਘਾਟ ਪੂਰੀ ਕਰਨ ਵਿਚ ਮੱਦਦ ਕੀਤੀ ਹੈ। ਇਹ ਸਭ ਜਨਵਰੀ 2024 'ਚ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਦੇ ਉਸ ਫ਼ੈਸਲੇ ਦੇ ਬਾਵਜੂਦ ਹੋ ਰਿਹਾ ਹੈ, ਜਿਸ ਵਿਚ ਮੁਲਕਾਂ ਨੂੰ ਇਜ਼ਰਾਈਲ ਦੀ ਫ਼ੌਜੀ ਮੁਹਿੰਮ ਵਿਚ ਸਹਾਇਤਾ ਕਰਨ ਵਾਲੇ ਕਦਮਾਂ ਤੋਂ ਬਚਣ ਲਈ ਕਿਹਾ ਗਿਆ ਸੀ। ਇਜ਼ਰਾਇਲੀ ਫ਼ੌਜੀ ਮੁਹਿੰਮ ਨੂੰ ਸੰਯੁਕਤ ਰਾਸ਼ਟਰ, ਨਸਲਕੁਸ਼ੀ ਵਿਦਵਾਨਾਂ ਅਤੇ ਬਹੁਤ ਸਾਰੀਆਂ ਮਨੁੱਖੀ ਅਧਿਕਾਰ ਸੰਸਥਾਵਾਂ ਵੱਲੋਂ 'ਕਤਲੇਆਮ' ਕਰਾਰ ਦਿੱਤਾ ਗਿਆ ਹੈ। ਅਕਤੂਬਰ 2023 ਵਿਚ ਗਾਜ਼ਾ ਉੱਪਰ ਥੋਪੀ ਨਸਲਵਾਦੀ ਜੰਗ ਸ਼ੁਰੂ ਹੋਣ ਤੋਂ ਬਾਅਦ ਗਾਜ਼ਾ ਵਿਚ 2 ਲੱਖ ਤੋਂ ਵੱਧ ਫ਼ਲਸਤੀਨੀ ਮਾਰੇ ਜਾਂ ਜ਼ਖ਼ਮੀ ਹੋਏ ਹਨ। ਕਥਿਤ ਜੰਗਬੰਦੀ ਦੇ ਬਾਵਜੂਦ, ਇਸ ਖ਼ਿੱਤੇ ਵਿਚ ਧੀਮੀ ਗਤੀ ਨਾਲ ਕਤਲੇਆਮ ਜਾਰੀ ਹੈ।

'ਨੋ ਹਾਰਬਰ ਫੋਰ ਜੈਨੋਸਾਈਡ' ਦੇ ਇੱਕ ਬੁਲਾਰੇ ਨੇ ਮਿਡਲ ਈਸਟ ਆਈ ਨੂੰ ਕਿਹਾ: 'ਇਜ਼ਰਾਈਲ ਕੋਲ ਵੱਡੀ ਘਰੇਲੂ ਪੈਦਾਵਾਰ ਹੈ, ਪਰ ਉਹ ਖ਼ਾਸ ਹਿੱਸਿਆਂ 'ਤੇ ਨਿਰਭਰ ਕਰਦਾ ਹੈ—ਚਾਹੇ ਇਹ ਏਅਰੋਸਪੇਸ ਲਈ ਉੱਚ ਤਕਨੀਕੀ ਸਮੱਗਰੀ ਹੋਵੇ ਜਾਂ ਫ਼ੌਜੀ ਸਟੀਲ ਵਰਗਾ ਭਾਰੀ ਮਾਲ।' ਉਪਰੋਕਤ ਖੇਪਾਂ ਬਾਰੇ ਉਸਨੇ ਕਿਹਾ ਕਿ 'ਇਹ ਫ਼ੌਜੀ ਸਟੀਲ ਰਾਮਾਤ ਹਸ਼ਾਰੋਨ ਦੇ ਗੋਲਾ-ਬਾਰੂਦ ਕਾਰਖ਼ਾਨੇ ਵਿਚ ਜਾ ਰਹੀ ਹੈ, ਜਿੱਥੇ ਕੋਈ ਨਾਗਰਿਕ ਸਮਾਨ ਨਹੀਂ ਬਣਦਾ। ਉੱਥੇ ਸਿਰਫ਼ ਫ਼ੌਜੀ ਵਰਤੋਂ ਦਾ ਸਮਾਨ ਬਣਦਾ ਹੈ। ਸਾਨੂੰ ਇਸ ਗੱਲ ਦਾ 100% ਯਕੀਨ ਹੈ।'

ਨਵੀਂ ਦਿੱਲੀ ਨੇ 2024 ਦੇ ਸ਼ੁਰੂ 'ਚ ਭਾਰਤ ਵਿਚ ਬਣੇ ਇਜ਼ਰਾਈਲ ਹਰਮਜ਼ 900 ਡਰੋਨ ਇਜ਼ਰਾਈਲ ਨੂੰ ਭੇਜੇ ਸਨ ਅਤੇ ਬਾਅਦ ਵਿਚ ਰਾਕਟਾਂ ਸਮੇਤ ਕਈ ਫ਼ੌਜੀ ਸਾਮਾਨ ਦੀਆਂ ਖੇਪਾਂ ਵੀ ਭੇਜੀਆਂ ਗਈਆਂ। 'ਨੋ ਹਾਰਬਰ ਫੋਰ ਜੈਨੋਸਾਈਡ' ਦਾ ਕਹਿਣਾ ਹੈ ਕਿ ਹਾਲੀਆ ਘਟਨਾਕ੍ਰਮ ਦਿਖਾਉਂਦੇ ਹਨ ਕਿ ਭਾਰਤ ਤੋਂ ਫ਼ੌਜੀ ਸਪਲਾਈ ਜਾਰੀ ਹੈ ਅਤੇ 155 ਐੱਮ.ਐੱਮ. ਗੋਲਿਆਂ ਦੀ ਘਾਟ ਪੂਰੀ ਕਰਨ 'ਚ ਇਹ ਇਜ਼ਰਾਈਲ ਲਈ ਬਹੁਤ ਜ਼ਰੂਰੀ ਹੈ।

ਕਈ ਸਾਲਾਂ ਤੋਂ ਇਜ਼ਰਾਈਲ ਦੇ ਰਾਮਾਤ ਹਸ਼ਾਰੋਨ ਗੋਲਾ-ਬਾਰੂਦ ਕਾਰਖ਼ਾਨੇ ਨੂੰ ਬੰਦ ਕਰਨ ਦੀ ਯੋਜਨਾ ਸੀ, ਪਰ ਜੰਗੀ ਜ਼ਰੂਰਤ ਚੋਂ ਕਾਰਖ਼ਾਨਾ ਬੰਦ ਨਹੀਂ ਕੀਤਾ ਗਿਆ ਸਗੋਂ ਲੱਗਦਾ ਹੈ ਕਿ ਗੋਲੇ-ਬਾਰੂਦ ਦੀ ਪੈਦਾਵਾਰ ਵਧਾ ਦਿੱਤੀ ਗਈ ਹੈ। ਨਿਆਂਪਸੰਦ ਲੋਕਾਂ ਨੂੰ ਇਸ ਫ਼ੌਜੀ ਸਪਲਾਈ ਵਿਰੁੱਧ ਜ਼ੋਰਦਾਰ ਮੁਹਿੰਮ ਚਲਾਉਣੀ ਚਾਹੀਦੀ ਹੈ ਤਾਂ ਜੋ ਭਾਰਤੀ ਹੁਕਮਰਾਨ ਇਜ਼ਰਾਇਲੀ ਦਹਿਸ਼ਤਵਾਦ ਦੀ ਮੱਦਦ ਬੰਦ ਕਰਨ ਲਈ ਮਜਬੂਰ ਹੋ ਜਾਣ।

# 2027 ਦੀਆਂ ਵਿਧਾਨ ਸਭਾ ਚੋਣਾਂ ਦੇ ਪ੍ਰਸੰਗ 'ਚ ਐਸ.ਆਈ.ਆਰ. ਦੀ ਚਰਚਾ ਤੇ ਪੰਜਾਬ ਦਾ ਸੱਚ



ਮਦਨਦੀਪ

ਐਸ.ਆਈ.ਆਰ. ਨੂੰ ਲੈ ਕੇ ਪੰਜਾਬ 'ਚ ਇਹ ਚਰਚਾ ਛਿੜੀ ਹੋਈ ਕਿ ਜਿਸ ਤਰ੍ਹਾਂ ਭਾਰਤੀ ਚੋਣ ਕਮਿਸ਼ਨ ਦੁਆਰਾ ਬਿਹਾਰ, ਮਹਾਰਾਸ਼ਟਰ ਅਤੇ ਪੱਛਮੀ ਬੰਗਾਲ ਵਿਚ ਐਸ.ਆਈ.ਆਰ. ਕਰਵਾਉਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਆਪਣੀ ਸੱਤਾ ਕਾਇਮ ਕਰਨ ਵਿਚ ਸਫਲ ਹੋਈ, ਕੀ ਉਸੇ ਤਰਜ਼ ਉੱਤੇ ਪੰਜਾਬ ਵਿਚ ਵੀ ਐਸ.ਆਈ.ਆਰ. ਹੋਣ ਮਗਰੋਂ ਭਾਰਤੀ ਜਨਤਾ ਪਾਰਟੀ ਸਰਕਾਰ ਬਣਾ ਲਵੇਗੀ।

ਖ਼ਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ ਕਿ ਐਸ.ਆਈ.ਆਰ. ਰਾਹੀਂ ਗ਼ੈਰ ਪੰਜਾਬੀਆਂ ਦੀਆਂ ਵੱਡੀ ਗਿਣਤੀ ਵੋਟਾਂ ਬਣਾ ਕੇ ਭਾਜਪਾ ਆਪਣੇ ਮਨਸੂਬੇ ਵਿਚ ਕਾਮਯਾਬ ਹੋ ਜਾਵੇਗੀ। ਪ੍ਰੰਤੂ ਸਵਾਲ ਇਹ ਹੈ ਕਿ ਕੀ ਗੈਰ ਪੰਜਾਬੀਆਂ ਦੀ ਘੁਸਪੈਠ ਕਰਵਾ ਕੇ 15-20 ਫੀਸਦੀ ਵੋਟਾਂ ਵਧਾ ਕੇ ਪੰਜਾਬ ਵਿਚ ਭਾਜਪਾ ਕਾਮਯਾਬ ਹੋ ਸਕਦੀ ਹੈ?

ਇਸ ਸਵਾਲ ਦਾ ਸਪੱਸ਼ਟ ਜਵਾਬ ਦੇਣ ਲਈ ਸਭ ਤੋਂ ਪਹਿਲਾਂ ਪੰਜਾਬ ਦੇ ਚੋਣ ਅੰਕੜਿਆਂ ਦੀ ਗੱਲ ਕਰ ਲਈਏ, 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦਾ ਵੋਟ ਸ਼ੇਅਰ ਮਹਿਜ਼ 6 ਤੋਂ 7 ਫ਼ੀਸਦੀ ਸੀ। 2024 ਦੀਆਂ ਲੋਕ ਸਭਾ ਚੋਣਾਂ ਵਿਚ ਇਹ ਵਧ ਕੇ 18 ਤੋਂ 19 ਫ਼ੀਸਦੀ ਹੋ ਗਿਆ, ਜੋ ਨਿਰਸੰਦੇਹ ਇੱਕ ਵੱਡੀ ਛਾਲ ਹੈ। ਪੰਜਾਬ ਦੀ 117 ਮੈਂਬਰੀ ਵਿਧਾਨ ਸਭਾ ਵਿਚ ਬਹੁਮਤ ਲਈ ਲਗਭਗ 35 ਤੋਂ 40 ਫ਼ੀਸਦੀ ਵੋਟਾਂ ਦੀ ਲੋੜ ਹੁੰਦੀ ਹੈ। ਇਸ ਹਿਸਾਬ ਨਾਲ ਜੇਕਰ ਭਾਰਤੀ ਜਨਤਾ ਪਾਰਟੀ ਦੇ ਲੋਕ ਸਭਾ ਵੋਟ ਸ਼ੇਅਰ ਨੂੰ ਆਧਾਰ ਮੰਨ ਲਈਏ ਤਾਂ ਇਸ ਪਾਰਟੀ ਨੂੰ ਸਰਕਾਰ ਬਣਾਉਣ ਵਾਸਤੇ 15 ਤੋਂ 20 ਫ਼ੀਸਦੀ ਹੋਰ ਵੋਟਾਂ ਦੀ ਲੋੜ ਹੈ। ਕੁਝ ਤਰਕ ਦਿੰਦੇ ਹਨ ਕਿ ਜੇਕਰ ਬਾਹਰੀ ਰਾਜਾਂ ਤੋਂ ਪ੍ਰਵਾਸੀਆਂ ਦੀ ਵੋਟਰ ਰਜਿਸਟ੍ਰੇਸ਼ਨ ਨੂੰ ਇੱਕ ਰਣਨੀਤੀ ਵਜੋਂ ਵਰਤਿਆ ਜਾਵੇ, ਤਾਂ ਇਹ ਘਾਟ ਪੂਰੀ ਹੋ ਸਕਦੀ ਹੈ।

ਪਰੰਤੂ ਮੇਰੀ ਸਮਝ ਅਨੁਸਾਰ ਇਹ ਤਰਕ ਕਾਗਜ਼ਾਂ 'ਤੇ ਭਾਵੇਂ ਗਣਿਤ ਪੂਰਾ ਕਰ ਦੇਵੇ, ਪਰ ਪੰਜਾਬ ਦੀ ਧਰਤੀ ਇਸ ਨੂੰ ਪੂਰਾ ਨਹੀਂ ਹੋਣ ਦੇਵੇਗੀ, ਕਿਉਂਕਿ ਇਸ ਤਰਕ ਨੂੰ ਇਤਿਹਾਸਕ ਪਰਿਪੇਖ ਵਿਚ ਰੱਖਦਿਆਂ, ਪੰਜਾਬ ਦੀ ਧਰਤੀ ਨੇ ਹਮੇਸ਼ਾ ਅੰਕੜਿਆਂ ਜਾਂ ਗਣਿਤ ਸਮੀਕਰਨਾਂ ਤੋਂ ਉੱਪਰ ਰਾਜਨੀਤੀ ਨੂੰ ਪਰਿਭਾਸ਼ਿਤ ਕੀਤਾ ਹੈ। ਕਿਸੇ ਨੂੰ ਵੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਬੋਲੀ ਅਧਾਰਤ ਸੂਬੇ (ਪੰਜਾਬੀ ਸੂਬੇ) ਦੀ ਮੰਗ ਅਤੇ 1966 ਦਾ ਪੰਜਾਬ ਪੁਨਰਗਠਨ ਐਕਟ ਭਾਰਤੀ ਪੰਜਾਬ ਦੇ ਇਤਿਹਾਸ ਦੇ ਉਹ ਇਤਹਾਸਿਕ ਮੋੜ ਹਨ, ਜਿਨ੍ਹਾਂ ਨੇ ਸੂਬੇ ਦੀ ਰਾਜਨੀਤਿਕ, ਭਾਸ਼ਾਈ ਅਤੇ ਸੱਭਿਆਚਾਰਕ ਪਛਾਣ ਨੂੰ ਨਵਾਂ ਰੂਪ ਦਿੱਤਾ। ਆਜ਼ਾਦੀ ਤੋਂ ਬਾਅਦ ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਸਿੱਖ ਪਹਿਚਾਣ ਦੀ ਰੱਖਿਆ ਲਈ ਇੱਕ ਵੱਖਰੇ ਪੰਜਾਬੀ-ਭਾਸ਼ੀ ਰਾਜ ਦੀ ਮੰਗ ਨੇ ਵੱਡੇ ਲੋਕ ਅੰਦੋਲਨ ਦਾ ਰੂਪ ਧਾਰਿਆ ਸੀ। ਲੰਬੇ ਸੰਘਰਸ਼, ਰਾਜਨੀਤਿਕ ਟਕਰਾਅ ਅਤੇ ਸਮਾਜਕ ਦਬਾਅ ਤੋਂ ਬਾਅਦ ਇਹ ਮੰਗ 1966 ਵਿਚ ਪੰਜਾਬ ਪੁਨਰਗਠਨ ਐਕਟ ਰਾਹੀਂ ਸਾਕਾਰ ਹੋਈ, ਜਿਸ ਨਾਲ ਭਾਸ਼ਾ ਅਧਾਰਤ ਸਿੱਖ, ਮੁਸਲਿਮ, ਹਿੰਦੂ, ਤੇ ਹੋਰ ਭਾਈਚਾਰਿਆਂ ਦੀਆਂ ਇਤਿਹਾਸਕ ਸਾਂਝਾਂ, ਸੂਫੀ ਵਿਰਾਸਤ, ਖੇਤੀਬਾੜੀ ਸਭਿਆਚਾਰ, ਤੇ ਸਾਂਝੇ ਦੁੱਖ-ਸੁੱਖ ਦੀਆਂ ਕਥਾਵਾਂ ਨੇ ਇੱਕ ਅਜਿਹਾ ਰਾਜਨੀਤਿਕ ਬੁਣਾਈ ਕੀਤੀ ਜੋ ਕਿਸੇ ਰਾਜਨੀਤਿਕ ਗਣਿਤ ਹਮਲੇ ਨਾਲ ਨਹੀਂ ਟੁੱਟ ਸਕਦੀ। 1980-90 ਦੇ ਦਹਾਕੇ ਦਾ ਦਹਿਸ਼ਤ-ਵਿਰੋਧੀ ਤੇ ਬਾਅਦ ਦਾ ਸਿਆਸੀ ਸੰਕਟ ਵੀ ਦਰਸਾਉਂਦਾ ਹੈ ਕਿ ਜਦੋਂ ਮਸਲਿਆਂ ਨੂੰ ਸਿਰਫ਼ ਵੋਟਾਂ ਜਾਂ ਅੰਕੜਿਆਂ ਤੱਕ ਸੀਮਤ ਕੀਤਾ ਗਿਆ, ਉਦੋਂ ਖੇਤਰੀ ਚੇਤਨਾ ਅਤੇ ਇਤਿਹਾਸਕ ਸ਼ੋਸ਼ਣ ਦੀ ਭਾਵਨਾ ਨੇ ਜ਼ਬਰਦਸਤ ਪ੍ਰਤੀਰੋਧਕ ਜਵਾਬ ਦਿੱਤਾ। ਇਸ ਲਈ, ਭਾਵੇਂ ਕਾਗਜ਼ਾਂ 'ਤੇ ਕੋਈ ਵੀ ਗਣਿਤ ਪੂਰਾ ਹੋ ਜਾਵੇ, ਪੰਜਾਬ ਦੀ ਧਰਤੀ ਆਪਣੀ ਸਾਂਝੀ ਵਿਰਾਸਤ, ਜ਼ਮੀਨੀ ਪਛਾਣ, ਅਤੇ ਲੋਕਾਂ ਦੀ ਭਾਵਨਾਤਮਕ ਸਾਂਝ ਨੂੰ ਨਜ਼ਰਅੰਦਾਜ਼ ਕਰਨ ਵਾਲੀ ਕਿਸੇ ਵੀ ਤਰਕਸ਼ੀਲਤਾ ਨੂੰ ਪੂਰਾ ਨਹੀਂ ਹੋਣ ਦੇਵੇਗੀ, ਭਾਵੇਂ ਉਹ ਚੋਣ ਨਤੀਜੇ ਹੋਣ, ਸਰਹੱਦਾਂ ਹੋਣ, ਜਾਂ ਨੀਤੀਗਤ ਫੈਸਲੇ।

ਬਾਹਰੀ ਦਖਲਅੰਦਾਜ਼ੀ ਪ੍ਰਤੀ ਸ਼ੱਕੀ ਅਤੇ ਸੰਵੇਦਨਸ਼ੀਲ ਹੋਣ ਦੇ ਪਿੱਛੇ ਵੀ ਆਪਣੀ ਵਿਲੱਖਣ ਪਛਾਣ ਪ੍ਰਤੀ ਸੁਚੇਤ ਪਹਿਰੇਦਾਰੀ ਹੈ। ਪੰਜਾਬ ਦੇ ਲੋਕਾਂ ਦੇ ਸਮੂਹਿਕ ਮਨ ਦੀ ਡੂੰਘਾਈ ਵਿਚ ਇਹ ਗੱਲ ਬੈਠੀ ਹੋਈ ਹੈ ਕਿ ਕੋਈ ਬਾਹਰੀ ਸ਼ਕਤੀ ਭਾਵੇਂ ਉਹ ਕੇਂਦਰ ਸਰਕਾਰ ਹੋਵੇ ਜਾਂ ਕੋਈ ਪਾਰਟੀ, ਉਨ੍ਹਾਂ ਦੀ ਰਾਜਨੀਤਿਕ ਇੱਛਾ 'ਤੇ ਪਰਛਾਵਾਂ ਪਾਉਣ ਦੀ ਕੋਸ਼ਿਸ਼ ਕਰਦੀ ਹੈ, ਤਾਂ ਉਹ ਉਸਦਾ ਮੂੰਹ-ਤੋੜ ਜਵਾਬ ਦੇ ਕੇ ਹੀ ਦਮ ਲੈਂਦੇ ਹਨ। ਇਹ ਪੰਜਾਬ ਦਾ ਇਤਿਹਾਸਕ ਅਨੁਭਵ ਹੈ ਜਦੋਂ 1975 ਦੀ ਐਮਰਜੈਂਸੀ ਦੌਰਾਨ ਪੰਜਾਬ ਦੇ ਲੋਕਾਂ ਨੇ ਇਕੱਠੇ ਹੋ ਕੇ ਲੋਕਤੰਤਰ ਦੀ ਰੱਖਿਆ ਲਈ ਅਵਾਜ਼ ਬੁਲੰਦ ਕੀਤੀ। ਇਹ ਪੰਜਾਬ ਹੀ ਸੀ ਜਿਸਨੇ ਅੱਸੀਵਿਆਂ ਦੇ ਅਸ਼ਾਂਤ ਦਹਾਕੇ ਵਿਚ ਅੱਤਵਾਦ ਅਤੇ ਸੂਬਾਈ ਅਸੰਤੁਸ਼ਟੀ ਦੇ ਵਿਚਕਾਰ ਵੀ ਕਦੇ ਕੌਮੀ ਏਕਤਾ ਨੂੰ ਤਿਲਾਂਜਲੀ ਨਹੀਂ ਦਿੱਤੀ। ਇਹ ਪੰਜਾਬ ਹੀ ਸੀ ਜਿਸਨੇ 2020-21 ਦੇ ਕਿਸਾਨ ਅੰਦੋਲਨ ਦੌਰਾਨ ਦੁਨੀਆਂ ਨੂੰ ਦੱਸ ਦਿੱਤਾ ਕਿ ਇੱਥੋਂ ਦਾ ਕਿਸਾਨ ਖੇਤੀ ਜਿਸ ਨੂੰ ਉਹ ਆਪਣੀ ਹੋਂਦ ਸਮਝਦਾ ਹੈ, ਉਸ ਖਿਲਾਫ ਖ਼ਤਰੇ ਨੂੰ ਸਮਝਦਿਆਂ ਕਿਵੇਂ ਕੇਂਦਰੀ ਕਾਨੂੰਨਾਂ ਖਿਲਾਫ਼ ਸੜਕਾਂ 'ਤੇ ਉਤਰਦਾ ਹੈ ਅਤੇ ਮਹੀਨਿਆਂ ਤੱਕ ਡਟਿਆ ਰਹਿੰਦਾ ਹੈ। ਇਹ ਹਰ ਵਾਰ ਪੰਜਾਬ ਦਾ ਆਪਣੇ ਰਾਜਨੀਤਿਕ ਸਵੈਮਾਣ ਅਤੇ ਖ਼ੁਦਮੁਖਤਿਆਰੀ ਲਈ ਖੜ੍ਹੇ ਹੋਣ ਦਾ ਸਬਕ ਹੈ।

ਜੇਕਰ ਕਿਸੇ ਪਾਰਟੀ ਉੱਤੇ ਇਹ ਧਾਰਣਾ ਬਣਦੀ ਹੈ ਕਿ ਉਹ ਲੋਕਤੰਤਰਕ ਪ੍ਰਕਿਰਿਆ ਨੂੰ 'ਇੰਜੀਨੀਅਰਿੰਗ ਫਾਰਮੂਲੇ' ਨਾਲ ਜਾਂ ਨਕਲੀ ਵੋਟਰ ਬਣਾ ਕੇ ਸੱਤਾ 'ਤੇ ਕਾਬਜ਼ ਹੋਣਾ ਚਾਹੁੰਦੀ ਹੈ, ਤਾਂ ਪੰਜਾਬ 'ਚ ਇਸ ਦਾ ਉਲਟਾ ਅਸਰ ਹੋਵੇਗਾ।

ਅੰਕੜਿਆਂ ਦੀ ਖੇਡ ਵਿਚ ਪੈਣ ਵਾਲਿਆਂ ਨੂੰ ਪੰਜਾਬ ਦੀ ਖੇਤਰੀ ਰਚਨਾ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਮਾਲਵਾ, ਦੋਆਬਾ ਅਤੇ ਮਾਝਾ- ਪੰਜਾਬ ਦੇ ਇਹ ਤਿੰਨੋਂ ਖੇਤਰ ਆਪਣੀ ਵੱਖਰੀ ਰਾਜਨੀਤਿਕ ਮਨੋਬਿਰਤੀ ਰੱਖਦੇ ਹਨ। ਮਾਲਵਾ ਦੀ ਮਜ਼ਬੂਤ ਕਿਸਾਨ ਚੇਤਨਾ ਹਰ ਚੋਣ ਵਿਚ ਸੱਤਾਧਾਰੀਆਂ ਦੀ ਕਮਰ ਤੋੜ ਸਕਦੀ ਹੈ। ਮਾਝੇ ਦੀ ਸਰਹੱਦੀ ਜ਼ਿੰਦਗੀ ਦੀ ਸੰਵੇਦਨਸ਼ੀਲਤਾ ਉਸਨੂੰ ਹਰ ਉਸ ਚੀਜ਼ ਪ੍ਰਤੀ ਸੁਚੇਤ ਰੱਖਦੀ ਹੈ ਜੋ ਕੌਮੀ ਸੁਰੱਖਿਆ ਜਾਂ ਖੇਤਰੀ ਸੰਤੁਲਨ ਨਾਲ ਛੇੜਛਾੜ ਕਰਦੀ ਹੈ। ਦੋਆਬੇ ਦੀ ਪਰਵਾਸੀ ਸੋਚ ਅਤੇ ਅਰਥ-ਸਮਾਜਿਕ ਬਣਤਰ ਆਪਣੀ ਜਟਿਲਤਾ ਰੱਖਦੀ ਹੈ। ਸ਼ਹਿਰੀ ਕੇਂਦਰ ਜਿਵੇਂ ਲੁਧਿਆਣਾ, ਅੰਮ੍ਰਿਤਸਰ ਜਾਂ ਜਲੰਧਰ ਵਿਚਲੀਆਂ ਵੋਟਾਂ ਨਾਲ ਤੁਸੀਂ ਰੁਝਾਨ ਤਾਂ ਪੈਦਾ ਕਰ ਸਕਦੇ ਹੋ, ਪਰ ਪੰਜਾਬ ਦੇ ਪਿੰਡਾਂ ਤੋਂ ਬਿਨਾਂ ਸੱਤਾ ਦੀ ਕਲਪਣਾ ਹੀ ਵਿਅਰਥ ਹੈ। ਪਿੰਡਾਂ ਦੀ ਰਾਜਨੀਤੀ, ਧਾਰਮਿਕ ਸੰਸਥਾਵਾਂ ਦਾ ਪ੍ਰਭਾਵ, ਗੁਰਦੁਆਰਿਆਂ ਦੀ ਸਾਂਝੀ ਆਵਾਜ਼, ਅਤੇ ਸਥਾਨਕ ਬਣਤਰ ਅਜਿਹਾ ਗੁੰਝਲਦਾਰ ਤਾਣਾ-ਬਾਣਾ ਹੈ ਜਿਸਨੂੰ ਕੇਵਲ ਵੋਟਰ ਲਿਸਟਾਂ ਵਿਚ ਨਾਂਅ ਜੋੜ ਕੇ ਨਹੀਂ ਬੁਣਿਆ ਜਾ ਸਕਦਾ।

ਇਸ ਸਾਰੀ ਚਰਚਾ ਵਿਚ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਭਾਜਪਾ ਦੀ ਪੰਜਾਬ ਵਿਚ ਸਭ ਤੋਂ ਵੱਡੀ ਸਮੱਸਿਆ ਗਿਣਤੀ ਦੀ ਨਹੀਂ, ਸਗੋਂ ਭਰੋਸੇ ਦੀ ਹੈ। ਕਿਸਾਨ ਅੰਦੋਲਨ ਤੋਂ ਬਾਅਦ ਪੈਦਾ ਹੋਈ ਮਨੋਵਿਗਿਆਨਕ ਦੂਰੀ, ਕੇਂਦਰ-ਰਾਜ ਸਬੰਧਾਂ 'ਤੇ ਲਗਾਤਾਰ ਉਠਦੇ ਸਵਾਲ, ਅਤੇ ਸਿੱਖ ਰਾਜਨੀਤਿਕ ਚੇਤਨਾ ਦੇ ਸੰਦਰਭ ਵਿਚ ਪਾਰਟੀ ਦੀ ਸਵੀਕਾਰਤਾ ਅਜੇ ਵੀ ਬੜੀ ਸੀਮਤ ਹੈ। ਇਹ ਘਾਟ ਕੋਈ ਪ੍ਰਸ਼ਾਸਨਿਕ ਤਕਨੀਕ, ਕੋਈ ਚੋਣ ਹਥਕੰਡਾ ਜਾਂ ਕੋਈ ਵਿਦੇਸ਼ੀ ਵੋਟਰ ਨਹੀਂ ਭਰ ਸਕਦਾ। ਜੇ ਭਾਜਪਾ ਸੱਚਮੁੱਚ ਪੰਜਾਬ ਵਿਚ ਆਪਣੀ ਸਰਕਾਰ ਬਣਾਉਣੀ ਚਾਹੁੰਦੀ ਹੈ, ਤਾਂ ਉਸਨੂੰ ਆਪਣਾ ਸਾਰਾ ਧਿਆਨ ਪੰਜਾਬੀਆਂ ਦਾ ਦਿਲ ਜਿੱਤਣ ਵੱਲ ਲਾਉਣਾ ਪਵੇਗਾ। ਉਸਨੂੰ ਪੰਜਾਬੀ ਕਿਸਾਨ ਦੀ ਝੋਨੇ-ਕਪਾਹ ਦੀ ਚਿੰਤਾ, ਨੌਜਵਾਨਾਂ ਦੀ ਬੇਰੁਜ਼ਗਾਰੀ ਅਤੇ ਨਸ਼ੇ ਦੀ ਤ੍ਰਾਸਦੀ, ਸੂਬੇ ਦੇ ਸੰਘੀ ਹੱਕਾਂ ਅਤੇ ਵਿਸ਼ੇਸ਼ ਦਰਜੇ ਦੇ ਮੁੱਦੇ, ਅਤੇ ਸਿੱਖ ਧਾਰਮਿਕ ਤੇ ਰਾਜਨੀਤਿਕ ਸੰਸਥਾਵਾਂ ਦੀਆਂ ਕਾਨੂੰਨੀ ਲੜਾਈਆਂ ਨੂੰ ਗੰਭੀਰਤਾ ਨਾਲ ਸਮਝਣਾ ਪਵੇਗਾ। ਇਹ ਸਭ ਕੁਝ ਵੋਟਰਾਂ ਦੀਆਂ ਕਾਲਪਨਿਕ ਸੂਚੀਆਂ ਨਾਲ ਨਹੀਂ, ਸਗੋਂ ਸੱਚੇ ਸੰਵਾਦ ਨਾਲ ਸੰਭਵ ਹੈ।

ਸਾਨੂੰ ਯਾਦ ਹੈ ਕਿ 1977 ਵਿਚ ਐਮਰਜੈਂਸੀ ਦਾ ਸਾਹਮਣਾ ਕਰਨ ਵਾਲੀ ਜਨਤਾ ਨੇ ਕਿਵੇਂ ਸਰਕਾਰ ਬਦਲੀ ਸੀ। ਸਾਨੂੰ ਯਾਦ ਹੈ ਕਿ 1980ਵਿਆਂ ਦੇ ਤੂਫ਼ਾਨੀ ਦਿਨਾਂ ਵਿਚ ਪੰਜਾਬ ਨੇ ਆਪਣੀ ਆਵਾਜ਼ ਕਿਵੇਂ ਬੁਲੰਦ ਕੀਤੀ ਸੀ। ਸਾਨੂੰ ਯਾਦ ਹੈ ਕਿ 2020 ਦੇ ਕਿਸਾਨ ਅੰਦੋਲਨ ਨੇ ਕਿਵੇਂ ਸਾਰੀਆਂ ਚੋਣ ਸਮੀਕਰਨਾਂ ਨੂੰ ਧੱਕੇ ਨਾਲ ਉਲਟਾ ਦਿੱਤਾ ਸੀ। ਇਸ ਲੰਮੇ ਤਜ਼ਰਬੇ ਤੋਂ ਬਾਅਦ ਅਸੀਂ ਇਹ ਕਹਿ ਸਕਦੇ ਹਾਂ ਕਿ ਜਿਹੜਾ ਸੂਬਾ ਅਕਸਰ ਉਹੀ ਫੈਸਲਾ ਕਰਦਾ ਹੈ ਜੋ ਚੋਣ ਗਣਿਤ ਨੂੰ ਗਲਤ ਸਾਬਤ ਕਰ ਦੇਵੇ, ਉਸ ਸੂਬੇ ਨੂੰ ਸਿਰਫ਼ ਐਸ.ਆਈ.ਆਰ. ਜਾਂ ਬਾਹਰੀ ਘੁਸਪੈਠ ਦੇ ਦਮ 'ਤੇ ਨਹੀਂ ਜਿੱਤਿਆ ਜਾ ਸਕਦਾ। ਪੰਜਾਬ ਵਿਚ ਸੱਤਾ ਦਾ ਰਸਤਾ ਵੋਟਾਂ ਦੀ ਗਿਣਤੀ ਤੋਂ ਪਹਿਲਾਂ ਲੋਕਾਂ ਦੇ ਮਨਾਂ ਵਿਚੋਂ ਲੰਘਦਾ ਹੈ। ਜੇ ਉਹ ਮਨ ਨਾਰਾਜ਼ ਹੈ, ਤਾਂ ਕੋਈ ਵੀ ਗਿਣਤੀ ਸਰਕਾਰ ਨਹੀਂ ਬਣਾ ਸਕਦੀ। ਅਤੇ ਜੇ ਉਹ ਮਨ ਚੌਕੰਨਾ ਹੈ, ਤਾਂ ਹਰ ਨਵੀਂ ਚਾਲ ਬੇਅਸਰ ਹੈ। ਇਸ ਲਈ ਅੱਜ ਦਾ ਅਸਲ ਸਵਾਲ ਇਹ ਨਹੀਂ ਕਿ ਭਾਜਪਾ ਪੰਜਾਬ ਵਿਚ 20 ਫੀਸਦੀ ਵੋਟਾਂ ਵਧਾ ਸਕਦੀ ਹੈ ਜਾਂ ਨਹੀਂ, ਅਸਲ ਸਵਾਲ ਇਹ ਹੈ ਕਿ ਕੀ ਪੰਜਾਬ ਅੱਜ ਵੀ ਉਹੀ ਸੂਝਵਾਨ ਅਤੇ ਡਟਿਆ ਹੋਇਆ ਸੂਬਾ ਹੈ ਜਿਸਨੇ ਸਦਾ ਹਰ ਬਾਹਰੀ ਦਖਲ ਨੂੰ ਨਾਂਹ ਕਹੀ ਹੈ। ਇਤਿਹਾਸ ਅਤੇ ਮੌਜੂਦਾ ਹਾਲਾਤ ਦਾ ਜਵਾਬ ਹੈ - ਹਾਂ, ਪੰਜਾਬ ਅੱਜ ਵੀ ਉਹੀ ਹੈ। ਅਤੇ ਇਹੀ ਇਸ ਸੂਬੇ ਦੀ ਅਸਲ ਤਾਕਤ ਹੈ।

ਨਿਰਵਿਘਨ ਪ੍ਰਕਾਸ਼ਨ ਦੇ 27ਵੇਂ ਸਾਲ 'ਚ (ਪਹਿਲੀ ਜਨਵਰੀ 2000-2026)

ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਗਿੱਲ, ਅਯੋਧਿਆ ਸਲਵਾਨ ਅਤੇ ਸ. ਰਾਜਿੰਦਰ ਸਿੰਘ ਬੈਂਸ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 27ਵੀਂ ਵਰ੍ਹੇਗੰਢ

# 'ਪੰਜਾਬ ਟਾਈਮਜ਼ ਨਾਈਟ'

## 20 ਜੂਨ, 2026 ਸ਼ਨਿਚਰਵਾਰ ਸ਼ਾਮੀ 6:00 ਵਜੇ

**Atlantis Banquets**
1273 N. Rand Road,
Arlington Heights, IL 60004

### ਚੀਫ ਗੈਸਟ




ਦਰਸ਼ਨ ਸਿੰਘ ਧਾਲੀਵਾਲ

### ਗੈਸਟ ਆਫ ਆਨਰ



ਅਮਰਜੀਤ ਢੀਂਡਸਾ



ਜੱਸੀ ਸਹੋਤਾ



ਗੁਰਬਖਸ਼ ਰਾਹੀ

ਯਾਦ ਸਲਾਮਤ ਰਹੇ...



ਸ. ਅਮੋਲਕ ਸਿੰਘ ਜੰਮੂ

### ਗੈਸਟ ਆਫ ਆਨਰ



ਡਾ. ਭੁਪਿੰਦਰ ਸਿੰਘ ਸੈਣੀ



ਮਨਜੀਤ ਨਾਗਰਾ



ਜਸਮੀਰ ਸਿੰਘ



ਲਵ ਮਿਨਹਾਸ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਡਾ. ਗੁਰਦਿਆਲ ਸਿੰਘ ਬਸਰਾਨ | ਜੈਦੇਵ ਸਿੰਘ ਭੱਠਲ | ਅਮਰੀਕ ਸਿੰਘ (ਅਮਰ ਕਾਰਪੈਟ) | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਮਨਦੀਪ ਸਿੰਘ ਭੂਰਾ



ਰਘਬੀਰ ਸਿੰਘ ਘੁੰਨ | ਪਰਮਿੰਦਰ ਸਿੰਘ ਵਾਲੀਆ | ਜਸਕਰਨ ਸਿੰਘ ਧਾਲੀਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਭੁਪਿੰਦਰ ਸਿੰਘ ਧਾਲੀਵਾਲ | ਗੁਰਦੇਵ ਸਿੰਘ ਜੌੜਾ | ਅੰਮ੍ਰਿਤਪਾਲ ਸਿੰਘ ਸੰਘਾ | ਆਗਿਆਪਾਲ ਸਿੰਘ ਬਾਠ | ਪਰਮਵੀਰ ਸਿੰਘ ਬੈਂਸ




ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਥਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਹਰਵਿੰਦਰ ਪਾਲ ਸਿੰਘ ਲੈਲ | ਮਨਮਿੰਦਰ ਸਿੰਘ ਹੀਰ | ਸਰਵਣ ਸਿੰਘ ਟਿਵਾਣਾ | ਸੁਖਮੇਲ ਸਿੰਘ ਅਟਵਾਲ | ਸ. ਹੈਪੀ ਸਿੰਘ ਹੀਰ | ਅਮੋਲਕ ਸਿੰਘ ਗਾਖਲ | ਜੱਸੀ ਗਿੱਲ

# PUNJAB TIMES NIGHT 2026

## ਵਿਸ਼ੇਸ਼ ਮਹਿਮਾਨ



ਗੁਰਭੇਜ ਸਿੰਘ | ਮੇਜਰ ਕੁਲਾਰ | ਡਾ. ਗੁਰਬਖਸ਼ ਸਿੰਘ ਭੰਡਾਲ | ਡਾ. ਆਤਮਜੀਤ ਸਿੰਘ | ਰਵਿੰਦਰ ਸਹਿਰਾਅ | ਪ੍ਰੋ. ਸੁਹਿੰਦਰ ਬੀਰ | ਅਸ਼ੋਕ ਭੌਰਾ | ਮੈਡੀ ਸਿੰਘ



ਲੰਘੇ ਸਾਲ ਸਦੀਵੀ ਵਿਛੋੜਾ ਦੇ ਗਏ 'ਪੰਜਾਬ ਟਾਈਮਜ਼' ਦੇ ਹਮਦਰਦ ਸਨੀ ਕੁਲਾਰ ਹਮੇਸ਼ਾ ਸਾਡੇ ਦਿਲਾਂ ਵਿਚ ਵਸਦੇ ਰਹਿਣਗੇ।


## ਸਾਡੇ ਸਪਾਂਸਰ



ਭਾਈ ਮਹਿੰਦਰ ਸਿੰਘ | ਗੁਰਚਰਨ ਸਿੰਘ ਝੱਜ | ਜਗਜੀਤ ਢੀਂਡਸਾ | ਨਿੱਕ ਗਾਖਲ | ਮੱਖਣ ਬੈਂਸ | ਰਜਿੰਦਰ ਟਾਂਡਾ | ਗੁਰਚਰਨ ਮਾਨ | ਸੈਮ ਚਾਹਲ | ਡਾ. ਦਲਬੀਰ ਪੰਨੂ | ਹਰਵਿੰਦਰ ਵਾਲੀਆ | ਜਗਪਾਲ ਗਰੇਵਾਲ | ਰਛਪਾਲ ਸਹੋਤਾ | ਬਲਬੀਰ ਗਰੇਵਾਲ



ਅਜੈਬ ਲੱਖਣ | ਸੰਤੋਖ ਸਿੰਘ ਡੀ ਸੀ | ਡਾ. ਸਰਬਜੀਤ ਭੰਡਾਲ | ਡਾ. ਵਿਕਰਮ ਗਿੱਲ | ਤਰਲੋਚਨ ਸਿੰਘ ਮੁਲਤਾਨੀ | ਹਰਵਿੰਦਰ ਬਿੱਲਾ | ਜੈਰਾਮ ਸਿੰਘ ਕਾਹਲੋਂ | ਸਤਿੰਦਰ ਸਿੰਘ | ਸਤਨਾਮ ਸਿੰਘ ਗਿੱਲ | ਸਤਨਾਮ ਸਿੰਘ ਔਲਖ | ਮੱਖਣ ਸਿੰਘ ਕਲੇਰ | ਓਂਕਾਰ ਸਿੰਘ ਢਿੱਲੋਂ | ਠਾਕਰ ਬਸਾਤੀ | ਜਸਵਿੰਦਰ ਸਿੰਘ ਗਿੱਲ | ਨਾਜਰ ਸਿੰਘ ਗਿੱਲ



ਜੱਸੀ ਸਿੰਘ | ਪ੍ਰਦੀਪ ਕਾਹਲੋਂ | ਡਾ. ਰਛਪਾਲ ਸਿੰਘ ਬਾਜਵਾ | ਰਘਵਿੰਦਰ ਸਿੰਘ ਮਾਹਲ | ਲੱਕੀ ਸਹੋਤਾ | ਡਾ. ਹਰਜਿੰਦਰ ਖਹਿਰਾ | ਰਜਿੰਦਰ ਦਿਆਲ | ਪਿੰਦੀ ਛੀਨਾ | ਓਂਕਾਰ ਸਹੋਤਾ | ਹਰਦੀਪ ਗਿੱਲ | ਪ੍ਰਦੀਪ ਸਲਵਾਨ | ਸਵਰਨ ਸੇਖੋਂ | ਸੁਖਪਾਲ ਗਿੱਲ | ਗੁਰਮੁਖ ਸਿੰਘ ਭੁੱਲਰ | ਗੁਰਲੀਨ ਕੌਰ



ਬਿਕਰਮ ਸੋਹੀ | ਨਵਤੇਜ ਸੋਹੀ | ਪਰਵਿੰਦਰ ਸਿੰਘ ਨਨੂਆ | ਵਿੱਕ ਸਿੰਘ | ਜਸਬੀਰ ਪਲੀਆ | ਸੁਰਿੰਦਰ ਪਲੀਆ | ਭਿੰਦਰ ਪੰਮਾ | ਦਰਸ਼ਨ ਪੰਮਾ | ਅੰਮ੍ਰਿਤਪਾਲ ਮਾਂਗਟ | ਜਿਗਰਦੀਪ ਸਿੰਘ ਢਿੱਲੋਂ | ਹਰਜਿੰਦਰ ਜਿੰਦੀ | ਜਰਨੈਲ ਸਿੰਘ ਮਿਆਣੀ | ਪਰਮਿੰਦਰ ਗੋਲਡੀ | ਸੁਖਵਿੰਦਰ ਸਿੰਘ ਘੱਗਰ | ਦੀਦਾਰ ਸਿੰਘ ਧਨੋਆ



ਸੁਖੀ ਨਰਵਾਲ | ਰਾਜਵੀਰ ਬੋਪਾਰਾਏ | ਕੁਲਦੀਪ ਗਿੱਲ | ਮੁਖਤਿਆਰ ਖਹਿਰਾ | ਅਜੇ ਗਰੋਵਰ | ਰਾਜ ਬੈਂਸ | ਰੁਬਲ ਸੋਹੀ | ਰਾਣਾ ਸਿੰਘ ਵਿਰਕ | ਜਸਪਾਲ ਘੋਤੜਾ | ਧਰਮਿੰਦਰ ਖਟੜਾ | ਯਾਦਵਿੰਦਰ ਖਟੜਾ | ਲਖਵੀਰ ਜੌਹਲ | ਕਰਮਜੀਤ ਸਿੰਘ | ਅਵਤਾਰ ਭੌਰਾ | ਪਾਲਾ ਸ਼ੇਰਮਾਰ



ਨਰਿੰਦਰ ਸਿੰਘ ਸਰਾਂ | ਜਸਬੀਰ ਸੁਗਾ | ਇੰਦਰ ਹੁੰਜਨ | ਦਵਿੰਦਰ ਸਿੰਘ ਰੰਗੀ | ਸੁਰਿੰਦਰ ਕੌਰ ਸੰਘਾ | ਹਰਕੀਰਤ ਸਿੰਘ ਸੰਧੂ | ਲਖਬੀਰ ਸਿੰਘ ਸੰਧੂ | ਜਗਦੀਸ਼ ਸਿੰਘ ਸੰਧੂ | ਜਸਬੀਰ ਸਿੰਘ | ਕੁਲਬੀਰ ਸਿੰਘ | ਰੋਨੀ ਕੁਲਾਰ | ਬਲਬੀਰ ਬੈਦਵਾਨ | ਅਮਰੀਕ ਸਿੰਘ



ਰਵਿੰਦਰ ਰਵੀ | ਰਣਬੀਰ ਧਾਲੀਵਾਲ | ਇੰਦਰਮੋਹਨ ਛਾਬੜਾ | ਗੁਰਮੁਖ ਸਿੰਘ | ਸਤਵਿੰਦਰ ਸੱਤਾ | ਕੁਲਦੀਪ ਸਿੰਘ ਲੰਗ | ਬਿਕਰਮਜੀਤ ਸਿੰਘ ਸੇਖੋਂ | ਹਰਕੇਵਲ ਲਾਲੀ | ਹਰਮਨ ਥਿੰਦ | ਰਾਣਾ ਸੇਖੋਂ | ਮਿੱਢਾ ਮਾਹਲਪੁਰੀਆ | ਅਮਰਦੇਵ ਬਦੇਸ਼ਾ | ਅੱਛਰ ਸਿੰਘ | ਸੰਤੋਖ ਸਿੰਘ ਭਟਨੂਰਾ | ਕਰਮਜੀਤ ਸਿੰਘ

**ਪੰਜਾਬ ਟਾਈਮਜ਼ ਦੀ 27ਵੀਂ ਵਰ੍ਹੇਗੰਢ ਮੌਕੇ 20 ਜੂਨ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸਾਹਿਤਕਾਰ, ਗਾਇਕ ਤੁਹਾਡਾ ਮਨੋਰੰਜਨ ਕਰਨਗੇ।**

ਸਹਿਯੋਗੀ ਸੰਸਥਾਵਾਂ: ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਅਮੈਰੀਕਨ ਆਰਗੇਨਾਈਜ਼ੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬੀ ਕਲਚਰਲ ਸੁਸਾਇਟੀ ਆਫ ਮਿਸ਼ੀਗਨ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਸਵੇਰਾ ਇੰਕ।

ਮੀਡੀਆ ਪਾਰਟਨਰ: ਰੇਡੀਓ ਚੰਨ ਪ੍ਰਦੇਸੀ, ਦੇਸੀ ਜੰਕਸ਼ਨ, ਢੋਲ ਰੇਡੀਓ, ਪੀ.ਟੀ.ਸੀ।

# ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਖਟਕੜ ਕਲਾਂ ਤੇ ਰਾਮ ਦਿਆਲ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਹਥਲੀ ਲਿਖਤ ਦੀਆਂ ਜੜ੍ਹਾਂ ਮੇਰੇ ਸਵਰਗਵਾਸੀ ਕਵੀ ਮਿੱਤਰ ਤਾਰਾ ਸਿੰਘ ਕਾਮਿਲ ਦੇ ਜੱਦੀ ਪੁਸ਼ਤੀ ਪਿੰਡ ਹੂਕੜਾਂ ਵਿਚ ਹਨ। ਇਹ ਪਿੰਡ ਹੁਸ਼ਿਆਰਪੁਰ ਦੇ ਚੱਬੇਵਾਲ ਕਸਬੇ ਨੇੜੇ ਹੁਸ਼ਿਆਰਪੁਰ ਤੋਂ ਫਗਵਾੜਾ ਜਾਂਦੀ ਸੜਕ ਉੱਤੇ ਪੈਂਦਾ ਹੈ।



ਰਾਮ ਦਿਆਲ ਪ੍ਰੋਗਰਾਮ ਦੇ ਵੇਰਵੇ ਵਾਲੇ ਰਜਿਸਟਰਾਂ ਨਾਲ।

ਤਾਰਾ ਸਿੰਘ ਦੇ ਜੀਊਂਦੇ ਜੀਅ ਮੈਂ ਇਸ ਪਿੰਡ ਦੇ ਉਸ ਪਿੱਪਲ ਬਾਰੇ ਵੀ ਜਾਣਦਾ ਹਾਂ ਜਿਸਦੀ ਗੱਲ ਤਾਰਾ ਸਿੰਘ ਨੇ ਦਿੱਲੀ ਤੋਂ ਇਸ ਪਿੰਡ ਦੀ ਫੇਰੀ ਪਿੱਛੋਂ ਸੁਣਾਈ ਸੀ। ਉਸ ਵੇਲੇ 50ਵਾਂ ਨੂੰ ਢੁੱਕਿਆ ਸਾਡਾ ਕਵੀ ਉਸ ਪਿੱਪਲ ਦੀ ਪਹਿਲਾਂ ਵਾਲੀ ਟਹਿਣੀ 'ਤੇ ਚੜ੍ਹ ਕੇ ਥੱਲੇ ਛਾਲ ਮਾਰ ਕੇ ਆਇਆ ਸੀ। ਤੇ ਉਸਨੇ ਉਹ ਗੱਲ ਨਵੀਂ ਦਿੱਲੀ ਦੇ ਕਨਾਟ ਪਲੇਸ ਵਾਲੇ ਕਾਫੀ ਹਾਊਸ ਵਿਚ ਸਾਨੂੰ ਸਾਰਿਆਂ ਨੂੰ ਚਾਅ ਨਾਲ ਦੱਸੀ ਸੀ।

ਇਹ ਸਬੱਬ ਦੀ ਗੱਲ ਹੈ ਕਿ ਮੈਂ ਵੀ ਉਸਦੇ ਪਿੰਡ ਅਕਾਲ ਚਲਾਣੇ ਤੋਂ ਪਿੱਛੋਂ ਹੀ ਗਿਆ ਸਾਂ। ਮੈਨੂੰ ਲਿਜਾਣ ਵਾਲਾ ਹੂਕੜਾਂ ਦਾ ਜੰਮਪਲ ਰਾਮ ਦਿਆਲ ਸੀ ਜਿਸਨੇ ਆਪਣੇ ਭਰਾਵਾਂ ਨਾਲ ਰਲ ਕੇ ਪੰਜਾਬ ਦੇ ਵਿਦਿਆਰਥੀਆਂ ਲਈ ਇਕ ਜਾਗ੍ਰਤੀ ਉਪਦੇਸ਼ ਜਾਰੀ ਕਰ ਰੱਖਿਆ ਹੈ ਜਿਸਨੂੰ ਉਹ 'ਅਵੇਅਰਨੈੱਸ ਮਿਸ਼ਨ' ਕਹਿੰਦੇ ਹਨ।

ਇਸ ਮਿਸ਼ਨ ਅਧੀਨ ਉਹ ਪਿੰਡਾਂ ਤੇ ਕਸਬਿਆਂ ਦੇ ਉਨ੍ਹਾਂ ਸਕੂਲਾਂ ਦੇ ਵਿਦਿਆਰਥੀਆਂ ਨੂੰ ਜਾਗ੍ਰਤੀ ਉਪਦੇਸ਼ ਦਿੰਦੇ ਹਨ ਜਿਨ੍ਹਾਂ ਨੂੰ ਵਰਤਮਾਨ ਪੰਜਾਬ ਸਰਕਾਰ ਨੇ ਸਕੂਲ ਆਫ ਐਮੀਨੈੱਸ ਗਰਦਾਨ ਰੱਖਿਆ ਹੈ। ਮੈਂ ਉਨ੍ਹਾਂ ਦੇ ਅਜਿਹੇ ਇੱਕ ਪ੍ਰੋਗ੍ਰਾਮ ਵਿਚ ਵਿਸ਼ੇਸ਼ ਮਹਿਮਾਨ ਵਜੋਂ 2011 ਵਿਚ ਸ਼ਿਰਕਤ ਕਰ ਚੁੱਕਿਆ ਹਾਂ।


ਇਸ ਮਹੀਨੇ ਦੀ 15 ਤਿਥੀ ਨੂੰ ਉਹ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਚ ਪੈਂਦੇ ਚੋਣਵੇਂ ਸਕੂਲਾਂ ਦੇ 600 ਵਿਦਿਆਰਥੀਆਂ ਨੂੰ ਭਗਤ ਸਿੰਘ ਸ਼ਹੀਦ ਦੇ ਪਿੰਡ ਖਟਕੜ ਕਲਾਂ ਲੈ ਕੇ ਗਏ ਸਨ। ਇਸ ਵਾਰੀ ਮੈਂ ਖ਼ੁਦ ਨਹੀਂ ਜਾ ਸਕਿਆ ਪਰ ਮੇਰੇ ਕਹਿਣ ਉੱਤੇ ਹੂਕੜਾਂ ਭਰਾਵਾਂ ਦਾ ਸਭ ਤੋਂ ਛੋਟਾ ਭਰਾ ਰਾਮ ਦਿਆਲ ਇਸ ਪ੍ਰੋਗ੍ਰਾਮ ਦੇ ਵੇਰਵੇ ਮੈਨੂੰ ਮੇਰੇ ਘਰ ਆ ਕੇ ਦੇ ਕੇ ਗਿਆ ਹੈ। ਉਸਦਾ ਇੱਕ ਭਰਾ ਮੋਹਨ ਲਾਲ ਮਾੜੀ ਸਿਹਤ ਕਾਰਨ ਨਹੀਂ ਸੀ ਜਾ ਸਕਿਆ ਤੇ ਰਾਮਜੀਤ ਆਪਣੇ ਬੱਚਿਆਂ ਕੋਲ ਕੈਨੇਡਾ ਗਿਆ ਹੋਇਆ ਸੀ।

ਰਾਮ ਦਿਆਲ ਖ਼ੁਦ ਉੱਦਮੀ ਜੀਊੜਾ ਹੈ। ਪੁਲੀਸ ਦੀ ਨੌਕਰੀ ਵਿਚੋਂ ਇਸ ਕੰਮ ਲਈ ਸਮਾਂ ਕਢੱਣਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਇਹ ਗੱਲ ਵੀ ਮੈਨੂੰ ਪਹਿਲੀ ਵਾਰ ਪਤਾ ਲੱਗੀ ਕਿ ਉਹਨੂੰ ਤੇ ਉਸਦੇ ਭਰਾਵਾਂ ਨੂੰ ਇਸ ਪਾਸੇ ਤੋਰਨ ਵਾਲੀ ਉਨ੍ਹਾਂ ਦੀ ਮਾਂ ਸੀ ਜਿਸਨੇ ਆਪਣੇ ਤਿੰਨਾਂ ਪੁਤਰਾਂ ਨੂੰ ਚੰਗੀ ਵਿਦਿਆ ਦਿਲਵਾ ਕੇ ਅਜਿਹੀ ਜਾਗ੍ਰਤੀ ਲਈ ਪ੍ਰੇਰਿਆ ਸੀ। ਇਸ ਵਾਰ ਦਾ ਪ੍ਰੋਗ੍ਰਾਮ ਇਕੱਲੇ ਰਾਮ ਦਿਆਲ ਨੇ ਨਿਭਾਇਆ ਸੀ।

ਇਸ ਵਾਰੀ ਰਾਮ ਦਿਆਲ ਨੇ ਐਮੀਨੈਂਟ ਸਕੂਲਾਂ ਦੇ 600 ਵਿਦਿਆਰਥੀਆਂ ਨੂੰ 14 ਬੱਸਾਂ ਵਿਚ ਲਿਜਾਣ ਦਾ ਪ੍ਰਬੰਧ ਖ਼ੁਦ ਕੀਤਾ ਸੀ। ਇਸ ਕਾਰਜ ਲਈ ਨੌਂ ਮਈ ਦੀ ਤਿਥੀ ਚੁਣਨ ਵਾਲਾ ਵੀ ਉਹੀਓ ਸੀ। ਇਸ ਮਹੀਨੇ ਦੀ 15 ਤਿਥੀ ਨੂੰ ਥਾਪਰ ਪਰਿਵਾਰ ਦੇ ਸੁਖਦੇਵ ਦਾ ਜਨਮ ਦਿਨ ਸੀ ਜਿਸਨੇ ਕ੍ਰਾਂਤੀਕਾਰੀ ਕਾਰਜਾਂ ਵਿਚ ਭਗਤ ਸਿੰਘ ਤੇ ਰਾਜਗੁਰੂ ਦਾ ਸਾਥ ਦਿੱਤਾ ਸੀ।

14 ਬੱਸਾਂ ਦਾ ਖਰਚ ਦੇਣ ਵਾਲੇ ਹੂਕੜਾ ਭਰਾ ਸਨ ਤੇ ਖਟਕੜ ਕਲਾਂ ਪਹੁੰਚਣ ਉੱਤੇ ਜਿਹੜਾ ਨਾਸ਼ਤਾ ਵਰਤਾਇਆ ਗਿਆ ਉਹ ਚੰਡੀਗੜ੍ਹ ਦੇ ਅੱਠ ਸੈਕਟਰ ਵਾਲੇ ਗੁਰਦਵਾਰਾ ਸਾਹਿਬ ਵੱਲੋਂ ਸੀ। ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੇ ਖਟਕੜ ਕਲਾਂ ਵਾਲਾ ਉਹ ਘਰ ਵੀ ਤੱਕਿਆ ਜਿੱਥੇ ਪਾਕਿਸਤਾਨ ਦੇ ਚੱਕ ਨੰਬਰ 105 ਤੋਂ ਉੱਜੜ ਕੇ ਆਏ ਭਗਤ ਸਿੰਘ ਦੇ ਮਾਪਿਆਂ (ਕਿਸ਼ਨ ਸਿੰਘ ਤੇ ਵਿਦਿਆਵਤੀ) ਨੂੰ ਸ਼ਰਨ ਦਿੱਤੀ ਗਈ ਸੀ। ਇਸ ਵਿਚ ਅੱਧੀ ਦਰਜਨ ਕਮਰਿਆਂ ਤੋਂ ਬਿਨਾਂ ਇਕ ਪਾਣੀ ਪੀਣ ਵਾਲਾ ਖੂਹ ਤੇ ਪੁਰਾਣਾ ਚਰਖਾ ਵੀ ਹੈ। 600 ਬੱਚਿਆਂ ਨੂੰ ਪੰਜਾਬ ਸਰਕਾਰ ਵੱਲੋਂ ਬਣਾਇਆ ਗਿਆ ਉਹ ਅਜਾਇਬ ਘਰ ਵੀ ਦਿਖਾਇਆ ਗਿਆ ਜਿਸ ਵਿਚ ਹੋਰ ਸੂਰਬੀਰਾਂ ਨੂੰ ਥਾਂ ਦਿੱਤੀ ਗਈ ਹੈ।

ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੇ ਆਜਾਇਬ ਘਰ ਵਿਚ ਵਿਉਂਤੇ ਗਏ ਭਾਸ਼ਣ ਤੇ ਪ੍ਰਸ਼ਨ-ਉੱਤਰ ਮੁਕਾਬਲਿਆਂ ਪ੍ਰਤੀ ਵੀ ਰੱਜਵਾਂ ਉਤਸ਼ਾਹ ਦਰਸਾਇਆ। ਮੈਂ ਵੇਖਿਆ ਕਿ ਜਦੋਂ ਰਾਮ ਦਿਆਲ ਮੇਰੇ ਘਰ ਆਇਆ ਤਾਂ ਉਹਦੇ ਕੋਲ ਅੱਧੀ



ਪ੍ਰੋਗਰਾਮ ਸਬੰਧੀ ਇਕ ਵਿਦਿਆਰਥੀ ਵਲੋਂ ਲਿਖੀ ਗਈ ਚਿੱਠੀ।

ਦਰਜਨ ਰਜਿਸਟਰ ਸਨ ਜਿਨ੍ਹਾਂ ਵਿਚ 9 ਮਈ 2026 ਵਾਲੇ ਪ੍ਰੋਗ੍ਰਾਮ ਦੇ ਲੇਖੇ ਜੋਖੇ ਤੋਂ ਬਿਨਾ ਪਹਿਲੇ ਕੁਝ ਸਾਲਾਂ ਨਾਲ ਸਬੰਧਤ ਕਾਗਜ਼ ਪੱਤਰ ਵੀ ਸਨ। ਹੂਕੜਾ ਭਰਾਵਾਂ ਦੇ ਆਦੇਸ਼ ਅਨੁਸਾਰ ਚੰਡੀਗੜ੍ਹ ਤੋਂ ਲਿਜਾ ਕੇ ਨਾਸ਼ਤੇ ਦੇ ਨਾਲ-ਨਾਲ ਪ੍ਰਤੀ ਵਿਦਿਆਰਥੀ ਇੱਕ ਸਕੂਲ ਬੈਗ ਤੇ ਪੰਜ ਕਾਪੀਆਂ ਵੀ ਵੰਡੀਆਂ ਗਈਆਂ।

ਰਾਮ ਦਿਆਲ ਦੇ ਹਥਲੇ ਰਜਿਸਟਰਾਂ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀਆਂ ਉਹ ਚਿੱਠੀਆਂ ਵੀ ਸਨ ਜਿਨ੍ਹਾਂ ਵਿਚ ਉਨ੍ਹਾਂ ਨੇ ਇਸ ਟੂਰ ਬਾਰੇ ਪ੍ਰਤੀਕਰਮ ਲਿਖੇ ਸਨ। ਕਈ ਵਿਦਿਆਰਥੀਆਂ ਨੇ ਸ਼ਹੀਦਾਂ ਦੀ ਕੁਰਬਾਨੀ ਦਾ ਜ਼ਿਕਰ ਕਰਕੇ ਅਜੋਕੀ ਲੁਕਾਈ ਨੂੰ ਉਨ੍ਹਾਂ ਤੋਂ ਸੇਧ ਲੈਣ ਦੀ ਸਿਫਾਰਸ਼ ਕੀਤੀ ਹੈ। ਨਸ਼ਿਆਂ ਤੋਂ ਪਰਹੇਜ਼ ਉਨ੍ਹਾਂ ਵਿਚੋਂ ਇੱਕ ਹੈ। ਇਹ ਵੀ ਕਿ ਕਿਸੇ ਨੂੰ ਔਕੜਾਂ ਤੋਂ ਘਬਰਾਉਣ ਦੀ ਥਾਂ ਇਨ੍ਹਾਂ ਦਾ ਟਾਕਰਾ ਕਰਨਾ ਚਾਹੀਦਾ ਹੈ।

ਰਾਮ ਦਿਆਲ ਨੇ ਮੈਨੂੰ ਉਸ ਵਿਦਿਆਰਥੀ ਦੀ ਚਿੱਠੀ ਵੀ ਪੜ੍ਹ ਕੇ ਸੁਣਾਈ ਜਿਸਨੇ ਇਸ ਗੱਲ ਦਾ ਉਚੇਚ ਨਾਲ ਜ਼ਿਕਰ ਕੀਤਾ ਸੀ ਉਸ ਦਿਨ ਭਰ ਗਰਮੀ ਦੇ ਬਾਵਜੂਦ ਇਸਦਾ ਕੋਈ ਅਸਰ ਨਹੀਂ ਸੀ ਕਿਉਂਕਿ ਸਮੁਚਾ ਟੂਰ ਏਨਾ ਸਿੱਖਿਆਦਾਇਕ ਤੇ ਉਪਦੇਸ਼ਮਈ ਸੀ ਕਿ ਮੌਸਮ ਦੀ ਖਰਾਬੀ ਵਲ ਧਿਆਨ ਹੀ ਨਹੀਂ ਸੀ ਜਾ ਰਿਹਾ। ਇਕ ਵਿਦਿਆਰਥੀ ਨੇ ਇਹ ਵੀ ਮੰਗ ਕੀਤੀ ਸੀ ਕਿ ਅਜਿਹੇ ਪ੍ਰੋਗ੍ਰਾਮ ਕੁੜੀਆਂ ਤੇ ਮੁੰਡਿਆ ਲਈ ਵੱਖ-ਵੱਖ ਨਹੀਂ ਸਗੋਂ ਸਾਂਝੇ ਹੋਣੇ ਚਾਹੀਦੇ ਹਨ।

ਮੈਂ ਅੰਤ ਵਿਚ ਰਾਮ ਦਿਆਲ ਨੂੰ ਇਹ ਵੀ ਪੁੱਛਿਆ ਕਿ ਜੇ ਇਹ ਪ੍ਰੋਗ੍ਰਾਮ ਸੁਖਦੇਵ ਦੀ ਯਾਦ ਨੂੰ ਸਮਰਪਿਤ ਸੀ ਤਾਂ 15 ਮਈ ਦੀ ਥਾਂ 9 ਮਈ ਨੂੰ ਕਿਉਂ ਕੀਤਾ ਗਿਆ। ਉਸਦਾ ਉੱਤਰ ਵੀ ਮਜ਼ੇਦਾਰ ਸੀ। ਇਹ ਕਿ ਏਦਾਂ ਕੀਤਿਆਂ ਪ੍ਰੋਗ੍ਰਾਮ ਵਿਚ ਰਾਜਨੀਤੀ ਆ ਵੜਦੀ ਹੈ। ਸਾਡਾ ਉਦੇਸ਼ ਇਹ ਨਹੀਂ। ਇਸੇ ਲਈ 2011 ਵਾਲਾ ਪ੍ਰੋਗ੍ਰਾਮ ਵੀ ਅਸੀਂ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ 23 ਮਾਰਚ ਦੀ ਥਾਂ 31 ਮਾਰਚ ਨੂੰ ਕਿਉਂ ਤਿਆਰ ਗਿਆ ਸੀ। ਰਾਮ ਦਿਆਲ ਦੀ ਪੇਸ਼ਕਾਰੀ ਤੋਂ ਮੈਨੂੰ ਜਾਪਿਆ ਜਿਵੇਂ ਮੈਂ ਖ਼ੁਦ ਉਸ ਦੇ ਨਾਲ ਸਾਂ। 2011 ਵਾਲੇ 15 ਸਾਲ ਪੁਰਾਣੇ ਪ੍ਰੋਗ੍ਰਾਮ ਵਾਂਗ ਹੂਕੜਾਂ ਭਰਾਵਾਂ ਦੇ ਕੀ ਕਹਿਣੇ।

**ਅੰਤਿਕਾ**

ਤਾਰਾ ਸਿੰਘ ਕਾਮਿਲ॥
ਰਾਤ ਫੇਰ ਤੁਸੀਂ ਸੁਪਨੇ ਆਏ
ਆ ਕੇ ਬਹਿ ਗਏ ਕੋਲ
ਰਾਤ ਫੇਰ ਚੰਨ ਅਰਸ਼ੋਂ ਲੱਥਾ
ਜ਼ਿਮੀ ਦੀ ਭਰ ਗਿਆ ਝੋਲ
ਨੈਣ ਮੇਰੇ ਚੁੰਮਣ ਪਰਛਾਵੇਂ
ਸੂਹਲ ਬੁ.ਲੀਆਂ ਖੋਲ੍ਹ
ਬੋਟ ਵਾਂਗ ਚਿਚਲਾਵਣ ਤੜਪਨ
ਪਰ ਨਾ ਸੱਕਣ ਤੋਲ।

# ਕਹਾਣੀ ਵਰਗੀ ਪੜ੍ਹਤ ਤਿਆਰ ਕਰਦੇ ਸ਼ਬਦ ਚਿੱਤਰ


ਬਰਾਬਰ ਦੀ ਜੱਫੀ (ਸ਼ਬਦ ਚਿੱਤਰ )
ਲੇਖਿਕਾ- ਕੁਲਬੀਰ ਬਡੇਸਰੋਂ
ਪੰਨੇ-172, ਮੁੱਲ -350 ਰੁਪਏ
ਨਵਯੁੱਗ ਪਬਲਿਸ਼ਰਜ਼- ਨਵੀਂ ਦਿੱਲੀ

ਨਿਰੰਜਣ ਬੋਹਾ
ਫੋਨ: 89682-82700

'ਸ਼ਬਦ ਚਿੱਤਰ' ਨੂੰ ਚਾਹੇ ਵਾਰਤਕ ਵਿਧਾ ਨਾਲ ਜੋੜਿਆ ਜਾਂਦਾ ਹੈ, ਪਰ ਜਦੋਂ ਕੋਈ ਗਲਪਕਾਰ ਇਸ ਵਿਧਾ 'ਤੇ ਕਲਮ ਅਜ਼ਮਾਈ ਕਰਦਾ ਹੈ ਤਾਂ ਉਸ ਵੱਲੋਂ ਰੂਪਮਾਨ ਕੀਤੇ ਸ਼ਬਦ ਚਿੱਤਰ ਦੇ ਨਾਇਕ ਦਾ ਮਨੋਵਿਗਿਆਨਕ ਮੁਹਾਂਦਰਾ ਆਪਣੀ ਪੜ੍ਹਤ ਨੂੰ ਕਹਾਣੀ ਦੇ ਕਿਸੇ ਪਾਤਰ ਵਰਗੀ ਹੀ ਬਣਾ ਲੈਂਦਾ ਹੈ। ਚਾਹੇ ਕਹਾਣੀ ਵਾਂਗ ਇਸ ਵਿਚ ਕਲਪਿਤ ਕੁਝ ਵੀ ਨਹੀਂ ਹੁੰਦਾ, ਪਰ ਗਲਪਕਾਰ ਸ਼ਬਦ ਚਿੱਤਰ ਦੇ ਪਾਤਰ ਦੇ ਸਖਸ਼ੀ ਅਕਸ਼ ਦਾ ਮੁਹਾਂਦਰਾ ਉਘੇੜਣ ਵੇਲੇ ਉਸਦੇ ਅਵਚੇਤਨ ਦਾ ਵੀ ਏਨਾ ਮਹੀਨ ਤੇ ਬਰੀਕਬੀਨੀ ਅਧਿਐਨ ਕਰਦਾ ਹੈ ਕਿ ਪਾਠਕ ਉਸਦੀ ਬਾਹਰੀ ਦਿੱਖ ਦੇ ਨਾਲ ਉਸਦੀ ਅੰਤਰੀਵੀ ਮਾਨਸਿਕਤਾ ਦੇ ਬਹੁਤ ਸਾਰੇ ਲੁੱਕਵੇਂ ਤੱਤਾਂ ਤੇ ਤੱਥਾਂ ਤੋਂ ਵੀ ਜਾਣੂ ਹੋ ਜਾਂਦਾ ਹੈ।

ਕੁਲਬੀਰ ਬਡੇਸਰੋਂ ਗੰਭੀਰ ਤੇ ਸੰਜੀਦਾ ਕਹਾਣੀਕਾਰ ਹੋਣ ਦੇ ਨਾਲ ਨਾਲ ਸੰਜੀਦਾ ਫਿਲਮ ਤੇ ਟੈਲੀ-ਸੀਰੀਅਲ ਕਲਾਕਾਰ ਵੀ ਹੈ, ਇਸ ਲਈ ਉਸ ਵੱਲੋ ਪ੍ਰਕਾਸ਼ਿਤ ਕਰਵਾਈ ਸ਼ਬਦ-ਚਿੱਤਰਾਂ ਦੀ ਪਹਿਲੀ ਪੁਸਤਕ 'ਬਰਾਬਰ ਦੀ ਜੱਫੀ' ਨੇ ਗਲਪੀ ਪ੍ਰਭਾਵ ਵਾਲੀ ਮਿਕਨਾਤੀਸ਼ੀ ਵਾਰਤਕ ਦਾ ਨਵਾਂ ਰੂਪ ਸਿਰਜ ਲਿਆ ਹੈ। ਉਸ ਆਪਣੇ ਕਿਸੇ ਵੀ ਸ਼ਬਦ-ਚਿੱਤਰ ਲਈ ਕਿਸੇ ਵੀ ਅਜਿਹੇ ਸ਼ਖਸ ਦੀ ਚੋਣ ਨਹੀਂ ਕੀਤੀ, ਜਿਸ ਬਾਰੇ ਉਸ ਨੂੰ ਸੁਣ-ਸੁਣਾ ਕੇ ਜਾਂ ਪੁੱਛ-ਪੁੱਛਾ ਕੇ ਲਿਖਣਾ ਪਿਆ ਹੋਵੇ। ਉਸ ਜਿਸ ਨੂੰ ਵੀ ਆਪਣੇ ਸ਼ਬਦ-ਚਿੱਤਰ ਦਾ ਨਾਇਕ ਬਣਾਇਆ, ਉਸ ਨਾਲ ਉਸਦਾ ਖ਼ੂਨ ਦੇ ਰਿਸ਼ਤੇ ਦੇ ਬਰਾਬਰ ਹੀ ਹੰਢਣਸਾਰ ਰਿਸ਼ਤਾ ਰਿਹਾ ਹੈ। ਆਪਣੇ ਬਾਪੂ-ਬੇਬੇ ਦੇ ਸ਼ਬਦ-ਚਿੱਤਰ ਲਿਖਦਿਆਂ ਉਹ ਆਪਣੇ ਪਾਠਕਾਂ ਤੋਂ ਮਾਪਿਆਂ ਤੇ ਔਲਾਦ ਦੇ ਰਿਸ਼ਤੇ ਨੂੰ ਸੰਸਾਰ ਦੇ ਸਰਵੋਤਮ ਪਰਿਵਾਰਕ ਰਿਸ਼ਤੇ ਵਜੋਂ ਸਵੀਕਾਰ ਕਰਨ ਦਾ ਹੁੰਗਾਰਾ ਮੰਗਦੀ ਹੈ ਤੇ ਪਾਠਕਾਂ ਨੇ ਖੁਸ਼ੀ ਖੁਸ਼ੀ ਉਸਨੂੰ ਇਹ ਹੁੰਗਾਰਾ ਦਿੱਤਾ ਵੀ ਹੈ।

ਪੁਸਤਕ ਦਾ ਪਹਿਲਾ ਸ਼ਬਦ ਉਸ ਸੰਨ 1918 ਵਿਚ ਜਨਮੇ ਆਪਣੇ ਪਾਪਾ ਗੁਰਬਚਨ ਸਿੰਘ ਬਾਰੇ ਲਿਖਿਆ ਹੈ। ਭਾਵੇਂ ਅੰਗਰੇਜ਼ ਰਾਜ ਸਮੇਂ ਦੇ ਖਾਨਦਾਨੀ ਅਮੀਰ, ਹੱਠੀ, ਜੁਗਤੀ ਤੇ ਨਿੱਡਰ ਦਾਦੇ ਰੱਲਾ ਸਿੰਘ ਦੇ ਘਰ ਜਨਮੇ ਉਸਦੇ ਪਿਤਾ ਦਾ ਨਰਮ ਸੁਭਾਅ ਖਾਨਦਾਨੀ ਪਰੰਪਰਾਵਾਂ ਦਾ ਅਪਵਾਦ ਸਾਬਤ ਹੋਇਆ, ਪਰ ਉਸਦੇ ਸੁਭਾਅ ਵਿਚਲਾ ਸਤਿਯੁੱਗੀ ਖਾਸੇ ਵਾਲਾ ਦਿਆਲੂਪਣ ਮਾਨਵਤਾਵਾਦੀ ਪਰੰਪਰਾਵਾਂ ਦਾ ਨਵਾਂ ਵਿਸਥਾਰ ਸਿਰਜਣ ਵਿਚ ਸਫਲ ਰਿਹਾ। ਭਾਵੇਂ ਪਾਪਾ ਨੂੰ ਇਸ ਗੱਲ ਦਾ ਗਿਲਾ ਰਿਹਾ ਕਿ ਉਸਦਾ ਸਾਲਾ ਉਸਦੀ ਸਹਿਮਤੀ ਜਾਂ ਜਾਣਕਾਰੀ ਤੋਂ ਬਿਨਾ ਹੀ ਉਸਦੇ ਵੱਡੇ ਪੁੱਤਰ ਕੁਲਬੀਰ ਨੂੰ ਵਰਤ ਕੇ ਆਪਣੇ ਪਰਿਵਾਰ ਸਮੇਤ ਕੈਨੇਡਾ ਸੈਟ ਹੋ ਗਿਆ ਸੀ ਪਰ ਉਸਦੀ ਨਰਮ ਦਿਲੀ ਨੇ ਵੇਖ ਕੇ ਵੀ ਅਣਦੇਖਿਆ ਕਰ ਦਿੱਤਾ। ਚਾਹੇ ਲੇਖਿਕਾ ਆਪਣ ਪਾਪਾ ਦੇ ਇਸ ਦਰਦ ਨੂੰ ਸਮਝਦੀ ਹੈ ਪਰ ਮਾਂ ਦਾ ਸ਼ਬਦ-ਚਿੱਤਰ ਲਿਖਦਿਆਂ ਉਸਨੂੰ ਇਹ ਉਲਾਂਭਾ ਨਹੀਂ ਦਿੰਦੀ ਕਿ ਉਸ ਆਪਣੇ ਜਿਉਂਦੇ-ਜੀਅ ਪਿਤਾ ਦਾ ਡੱਟ ਕੇ ਸਾਥ ਕਿਉਂ ਨਾ ਦਿੱਤਾ? ਉਸਦਾ ਯਥਰਥਵਾਦੀ ਨਜ਼ਰੀਆਂ ਇਹ ਸੋਚ ਕੇ ਆਪਣੀ ਮਾਂ ਨੂੰ ਗੁਨਾਹਮੁਕਤ ਕਰ ਦਿੰਦਾ ਹੈ ਕਿ ਕੋਈ ਔਰਤ ਆਪਣੇ ਪੇਕਿਆਂ ਦੇ ਹਿੱਤਾਂ ਨੂੰ ਅਸਾਨੀ ਨਾਲ ਨਜ਼ਰਅੰਦਾਜ਼ ਨਹੀਂ ਕਰ ਸਕਦੀ। ਇਸੇ ਲਈ ਉਹ ਇਕਬਾਲੀਆ ਰੂਪ ਵਿਚ ਆਖਦੀ ਹੈ, 'ਇਸਦਾ ਮਤਲਬ ਇਹ ਨਹੀਂ ਕਿ ਉਹ ਪਾਪਾ ਨੂੰ ਘੱਟ ਪਿਆਰ ਕਰਦੀ ਸੀ ਜਾਂ ਪਾਪਾ ਦਾ ਦਰਦ ਨਹੀਂ ਸੀ ਸਮਝਦੀ...ਇਸ ਦੇ ਦੋ ਕਾਰਨ ਸਨ, ਇਕ ਤਾਂ ਬੀਜੀ ਆਪਣੇ ਮਾਪਿਆਂ ਨੂੰ ਬਹੁਤ ਪਿਆਰ ਕਰਦੀ ਸੀ, ਆਪਣੇ ਮਾਂ-ਬਾਪ, ਭੈਣਾਂ, ਭਾਣਜਿਆਂ, ਭਰਾਵਾਂ, ਭਤੀਜਿਆਂ ਨੂੰ। ਦੂਜਾ ਕਾਰਨ ਸੀ ਬੀਜੀ ਦਾ ਸੁਭਾਅ। ਖੁਲ੍ਹ ਕੇ ਆਪਣੀ ਗੱਲ ਨਾ ਕਹਿ ਸਕਣਾ।'




ਚਾਹੇ ਉਸਦੇ ਜੀਵਨ ਦੇ ਹਿੱਸੇ ਵਿਚ ਅਜਿਹੇ ਰਿਸ਼ਤੇ ਵੀ ਆਏ, ਜਿਨ੍ਹਾਂ ਵੱਲੋਂ ਉਸਦੇ ਮਨ ਵਿਚ ਆਪਣੇਪਣ ਦਾ ਅਹਿਸਾਸ ਘੱਟ ਤੇ ਬਿਗਾਨੇਪਣ ਦਾ ਗੁਬਾਰ ਵੱਧ ਪੈਦਾ ਕੀਤਾ ਗਿਆ, ਫਿਰ ਵੀ ਉਸਦੀ ਕੋਸ਼ਿਸ਼ ਰਹੀ ਕਿ ਉਹ ਹਰ ਰਿਸ਼ਤੇ ਨੂੰ ਜਿਉਂਦਾ ਰੱਖਣ ਵਿਚ ਆਪਣਾ ਯੋਗਦਾਨ ਤੋੜ ਤੱਕ ਪਾਉਂਦੀ ਰਹੇ। ਕਿਤੇ-ਕਿਤੇ ਉਸ ਸਾਹਿਤਕ ਸਲੀਕੇ ਨਾਲ ਇਹ ਗੁਬਾਰ ਕੱਢ ਕੇ ਆਪਣਾ ਮਨ ਹੌਲਾ ਵੀ ਕੀਤਾ ਹੈ। ਜਦੋਂ ਪਾਠਕ ਉਸ ਵੱਲੋ ਦੂਜਿਆਂ ਬਾਰੇ ਲਿਖੇ ਸ਼ਬਦ-ਚਿੱਤਰ ਪੜ੍ਹਦਾ ਹੈ, ਤਾਂ ਉਸਦੇ ਜ਼ਿਹਨ ਵਿਚ ਰਿਸ਼ਤੇ ਨਿਭਾਉਣ ਦੇ ਮਾਮਲੇ ਵਿਚ ਉਸਦਾ ਹੀ ਸ਼ਬਦ ਚਿੱਤਰ ਰੂਪਮਾਨ ਹੋਣ ਲੱਗਦਾ ਹੈ। ਇਹ ਪੁਸਤਕ ਪੜ੍ਹ ਕੇ ਮੈਨੂੰ ਲੱਗਿਆ ਕਿ ਇਕ ਕਹਾਣੀਕਾਰ ਤੇ ਕਲਾਕਾਰ ਵਜੋਂ ਮੈਂ ਉਸ ਬਾਰੇ ਸੀਮਤ ਤੇ ਰਸਮੀ ਜਿਹੀ ਜਾਣਕਾਰੀ ਹੀ ਰੱਖਦਾ ਰਿਹਾ ਹਾਂ। ਬਹੁਤ ਕੁਝ ਨਵਾਂ ਜਾਣਿਆਂ ਹੈ ਉਸ ਬਾਰੇ, ਜੋ ਉਸਨੂੰ ਗੈਰਤਮੰਦ, ਸਵੈ-ਮਾਣੀ ਤੇ ਸੰਵੇਦਨਸ਼ੀਲ ਔਰਤ ਠਹਿਰਾਉਂਦਾ ਹੈ।

ਗਾਇਕ ਖੇਤਰ ਦੀ ਕੋਕੇ ਵਾਲੀ ਸਰਬਜੀਤ. ਸਿਨੇਮਾ ਖੇਤਰ ਦੀ ਬਿਹਤਰੀਂ ਕਲਾਕਾਰ ਅਰੁਣਾ ਇਰਾਨੀ ਤੇ ਪੰਜਾਬੀ ਸਾਹਿਤ ਦੀ ਸਮਰੱਥ ਹਸਤਾਖ਼ਰ ਅਜੀਤ ਕੌਰ ਦੇ ਸ਼ਬਦ ਚਿੱਤਰ ਲਿਖਣ ਵੇਲੇ ਉਸ ਵੱਲੋ ਵਰਤੀ ਨਰਮਾਈ ਤੇ ਬੇਬਾਕੀ ਵੀ ਕਮਾਲ ਦੀ ਹੈ। ਖ਼ੂਨ ਦੀ ਸਾਂਝ ਰਹਿਤ ਆਪ ਬਣਾਏ ਰਿਸ਼ਤਿਆਂ ਵਿਚ ਜੇ ਉਸ ਬਰਾਬਰ ਦੀ ਜੱਫੀ ਦੇ ਹੱਕਦਾਰ ਕਿਸੇ ਰਿਸ਼ਤੇ ਦੀ ਚੋਣ ਕਰਕੇ, ਉਸ ਬਾਰੇ ਸ਼ਬਦ ਚਿੱਤਰ ਲਿਖਿਆ ਹੈ ਤਾਂ ਇਹ ਮਾਣ ਉਸ ਅਜੀਤ ਕੌਰ ਨੂੰ ਦਿੱਤਾ ਹੈ। ਅਜੀਤ ਕੌਰ ਨਾਲ ਉਸਦੀ ਨੇੜਤਾ ਦਾ ਮੁੱਢਲਾ ਅਧਾਰ ਉਸਦੀਆਂ ਸੱਚ ਤੇ ਸੰਵੇਦਨਾ ਦੇ ਹਾਣ ਦੀਆਂ ਲਿਖਤਾਂ ਬਣਦੀਆਂ ਹਨ। ਕਿਸੇ ਵੀ ਲੇਖਕ ਦਾ ਵੱਡਪਣ ਉਸਦੀਆਂ ਲਿਖਤਾਂ ਦੇ ਵੱਡਪਣ ਵਿਚ ਵੀ ਸਮੋਇਆ ਹੁੰਦਾ ਹੈ। ਲਿਖਤਾਂ ਵਿਚਲੇ ਵਡੱਪਣ ਨੂੰ ਪਛਾਣ ਕੇ ਉਹ ਅਜੀਤ ਕੌਰ ਦੇ ਨੇੜੇ ਗਈ ਤਾਂ ਉਸਦੀ ਮੁਹੱਬਤ ਦੀ ਹੱਕਦਾਰ ਵੀ ਬਣ ਗਈ। ਇਸ ਸ਼ਬਦ ਚਿੱਤਰ ਅਜੀਤ ਕੌਰ ਦੀਆਂ ਵਿਚਾਰਧਾਰਕ ਖ਼ੂਬਸੂਰਤੀਆਂ ਦਾ ਹਵਾਲਾ ਉਸਦੀਆਂ ਲਿਖਤਾਂ ਦੇ ਹਵਾਲੇ ਸਮੇਤ ਹੀ ਦਿੰਦਾ ਹੈ।


ਗਾਇਕਾ ਸਰਬਜੀਤ ਤੇ ਫਿਲਮ ਅਦਾਕਾਰ ਅਰੁਣਾ ਇਰਾਨੀ ਨਾਲ ਉਸਦੀ ਹਮਦਰਦੀ ਦਾ ਸੰਵੇਦਨਾਤਕ ਅਧਾਰ ਇਹ ਹੈ ਕਿ ਉਨ੍ਹਾਂ ਦੋਵਾਂ ਦਾ ਪਿਛੋਕੜ ਉਸ ਵਾਂਗ ਹੀ ਬਹੁਤ ਸੰਘਰਸ਼ਮਈ ਰਿਹਾ ਹੈ ਤੇ ਉਸ ਵਾਂਗ ਉਹ ਦੋਵੇਂ ਮਰਦ ਪ੍ਰਧਾਨ ਸਮਾਜੀ ਜਿਆਦਤੀਆਂ ਦਾ ਸ਼ਿਕਾਰ ਵੀ ਰਹੀਆਂ ਹਨ । ਜਦੋ ਉਹ ਸੰਘਰਸ਼ੀ ਰਾਹਾਂ 'ਤੋਂ ਲੰਘਣ ਤੋਂ ਬਾਅਦ ਸਫ਼ਲਤਾ ਦੇ ਉੱਚ ਮੁਕਾਮ 'ਤੇ ਪੁੱਜਦੀਆਂ ਹਨ ਤਾਂ ਉਹ ਕਈ ਵਾਰ ਆਪਣੇ ਮੁੱਢਲੇ ਸਾਥੀਆਂ, ਤੇ ਪ੍ਰਸੰਸਕਾਂ ਪ੍ਰਤੀ ਹੈਂਕੜ ਭਰਿਆ ਤੇ ਰੁੱਖਾ ਵਿਵਹਾਰ ਕਰਦੀਆਂ ਵੀ ਵਿਖਾਈ ਦਿੰਦੀਆਂ ਹਨ। ਇਹ ਵਿਵਹਾਰ ਇਸ ਲੇਖਿਕਾ ਨੂੰ ਵੀ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦਾ ਹੈ ਪਰ ਜਦੋ ਉਹ ਉਨ੍ਹਾਂ ਦੇ ਪਿਛੋਕੜੀ ਅਵਚੇਤਨ ਦੀ ਕਹਾਣੀ ਵਾਂਗ ਪੜ੍ਹਤ ਤਿਆਰ ਕਰਦੀ ਹੈ ਤਾਂ ਉਸ ਨੂੰ ਲੱਗਦਾ ਹੈ ਕਿ ਉਨ੍ਹਾਂ ਦਾ ਤਲਖ ਵਿਵਹਾਰ ਵਕਤੀ ਤੇ ਨਜ਼ਰਅੰਦਾਜ਼ ਕੀਤੇ ਜਾਣ ਯੋਗ ਹੈ। ਇਹ ਉਸਦਾ ਪੰਜਾਬੀ ਖਾਸਾ ਹੈ ਕਿ ਉਹ ਆਪਣੇ ਨਾਲ ਰੁੱਖਾ ਵਿਵਹਾਰ ਕਰਨ ਵਾਲੇ ਕਿਸੇ ਵੀ ਆਪਣੇ ਜਾਂ ਬਿਗਾਨੇ ਵਿਅਕਤੀ ਨੂੰ ਸਹਿਜ ਤੇ ਸੁਖਾਵੇਂ ਸ਼ਬਦਾਂ ਵਿਚ ਅਹਿਸਾਸ ਕਰਵਾਉਣ ਵਿਚ ਕਾਮਯਾਬ ਰਹਿੰਦੀ ਹੈ ਕਿ ਭਵਿੱਖ ਵਿਚ ਉਹ ਕੋਈ ਵੀ ਹੋਰ ਵਧੀਕੀ ਸਹਿਣ ਨਾ ਕਰਨ ਸਬੰਧੀ ਪੱਕਾ ਮਨ ਬਣਾ ਚੁੱਕੀ ਹੈ।

ਪੁਸਤਕ ਦੀ ਬਿਰਤਾਂਤਕ ਭਾਸ਼ਾ ਵਿਚ ਗਲਪੀ ਕਥਾ ਕਹਾਣੀਆਂ ਵਰਗਾ ਕਹਾਣੀ ਰਸ ਹੈ। ਪੁਸਤਕ ਪਾਠ ਤੋਂ ਬਾਅਦ ਪਾਠਕਾਂ 'ਤੇ ਲੇਖਿਕਾ ਦੀ ਸਮਾਜਿਕ ਤੇ ਪਰਿਵਾਰਕ ਰਿਸ਼ਤਿਆਂ ਨੂੰ ਨਿਭਾਉਣ ਦੀ ਪਰਪੱਕ ਸੂਝ ਦਾ ਚੰਗਾ ਅਸਰ ਲਾਜ਼ਮੀ ਤੌਰ 'ਤੇ ਪੈਂਦਾ ਹੈ। ਉਸਦੇ ਸਮਰੱਥ ਕਹਾਣੀਕਾਰ ਹੋਣ ਅਤੇ ਛੋਟੇ ਤੇ ਵੱਡੇ ਪਰਦੇ 'ਤੇ ਰੂਹ ਨਾਲ ਅਦਾਕਾਰੀ ਕਰਨ ਦਾ ਇਸ ਸ਼ਬਦ-ਚਿੱਤਰ ਪੁਸਤਕ ਨੂੰ ਪੂਰਾ ਲਾਭ ਮਿਲਿਆ ਹੈ। ਇਹ ਗੱਲ ਪੰਜਾਬੀ ਸਾਹਿਤ ਲਈ ਹੋਰ ਵੀ ਚੰਗੀ ਸਾਬਤ ਹੋ ਸਕਦੀ ਹੈ, ਜੇ ਉਹ ਸ਼ਬਦ-ਚਿੱਤਰ ਲਿੱਖਣ ਸਬੰਧੀ ਆਪਣੀ ਸਮਰੱਥਾ ਦੀ ਵਰਤੋਂ ਹੋਰ ਵੀ ਖੁਲ੍ਹ ਕੇ ਕਰੇ । ਮੇਰੇ ਵੱਲੋਂ ਨਿਵੇਕਲੀ ਅੰਦਾਜ਼ ਦੀ ਇਸ ਪੁਸਤਕ ਦਾ ਹਾਰਦਿਕ ਸਵਾਗਤ ।

# ਇਹੁ ਜਨਮੁ ਤੁਮਹਾਰੇ ਲੇਖੇ !

## ਕਿਸ਼ਤ - 10

***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ ਦਸਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***




***ਸਾਹਿਰ ਆਪ ਪਾਤਰ ਹੋਣ ਕਰਕੇ ਨਾਵਲ ਵਿਚ ਦਿੱਤੀਆਂ ਰਚਨਾਵਾਂ ਉਹਦੀਆਂ ਆਪਣੀਆਂ ਹਨ। ਇਸੇ ਤਰ੍ਹਾਂ ਮੋਹਨ ਸਿੰਘ ਦੀਆਂ ਰਚਨਾਵਾਂ ਵੀ ਆਪਣੀਆਂ ਹਨ, ਬੱਸ ਇਕ 'ਹਾਜੀ ਲੋਕ' ਵਾਲੀ ਕਵਿਤਾ ਮੌਕੇ ਦੀ ਲੋੜ ਪੂਰੀ ਕਰਨ ਲਈ ਮੇਰੀ ਲਿਖੀ ਹੋਈ ਹੈ। ਜਗਦੀਪ ਨਾਂ ਕਲਪਿਤ ਹੋਣ ਕਰਕੇ ਉਹਦੀਆਂ ਸ਼ੁਰੂ ਦੇ ਜੀਵਨ ਦੀਆਂ ਤਿੰਨ ਕਵਿਤਾਵਾਂ ਮੇਰੀਆਂ ਲਿਖੀਆਂ ਹੋਈਆਂ ਹਨ, ਬਾਕੀ ਸਭ .ਗਜ਼ਲਾਂ ਪੰਜਾਬੀ ਦੀ ਵੱਡੀ .ਗਜ਼ਲਕਾਰ ਸੁਖਵਿੰਦਰ ਅੰਮ੍ਰਿਤ ਦੀ ਸਿਰਜਣਾ ਹਨ। ਭਰਪੂਰ ਸਿੰਘ ਸ਼ਾਂਤ ਵੀ ਕਲਪਿਤ ਨਾਂ ਹੋਣ ਕਰਕੇ ਉਹਦੀਆਂ ਸਾਰੀਆਂ ਕਵਿਤਾਵਾਂ ਮੇਰੀਆਂ ਲਿਖੀਆਂ ਹੋਈਆਂ ਹਨ। -ਲੇਖਕ***

ਆਪਣੇ ਸਮਕਾਲੀ ਕਵੀਆਂ ਦੀਆਂ ਕਤਾਰਾਂ ਨੂੰ ਪਿੱਛੇ ਛਡਦੀ ਹੋਈ ਜਗਦੀਪ ਤੇਜ਼ੀ ਨਾਲ ਅਗਲੀ ਕਤਾਰ ਵੱਲ ਵਧ ਰਹੀ ਸੀ। ਇਸ ਵਰਤਾਰੇ ਦੇ ਸਮਾਨੰਤਰ ਲੇਖਕਾਂ ਤੇ ਪਾਠਕਾਂ ਵਿਚ ਇਹ ਚਰਚਾ ਵੀ ਭਖੀ ਰਹਿੰਦੀ ਕਿ ਉਹਦੀ ਪ੍ਰਸਿੱਧੀ ਵਿਚ ਸੁੰਦਰਤਾ ਦਾ ਕਿੰਨਾ ਕੁ ਹੱਥ ਹੈ। ਬਿਨਾਂ-ਸ਼ੱਕ ਉਹਦੀ ਕਵਿਤਾ ਵਿਚ ਨਵੇਕਲਾ ਸੱਜਰਾਪਣ ਸੀ ਤੇ ਕਵੀ ਦਰਬਾਰਾਂ ਵਿਚ ਕਵਿਤਾ ਪੇਸ਼ ਕਰਨ ਦੀ ਅਦਾ ਵੀ ਨਵੇਕਲੀ ਹੀ ਸੀ, ਪਰ ਉਹਦੀ ਸੁੰਦਰਤਾ ਵੀ ਤਾਂ ਨਵੇਕਲੀ ਸੀ। ਦਰਮਿਆਨੇ ਕੱਦ ਦੇ ਬਾਵਜੂਦ ਛਾਂਟਵੇਂ ਸਰੀਰ, ਗੋਰੇ ਰੰਗ, ਸੁਹਣੇ ਨੈਣ-ਨਕਸ਼ਾਂ, ਮਾਸੂਮ ਮੁਸਕਰਾਹਟ ਤੇ ਬੋਲਦੀਆਂ ਅੱਖਾਂ ਦਾ ਸੁਮੇਲ ਅਜਿਹਾ ਪ੍ਰਭਾਵ ਸਿਰਜਦਾ ਕਿ ਨਜ਼ਰਾਂ ਆਪਣੇ ਆਪ ਟਿਕ ਜਾਂਦੀਆਂ। ਸੋਨੇ ਉੱਤੇ ਸੁਹਾਗਾ ਉਹਦੇ ਸੂਟ ਹੁੰਦੇ ਜਿਨ੍ਹਾਂ ਦੇ ਫੁੱਲ ਛਪੇ ਹੋਣ ਦੀ ਥਾਂ ਖਿੜੇ ਹੋਏ ਲਗਦੇ। ਫੇਰ ਉਹਦਾ ਸੁਚੱਜ ਤੇ ਸਲੀਕਾ ਜੋ



**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਅਲੋਕਾਰ ਜਲੌਅ ਸਿਰਜ ਦਿੰਦਾ! ਤਸਵੀਰ ਦੀ ਸੰਪੂਰਨਤਾ ਵਿਚ ਜੇ ਕੋਈ ਕਸਰ ਸੀ, ਉਹ ਉਹਦੇ ਇਸ਼ਕਾਂ ਦੇ ਸੱਚੇ-ਝੂਠੇ ਕਿੱਸਿਆਂ ਨੇ ਪੂਰੀ ਕਰ ਦਿੱਤੀ ਸੀ।

ਉਹਨੂੰ ਇਹ ਸਭ ਕੁਛ ਬਹੁਤ ਚੰਗਾ ਲਗਦਾ। ਇਥੋਂ ਤੱਕ ਕਿ ਇਸ਼ਕ ਦੇ ਸੱਚੇ-ਝੂਠੇ ਕਿੱਸੇ ਵੀ ਚੰਗੇ ਲਗਦੇ। ਆਖ਼ਰ ਉਹਦਾ ਨਾਂ ਕੋਈ ਦੁੱਕੀ-ਤਿੱਕੀ ਬੰਦਿਆਂ ਨਾਲ ਤਾਂ ਜੁੜ ਨਹੀਂ ਸੀ ਰਿਹਾ। ਮੋਹਨ ਸਿੰਘ ਪੰਜਾਬੀ ਕਵਿਤਾ ਦੇ ਸਿਖ਼ਰ 'ਤੇ ਖਲੋਤਾ ਸੀ ਤੇ ਸਾਹਿਰ ਉਰਦੂ ਸ਼ਾਇਰੀ ਦੇ ਸਿਖ਼ਰ! ਹੋਰ ਨਾਂ ਵੀ ਕੋਈ ਛੋਟੇ ਨਹੀਂ ਸਨ। ਸ਼ਾਂਤ ਵਰਗੇ ਕਈ ਲੋਕ ਆਪਣੇ ਇਕ-ਪਾਸੜ ਇਸ਼ਕ ਦੀਆਂ ਅਫ਼ਵਾਹਾਂ ਫੈਲਾ ਦਿੰਦੇ। ਉਹ ਉਹਨਾਂ ਦਾ ਖੰਡਣ ਕਰਨ ਦੀ ਪਰਵਾਹ ਵੀ ਨਹੀਂ ਸੀ ਕਰਦੀ। ਬਾਣੀ ਵਰਗਿਆਂ ਦੀ ਤੱਥਾਂ ਨੂੰ ਵਧਾ-ਚੜ੍ਹਾ ਕੇ ਛੇੜੀ ਚਰਚਾ ਵੀ ਉਹਦੀ ਪ੍ਰਸਿੱਧੀ ਨੂੰ ਰਾਸ ਆਉਂਦੀ। ਇਹ ਸਭ ਕੁਛ ਮਿਲ ਕੇ ਉਹਦੀ ਸ਼ਖ਼ਸੀਅਤ ਦੁਆਲੇ ਰਹੱਸਮਈ ਆਭਾ-ਮੰਡਲ ਸਿਰਜ ਰਿਹਾ ਸੀ।

ਅੰਗਰੇਜ਼ ਦੀਆਂ ਦਬਾ ਕੇ ਰੱਖੀਆਂ ਬੋਲੀਆਂ ਦੀ ਤਰੱਕੀ ਵਾਸਤੇ ਨਵੇਂ ਆਜ਼ਾਦ ਹੋਏ ਦੇਸ ਵਿਚ ਕਈ ਰਾਹ ਖੁੱਲ੍ਹ ਰਹੇ ਸਨ। ਇਹ ਮਾਹੌਲ ਲੇਖਕਾਂ ਵਿਚ ਨਵਾਂ ਉਤਸਾਹ ਭਰ ਰਿਹਾ ਸੀ। ਲੱਖਾਂ ਵਿਦਿਆਰਥੀਆਂ ਦੇ ਹੱਥਾਂ ਵਿਚ ਪਹੁੰਚਣ ਲੱਗੀਆਂ ਪੰਜਾਬੀ ਦੀਆਂ ਪਾਠ-ਪੁਸਤਕਾਂ ਸਦਕਾ ਲੇਖਕਾਂ ਦੇ ਨਾਂ ਬੱਚੇ-ਬੱਚੇ ਦੀ ਜ਼ਬਾਨ ਉੱਤੇ ਚੜ੍ਹ ਰਹੇ ਸਨ। ਰੇਡੀਓ ਪਰੋਗਰਾਮਾਂ ਵਿਚ ਪੰਜਾਬੀ ਨੂੰ ਥਾਂ ਦਿੱਤੀ ਜਾਣ ਲੱਗੀ ਸੀ। ਨਵੀਆਂ ਖੁੱਲ੍ਹਦੀਆਂ ਲਾਇਬਰੇਰੀਆਂ ਸਾਹਿਤਕ ਪੁਸਤਕਾਂ ਦੀ ਛਪਾਈ ਨੂੰ ਹੁਲਾਰਾ ਦੇ ਰਹੀਆਂ ਸਨ। ਨਵੇਂ-ਨਵੇਂ ਸਾਹਿਤਕ ਰਸਾਲੇ ਨਿੱਕਲ ਰਹੇ ਸਨ। ਇਸ ਸਭ ਕੁਛ ਵਿਚਕਾਰ ਪਾਠਕਾਂ ਵਿਚ ਜਗਦੀਪ ਦੀ ਹਾਲਤ ਉਹ ਬਣ ਗਈ ਸੀ ਜਿਵੇਂ ਲੋਕ ਭੀੜ ਵਿਚੋਂ ਕਿਸੇ ਇਕ ਨੂੰ ਮੋਢਿਆਂ ਉੱਤੇ ਚੁੱਕ ਕੇ ਬਾਕੀ ਸਭ ਨਾਲੋਂ ਉੱਚਾ ਕਰ ਦੇਣ।

ਭਵਿੱਖ ਨੂੰ ਕਿਆਸਦਿਆਂ ਹਰਪ੍ਰੀਤ ਸਿੰਘ ਹਿਤੈਸ਼ੀ ਵੀ ਨਵੀਆਂ ਕਾਰੋਬਾਰੀ ਵਿਉਂਤਾਂ ਬਣਾ ਰਹੇ ਸਨ। ਉਹਨਾਂ ਨੇ ਛਪਾਈ ਦਾ ਕੰਮ ਇਕ ਛੋਟੀ ਟਰੈਡਲ ਮਸ਼ੀਨ ਨਾਲ ਸ਼ੁਰੂ ਕੀਤਾ ਸੀ। ਕੰਮ ਵਧਣ ਲਗਿਆ ਤਾਂ ਅੱਠ ਪੰਨੇ ਛਾਪਣ ਵਾਲੀ ਇਕ ਸੈਕੰਡ-ਹੈਂਡ ਮਸ਼ੀਨ ਖਰੀਦ ਲਈ। ਇਹ ਉਹਨਾਂ ਦੀ ਛਪਾਈ ਤੇ ਪ੍ਰਕਾਸ਼ਨ ਦੀ ਲਗਨ ਤੇ ਸੂਝ ਸੀ ਕਿ ਇਹਨਾਂ ਸਾਧਾਰਨ ਮਸ਼ੀਨਾਂ ਸਦਕਾ ਹੀ, ਜਿਹੋ ਜਿਹੀਆਂ ਹੋਰ ਕਈ ਪੰਜਾਬੀਆਂ ਨੇ ਵੀ ਲਾਈਆਂ ਹੋਈਆਂ ਸਨ, ਉਹ ਪੰਜਾਬੀ ਦੇ ਇਕ ਵੱਡੇ ਛਾਪਕ ਤੇ ਪ੍ਰਕਾਸ਼ਕ ਮੰਨੇ ਜਾਣ ਲੱਗੇ ਸਨ। ਉਹਨਾਂ ਦੀ ਛਪਾਈ ਨੂੰ ਪਾਠਕ 'ਮੋਤੀਆਂ ਵਰਗੀ ਛਪਾਈ' ਆਖਦੇ। ਇਸੇ ਮਸ਼ੀਨ ਦੀ ਛਪਾਈ ਸਦਕਾ ਉਹ ਕਈ ਵਾਰ ਭਾਰਤ ਸਰਕਾਰ ਦਾ ਬਿਹਤਰੀਨ ਛਪਾਈ ਦਾ ਇਨਾਮ ਜਿੱਤ ਚੁੱਕੇ ਸਨ। ਸਭ ਵੱਡੇ ਪੰਜਾਬੀ ਲੇਖਕ ਉਹਨਾਂ ਤੋਂ ਪੁਸਤਕ ਪ੍ਰਕਾਸ਼ਿਤ ਕਰਵਾ ਕੇ ਮਾਣ ਮਹਿਸੂਸ ਕਰਦੇ। ਬਾਕੀ ਲੇਖਕ ਉਹਨਾਂ ਦੀ ਨਜ਼ਰ ਚੜ੍ਹਨ ਲਈ ਤਾਂਘਦੇ ਰਹਿੰਦੇ। ਉਹ ਪੰਜਾਬੀ ਦੇ ਪਹਿਲੇ ਪ੍ਰਕਾਸ਼ਕ ਸਨ ਜੋ ਨਵੀਆਂ ਨਵੀਆਂ ਵਿਉਂਤਾਂ ਬਣਾਉਂਦੇ। ਹੋਰ ਛਾਪਕਾਂ ਵਾਂਗ ਉਹ ਭੁਰੇ-ਟੁੱਟੇ ਅੱਖਰ ਵਰਤਦੇ ਰਹਿਣ ਦਾ ਲਾਲਚ ਨਹੀਂ ਸਨ ਕਰਦੇ ਸਗੋਂ ਨਵਾਂ ਸਿੱਕਾ ਭਰ ਲੈਂਦੇ। ਬਰੀਕ ਮੂੰਹ ਵਾਲੇ ਅੱਖਰ ਵੀ ਸਭ ਤੋਂ ਪਹਿਲਾਂ ਉਹਨਾਂ ਨੇ ਵਰਤਣੇ ਸ਼ੁਰੂ ਕੀਤੇ। ਹਰ ਫ਼ਰਮਾ ਮਸ਼ੀਨ ਉੱਤੇ ਚੜ੍ਹਨ ਤੋਂ ਪਹਿਲਾਂ ਉਹਨਾਂ ਦੀ ਤਿੱਖੀ ਨਜ਼ਰ ਦੀ ਛਾਣਨੀ ਵਿਚੋਂ ਲੰਘਦਾ।

ਵੱਧ ਤੋਂ ਵੱਧ ਪਾਠਕਾਂ ਤੱਕ ਸਸਤੇ ਮੁੱਲ ਸਾਹਿਤ ਪੁਜਦਾ ਕਰਨ ਵਾਸਤੇ ਉਰਦੂ ਤੇ ਹਿੰਦੀ ਵਾਂਗ ਉਹਨਾਂ ਨੇ ਵਧੀਆ ਮੌਲਕ ਤੇ ਅਨੁਵਾਦਿਤ ਪੇਪਰਬੈਕ ਪੁਸਤਕਾਂ ਇਕ ਰੁਪਈਆ ਮੁੱਲ ਰੱਖ ਕੇ ਪ੍ਰਕਾਸ਼ਿਤ ਕਰਨ ਦੀ ਵਿਉਂਤ ਬਣਾਈ। ਉਹਨਾਂ ਨੇ ਸੋਚਿਆ, ਆਰੰਭ ਜਗਦੀਪ ਨਾਲ ਹੋਣਾ ਚਾਹੀਦਾ ਹੈ।

ਜਗਦੀਪ ਕੋਲ ਪੁਸਤਕ ਜਿੰਨੀਆਂ ਕਵਿਤਾਵਾਂ ਵੀ ਹੋਈਆਂ ਪਈਆਂ ਸਨ ਤੇ ਕਹਾਣੀਆਂ ਵੀ। ਉਹ ਸੋਚਦੀ, ਪ੍ਰਕਾਸ਼ਕ ਤਾਂ ਹਿਤੈਸ਼ੀ ਜੀ ਹੀ ਹੋਣੇ ਚਾਹੀਦੇ ਹਨ। ਉਹਨੇ ਗੱਲ ਚਲਾਈ ਤਾਂ ਹਿਤੈਸ਼ੀ ਜੀ ਨੇ ਇਹ ਖਰੜੇ ਤਾਂ ਫੜ ਹੀ ਲਏ, ਇਕ ਰੁਪਿਆ ਲੜੀ ਵਾਲੀ ਵਿਉਂਤ ਦੱਸ ਕੇ ਇਹ ਸੁਝਾਅ ਵੀ ਦਿੱਤਾ ਕਿ ਪਹਿਲੀ ਪੁਸਤਕ ਵਾਸਤੇ ਉਹ ਆਪਣੇ ਅਜਿਹੇ ਨਿੱਜੀ ਤੇ ਸਾਹਿਤਕ ਅਨੁਭਵ ਵਾਰਤਿਕ ਵਿਚ ਲਿਖ ਕੇ ਦੇਵੇ ਜੋ ਕਵਿਤਾ ਜਾਂ ਕਹਾਣੀ ਦੇ ਕਲਾਵੇ ਵਿਚ ਨਾ ਆਏ ਹੋਣ।

ਜਗਦੀਪ ਨੇ ਇਕ-ਇਕ ਕਰ ਕੇ ਆਈਆਂ ਆਪਣੀਆਂ ਤਿੰਨਾਂ ਪੁਸਤਕਾਂ ਦੀ ਸਜਧਜ ਦੇਖੀ ਤਾਂ ਗਦਗਦ ਹੋ ਗਈ। ਉਹ ਉਸੇ ਰੂਪ ਵਿਚ ਛਪੀਆਂ ਸਨ ਜਿਸ ਦੀ ਉਹਨੇ ਕਲਪਨਾ ਕੀਤੀ ਸੀ। ਪੁਸਤਕਾਂ ਦੇ ਪ੍ਰਕਾਸ਼ਨ ਦੇ ਮੈਦਾਨ ਵਿਚ ਝੰਡੀ ਕਰ ਦੇਣ ਮਗਰੋਂ ਹਿਤੈਸ਼ੀ ਜੀ ਨੇ 'ਹਿਤੈਸ਼ੀ' ਦੇ ਹੀ ਨਾਂ ਨਾਲ ਸਾਹਿਤਕ ਮਾਸਕ-ਪੱਤਰ ਕੱਢਣ ਦੀ ਸਲਾਹ ਬਣਾਈ। ਉਹ ਜਾਣਦੇ ਸਨ, ਸਭ ਕੁਛ ਜਾਣਕਾਰੀ ਤੇ ਪਹੁੰਚ ਵਿਚ ਹੋਣ ਦੇ ਬਾਵਜੂਦ, ਖਾਸ ਕਰ ਕੇ ਸਮੇਂ ਤੇ ਖੇਚਲ ਦੇ ਪੱਖੋਂ, ਉਹਨਾਂ ਵਾਸਤੇ ਮਾਸਕ-ਪੱਤਰ ਦਾ ਸਾਰਾ ਕੰਮ ਆਪ ਕਰਨਾ ਸੰਭਵ ਨਹੀਂ ਸੀ ਹੋਣਾ। ਚਾਰੇ ਪਾਸੇ ਨਜ਼ਰ ਫੇਰ ਕੇ ਉਹ ਜਗਦੀਪ ਦੇ ਘਰ ਆਏ ਤੇ ਉਹਨੂੰ ਸਹਿ-ਸੰਪਾਦਕ ਬਣਨ ਦੀ ਪੇਸ਼ਕਸ਼ ਕੀਤੀ ਜੋ ਉਹਨੇ ਖ਼ੁਸ਼ੀ-ਖ਼ੁਸ਼ੀ ਪਰਵਾਨ ਕਰ ਲਈ। ਹਿਤੈਸ਼ੀ ਜੀ ਦੇ ਅਨੁਭਵ ਤੇ ਜਗਦੀਪ ਦੀ ਲਿਖਤਾਂ ਦੀ ਚੋਣ ਸਦਕਾ ਪਹਿਲਾ ਅੰਕ ਹੀ ਕਵਰ ਦੀ ਦਿੱਖ, ਲਿਖਤਾਂ ਦੇ ਮਿਆਰ ਤੇ ਸੈਟਿੰਗ ਦੀ ਕਲਾਤਮਕ ਖ਼ੂਬਸੂਰਤੀ ਦੇ ਪੱਖੋਂ ਅਜਿਹਾ ਬਣ ਕੇ ਪਾਠਕਾਂ ਦੇ ਹੱਥਾਂ ਵਿਚ ਪੁੱਜਿਆ ਜਿਹੋ ਜਿਹਾ ਪੰਜਾਬੀ ਵਿਚ ਅੱਜ ਤੱਕ ਕੋਈ ਰਸਾਲਾ ਨਹੀਂ ਸੀ ਛਪਿਆ। ਹਿਤੈਸ਼ੀ ਜੀ ਦਾ ਭਰੋਸੇਜੋਗ ਨਾਂ ਤੇ ਉਸ ਨਾਲ ਜੁੜੀ ਹੋਈ ਜਗਦੀਪ ਦੀ ਪ੍ਰਸਿੱਧੀ। ਪੰਜਾਬੀ ਸਾਹਿਤ ਜਗਤ ਵਿਚ 'ਹਿਤੈਸ਼ੀ-ਹਿਤੈਸ਼ੀ' ਹੋਣ ਲੱਗ ਪਈ। ਪਹਿਲੇ ਅੰਕ ਨਾਲ ਹੀ 'ਹਿਤੈਸ਼ੀ' ਪੰਜਾਬੀ ਦਾ ਇਕ ਪ੍ਰਮੁੱਖ ਮਾਸਕ-ਪੱਤਰ ਬਣ ਗਿਆ।

ਉਸੇ ਸਾਲ ਜਦੋਂ ਜਗਦੀਪ ਦੀ ਚਰਚਿਤ ਕਾਵਿ-ਪੁਸਤਕ 'ਪੌਣਾਂ ਹੱਥ ਸੰਦੇਸ਼' ਸਾਹਿਤ ਅਕਾਦਮੀ ਪੁਰਸਕਾਰ ਵਾਸਤੇ ਪੇਸ਼ ਹੋਈ, ਨਿਰਣੇਕਾਰਾਂ ਦੇ ਮੁਖੀ ਪ੍ਰੋ. ਮੋਹਨ ਸਿੰਘ ਸਨ। ਉਪਰੋਕਤ ਗੱਲਾਂ ਨਾਲ ਮਿਲ ਕੇ ਇਸ ਪੁਰਸਕਾਰ ਨੇ ਉਹਨੂੰ ਹਰ ਪੜ੍ਹੇ-ਲਿਖੇ ਪੰਜਾਬੀ ਦੀ ਮਹਿਬੂਬ ਲੇਖਿਕਾ ਬਣਾ ਦਿੱਤਾ। ਉਹ ਉਰਦੂ ਤੇ ਹਿੰਦੀ ਦੇ ਮਸ਼ਹੂਰ ਰਸਾਲੇ ਫਰੋਲਦੀ ਤਾਂ ਲੇਖਕਾਂ ਦੀਆਂ ਰਚਨਾਵਾਂ ਨੂੰ ਚਿਤਰਕਾਰਾਂ ਦੀ ਕਲਾ ਨੇ ਸਜਾਇਆ ਹੋਇਆ ਹੁੰਦਾ। ਕਿਉਂ ਨਾ 'ਹਿਤੈਸ਼ੀ' ਨੂੰ ਵੀ ਇਹ ਰੂਪ ਦਿੱਤਾ ਜਾਵੇ! ਉਹਨੇ ਗੱਲ ਹਿਤੈਸ਼ੀ ਜੀ ਨਾਲ ਸਾਂਝੀ ਕੀਤੀ ਤਾਂ ਉਹ ਇਕਦਮ ਸਹਿਮਤ ਹੋ ਗਏ। ਸਗੋਂ ਉਹਨਾਂ ਨੇ ਇਸ ਸੁਝਾਅ ਲਈ ਉਹਦੀ ਵਡਿਆਈ ਕੀਤੀ। ਉਹ ਚੰਗੀ ਤਰ੍ਹਾਂ ਜਾਣਦੇ ਸਨ, ਪਹਿਲਾਂ ਤਾਂ ਚਿਤਰਕਾਰ ਪਤਾ ਨਹੀਂ ਕੀ ਮੰਗੇਗਾ, ਫੇਰ ਹਰ ਅੰਕ ਲਈ ਏਨੇ ਬਲਾਕ ਬਣਾਉਣੇ ਵੀ ਕੋਈ ਖੇਡ ਨਹੀਂ ਸੀ। ਨਾਲ ਹੀ ਇਹ ਮੁਸ਼ਕਿਲ ਸੀ ਕਿ ਖਰਚ ਦੇ ਇਸ ਵਾਧੇ ਕਾਰਨ ਚੰਦਾ ਵਧਾਉਣਾ ਸੰਭਵ ਨਹੀਂ ਸੀ। ਸਭ ਚੰਗੇ ਰਸਾਲਿਆਂ ਨੇ ਦਰ ਅੱਠ ਆਨੇ ਪ੍ਰਤੀ ਅੰਕ ਤੇ ਪੰਜ ਰੁਪਏ ਸਾਲਾਨਾ ਹੀ ਰੱਖੀ ਹੋਈ ਸੀ। ਪਰ ਘਾਟੇ ਦਾ ਡਰ ਹਿਤੈਸ਼ੀ ਜੀ ਨੂੰ ਛਪਾਈ ਤੇ ਪ੍ਰਕਾਸ਼ਨ ਵਿਚ ਨਵੇਂ ਪੂਰਨੇ ਪਾਉਣ ਤੋਂ ਪਹਿਲਾਂ ਵੀ ਕਦੀ ਨਹੀਂ ਸੀ ਰੋਕ ਸਕਿਆ, ਹੁਣ ਵੀ ਨਾ ਰੋਕ ਸਕਿਆ। ਉਹਨਾਂ ਨੇ ਕਿਹਾ, 'ਤੁਸੀਂ ਵੀ ਕੋਈ ਕਲਾਕਾਰ ਲੱਭੋ, ਮੈਂ ਵੀ ਨਜ਼ਰ ਰਖਦਾ ਹਾਂ, ਪਰ ਕੰਮ ਨਫ਼ੀਸ ਚਾਹੀਦਾ ਹੈ, ਖਾਨਾਪੂਰਤੀ ਨਹੀਂ।'

ਉਰਦੂ ਦੇ ਮਾਹਵਾਰ 'ਚਿਰਾਗ਼' ਵਿਚ ਹਰ ਅਦਬੀ ਰਚਨਾ ਨਾਲ ਹੋਰ ਰਸਾਲਿਆਂ ਨਾਲੋਂ ਬਿਲਕੁਲ ਨਿਆਰੇ ਰੇਖਾ-ਚਿਤਰ ਹੁੰਦੇ। ਚਰਨਜੀਤ ਨਾਂ ਦਾ ਇਹ ਕੋਈ ਚਿਤਰਕਾਰ ਆਮ ਚਿਤਰਕਾਰਾਂ ਵਾਂਗ ਬੁਰਸ਼ ਤੇ ਰੰਗ ਲੈ ਕੇ ਤਸਵੀਰਾਂ ਜਿਹੀਆਂ ਨਹੀਂ ਸੀ ਬਣਾਉਂਦਾ। ਉਹ ਪੈੱਨ ਦੀ ਨੋਕ ਕਾਗ਼ਜ਼ ਉੱਤੇ ਰਖਦਾ ਅਤੇ ਸਿਰਫ਼ ਇਕ ਲਕੀਰ ਨਾਲ ਸਾਰੇ ਨੈਣ-ਨਕਸ਼ ਸਾਕਾਰ ਕਰ ਦਿੰਦਾ। ਨਜ਼ਰੋਂ ਲੰਘਦੇ ਏਨੇ ਰਸਾਲਿਆਂ ਵਿਚੋਂ ਅਜਿਹੀ ਕਲਾ ਦਾ ਸੁਆਮੀ ਜਗਦੀਪ ਨੂੰ ਹੋਰ ਕੋਈ ਨਹੀਂ ਸੀ ਦਿੱਸਿਆ। ਇਕ ਗੱਲ ਇਸ ਤੋਂ ਵੀ ਅਨੋਖੀ ਸੀ। ਉਹਦੇ ਬਣਾਏ ਇਸਤਰੀ ਚਿਹਰਿਆਂ ਵਿਚੋਂ ਇਸ ਨੂੰ ਆਪਣੀ ਨੁਹਾਰ ਦਿਸਦੀ। ਆਪੇ ਹੀ ਇਹ ਇਸ ਗੱਲ ਨੂੰ ਵਹਿਮ ਆਖ ਕੇ ਰੱਦ ਕਰ ਦਿੰਦੀ। ਅੱਜ ਉਹਨੇ 'ਚਿਰਾਗ਼' ਦੇ ਕਈ ਅੰਕ ਚੁੱਕੇ ਤੇ ਵਹਿਮ ਤੇ ਸੱਚ ਵਿਚਕਾਰ ਨਿਤਾਰਾ ਕਰਨ ਲੱਗੀ। ਉਹ ਇਕ ਅੰਕ ਚੁਕਦੀ, ਚਰਨਜੀਤ ਦੇ ਸਿਰਜੇ ਇਸਤਰੀ ਚਿਹਰੇ ਗਹੁ ਨਾਲ ਦੇਖਦੀ ਤੇ ਫੇਰ ਸ਼ੀਸ਼ੇ ਵਿਚ ਆਪਣਾ ਚਿਹਰਾ ਨਿਹਾਰਦੀ। ਉਹ ਹੈਰਾਨ ਰਹਿ ਗਈ, ਇਹ ਸਭ ਚਿਹਰੇ ਉਹਦੇ ਆਪਣੇ ਚਿਹਰੇ ਹੀ ਤਾਂ ਸਨ!

ਪਹਿਲਾਂ ਜੋ ਵਹਿਮ ਜਿਹਾ, ਝੌਲਾ ਜਿਹਾ ਸੀ, ਅੱਜ ਇਕਾਗਰ-ਚਿੱਤ ਹੋ ਕੇ ਦੇਖਿਆਂ ਸਥੂਲ ਸੱਚ ਬਣ ਕੇ ਸਾਹਮਣੇ ਸੀ। ਪਰ ਇਹ ਕਿਵੇਂ ਸੰਭਵ ਸੀ!... ਕਿਉਂ, ਸੰਭਵ ਕਿਉਂ ਨਹੀਂ ਸੀ? ਉਹਨੇ ਸੋਚਿਆ, ਮੈਨੂੰ ਕਿੰਨੇ ਵਾਰ ਇਹੋ ਜਿਹੀਆਂ ਥਾਂਵਾਂ ਸੁਪਨਿਆਂ ਵਿਚ ਦਿਸਦੀਆਂ ਨੇ, ਜਿਥੇ ਮੈਂ ਜ਼ਿੰਦਗੀ ਵਿਚ ਕਦੀ ਨਹੀਂ ਗਈ ਹੁੰਦੀ। ਵਰ੍ਹਿਆਂ ਮਗਰੋਂ ਕਿਤੇ ਗਈ ਹੋਈ ਦੇ ਉਹਨਾਂ ਵਿਚੋਂ ਕੋਈ ਥਾਂ ਅਚਾਨਕ ਮੇਰੇ ਸਾਹਮਣੇ ਹੁੰਦੀ ਹੈ। ਸੁਪਨਿਆਂ ਵਿਚ ਅਜਿਹੇ ਚਿਹਰੇ ਆਉਂਦੇ ਰਹਿੰਦੇ ਨੇ ਜਿਨ੍ਹਾਂ ਨਾਲ ਜੀਵਨ ਵਿਚ ਮੇਰਾ ਕਦੀ ਮੇਲ ਨਹੀਂ ਹੋਇਆ ਹੁੰਦਾ।... ਕਿਹੋ ਜਿਹਾ ਹੋਵੇਗਾ ਇਹ ਚਰਨਜੀਤ ਨਾਂ ਦਾ ਕਲਾਕਾਰ? ਕੀ ਉਹਦਾ ਚਿਹਰਾ ਮੇਰੇ ਸੁਫਨਿਆਂ ਵਿਚ ਆਉਂਦੇ ਮਰਦਾਵੇਂ ਚਿਹਰਿਆਂ ਵਿਚੋਂ ਹੀ ਕੋਈ ਹੋਵੇਗਾ? ਨਾਂ ਤੋਂ ਬੰਦਾ ਪੰਜਾਬੀ ਲਗਦਾ ਹੈ, ਕੀ ਪਤਾ ਕਦੀ ਕਿਸੇ ਕਵੀ-ਦਰਬਾਰ ਵਿਚ ਉਹਨੇ ਮੈਨੂੰ ਦੇਖਿਆ ਹੋਇਆ ਹੋਵੇ! ਕੀ ਪਤਾ, ਮੈਂ ਹੀ ਉਸ ਦੇ ਕਲਪਨਾ ਦੇ ਸੰਸਾਰ ਉੱਤੇ ਛਾ ਗਈ ਹੋਵਾਂ ਤੇ ਕਲਾ-ਕਲਮ ਦੀ ਨੋਕ ਉੱਤੇ ਸਜ ਗਈ ਹੋਵਾਂ! ਬੱਦਲ ਦੇ ਪਰਛਾਵੇਂ ਵਾਂਗ ਇਹ ਖ਼ਿਆਲ ਵੀ ਉਹਦੇ ਮਨ ਵਿਚੋਂ ਲੰਘਿਆ, ਕਿਤੇ ਕੋਈ ਬੁੱਢਾ ਹੀ ਨਾ ਹੋਵੇ! ਪਰ ਉਹਨੇ ਆਪਣਾ ਇਹ ਖ਼ਿਆਲ ਆਪੇ ਹੀ ਰੱਦ ਕਰ ਦਿੱਤਾ। ਬੁੱਢਾ ਆਦਮੀ, ਭਾਵੇਂ ਉਹ ਕਿੰਨਾ ਵੀ ਅਨੁਭਵੀ ਕਲਾਕਾਰ ਹੋਵੇ, ਅਜਿਹਾ ਜੀਵਨ-ਧੜਕਦਾ ਜਵਾਨ ਇਸਤਰੀ ਚਿਹਰਾ ਨਹੀਂ ਸਿਰਜ ਸਕਦਾ।

ਉਹਨੇ ਪਹਿਲਾ ਕੰਮ ਤਾਂ ਹਿਤੈਸ਼ੀ ਜੀ ਨੂੰ ਫ਼ੋਨ ਕਰਨ ਦਾ ਕੀਤਾ। ਇਹ ਨਾ ਹੋਵੇ, ਉਹ ਹੋਰ ਹੀ ਕਿਸੇ ਨੂੰ ਲੱਭ ਲੈਣ। ਸ਼ੁਕਰ ਸੀ, ਹੋਰ ਰੁਝੇਵਿਆਂ ਸਦਕਾ ਉਹ ਇਧਰ ਬਹੁਤਾ ਧਿਆਨ ਨਹੀਂ ਸਨ ਦੇ ਸਕੇ। ਚਿਤਰਕਾਰ ਤੇ ਉਹਦੇ ਕੰਮ ਬਾਰੇ ਦੱਸਿਆ ਤਾਂ ਉਹਨਾਂ ਨੇ ਸਾਰੀ ਗੱਲ ਇਸੇ ਉੱਤੇ ਛੱਡ ਦਿੱਤੀ।

ਜਗਦੀਪ ਨੂੰ ਮਿਲਣ ਲੇਖਕ ਆਉਂਦੇ ਹੀ ਰਹਿੰਦੇ ਸਨ। ਉਹਨਾਂ ਵਿਚ ਇਕ ਹਰਵਿੰਦਰ ਸੀ। ਕਵਿਤਾ ਤਾਂ ਉਹ ਨਹੀਂ ਸੀ ਲਿਖਦਾ ਪਰ ਕਵਿਤਾ ਦਾ ਪ੍ਰਸੰਸਕ ਸੀ ਤੇ ਜਗਦੀਪ ਦਾ ਸ਼ਰਧਾਲੂ ਸੀ। ਆਪ ਉਹ ਕਹਾਣੀਆਂ ਲਿਖਦਾ ਸੀ। ਉਹ ਲਗਭਗ ਹਰ ਐਤਵਾਰ ਹੀ ਆ ਜਾਂਦਾ। ਹੋਰ ਲੇਖਕ ਵੀ ਛੁੱਟੀ ਕਾਰਨ ਅਕਸਰ ਐਤਵਾਰ ਨੂੰ ਹੀ ਆਉਂਦੇ। ਇਹ ਠੀਕ ਵੀ ਸੀ। ਭਾਵੇਂ ਗੁਰਮੁਖ ਸਿੰਘ ਨੂੰ ਕੋਈ ਇਤਰਾਜ਼ ਨਹੀਂ ਸੀ ਹੋਣਾ, ਤਾਂ ਵੀ ਚੰਗਾ ਸੀ, ਉਹ ਐਤਵਾਰ ਨੂੰ ਮਾਰਕਿਟ ਖੁੱਲ੍ਹੀ ਰਹਿੰਦੀ ਹੋਣ ਕਾਰਨ ਘਰ ਨਹੀਂ ਸੀ ਹੁੰਦਾ। ਉਹ ਪ੍ਰਸੰਸਕਾਂ ਨੂੰ ਖੁੱਲ੍ਹ ਕੇ ਮਿਲ ਸਕਦੀ ਸੀ, ਸਾਹਿਤਕ ਵਿਚਾਰ-ਚਰਚਾ ਕਰ ਸਕਦੀ ਸੀ, ਹੱਸ-ਬੋਲ ਸਕਦੀ ਸੀ। ਸਰਕਾਰ ਨੇ ਦੁਕਾਨਾਂ ਦੇ ਕਾਮਿਆਂ ਨੂੰ ਹਫ਼ਤਾਵਾਰੀ ਛੁੱਟੀ ਕਰਵਾਉਣ ਵਾਸਤੇ ਵੱਖ-ਵੱਖ ਬਾਜ਼ਾਰ ਹਫ਼ਤੇ ਦੇ ਵੱਖ-ਵੱਖ ਦਿਨਾਂ ਨੂੰ ਬੰਦ ਰੱਖਣ ਦਾ ਨਵਾਂ ਨੇਮ ਬਣਾ ਦਿੱਤਾ ਸੀ ਤਾਂ ਜੋ ਛੁੱਟੀ ਵੀ ਹੋ ਸਕੇ ਤੇ ਲੋਕਾਂ ਨੂੰ ਚੀਜ਼-ਵਸਤ ਖ਼ਰੀਦਣ ਵਿਚ ਕੋਈ ਔਖ ਵੀ ਨਾ ਆਵੇ। ਗੁਰਮੁਖ ਸਿੰਘ ਵਾਲੀ ਮਾਰਕਿਟ ਬੁੱਧਵਾਰ ਨੂੰ ਬੰਦ ਰਹਿੰਦੀ ਸੀ।

ਹਰਵਿੰਦਰ ਆਉਂਦਾ ਤਾਂ ਜਗਦੀਪ ਦੇ ਨਿੱਕੇ-ਮੋਟੇ ਕਲਮੀ ਕੰਮ ਕਰ ਕੇ ਖ਼ੁਸ਼ੀ ਮਹਿਸੂਸ ਕਰਦਾ। ਉਹ ਨਵੀਂ ਰਚਨਾ ਕਾਪੀ ਵਿਚ ਉਤਾਰ ਦਿੰਦਾ। ਕਾਗ਼ਜ਼ ਉੱਤੇ ਕਵਿਤਾ ਦਾ ਸਾਫ਼ ਉਤਾਰਾ ਕਰ ਕੇ ਉਹਦੇ ਦੱਸੇ ਹੋਏ ਰਸਾਲੇ ਦਾ ਪਤਾ ਲਿਖਦਾ ਤੇ ਘਰ ਜਾਂਦਿਆਂ ਰਾਹ ਵਿਚ ਡਾਕ ਦੇ ਹਵਾਲੇ ਵੀ ਕਰ ਦਿੰਦਾ। ਜਗਦੀਪ ਨੂੰ ਹਰ ਚਿੱਠੀ ਦਾ ਜਵਾਬ ਦੇਣਾ ਚੰਗਾ ਤਾਂ ਲਗਦਾ ਪਰ ਇਹ ਕੰਮ ਸਮਾਂ ਬਹੁਤ ਲੈ ਲੈਂਦਾ। ਹੁਣ ਉਹ ਅਣਜਾਣੇ ਪਾਠਕਾਂ ਤੇ ਸਾਧਾਰਨ ਲੇਖਕਾਂ ਦੀਆਂ ਚਿੱਠੀਆਂ ਦੇ ਜਵਾਬ ਦਾ ਸਾਰ ਦੱਸ ਦਿੰਦੀ। ਹਰਵਿੰਦਰ ਇਹਨਾਂ ਕੰਮਾਂ ਵਿਚ ਏਨਾ ਤੇਜ਼ ਸੀ ਕਿ ਸੰਖੇਪ ਸਾਰ ਸੁਣ ਕੇ ਆਪੇ ਵਧੀਆ ਚਿੱਠੀ ਲਿਖ ਦਿੰਦਾ, ਹੇਠਾਂ ਜਗਦੀਪ ਤੋਂ ਦਸਖ਼ਤ ਕਰਵਾਉਂਦਾ ਤੇ ਲਫ਼ਾਫ਼ਾ ਬੰਦ ਕਰ ਕੇ ਕੰਮ ਮੁਕਦਾ ਕਰਦਾ। ਵੱਡੇ ਜਾਂ ਵਾਕਫ਼-ਦੋਸਤ ਲੇਖਕਾਂ ਨੂੰ ਆਪਣੀਆਂ ਜਾਂ ਜਵਾਬੀ ਚਿੱਠੀਆਂ ਉਹ ਆਪ ਲਿਖਦੀ।

ਅੱਜ ਹਰਵਿੰਦਰ ਨੂੰ ਦੇਖ ਕੇ ਅਚਾਨਕ ਖ਼ਿਆਲ ਆਇਆ, ਸਮੇਂ-ਸਮੇਂ ਉਹਦੀਆਂ ਦੋ-ਤਿੰਨ ਕਹਾਣੀਆਂ 'ਚਿਰਾਗ਼' ਵਿਚ ਛਪੀਆਂ ਸਨ। ਕੀ ਪਤਾ, ਇਹ ਕਦੀ 'ਚਿਰਾਗ਼' ਦੇ ਦਫ਼ਤਰ ਗਿਆ ਹੋਵੇ ਤੇ ਇਹਨੇ ਚਰਨਜੀਤ ਨੂੰ ਵੀ ਦੇਖਿਆ ਹੋਇਆ ਹੋਵੇ। ਉਹ ਉਰਦੂ ਦਾ ਚੰਗਾ ਜਾਣਕਾਰ ਸੀ। ਉਹਨੇ ਦੱਸਿਆ, ਹਰ ਵਾਰ ਆਪਣੀ ਕਹਾਣੀ ਆਪ ਹੀ ਤਰਜਮਾ ਕਰ ਕੇ ਉਹ ਹੱਥੀਂ ਦੇ ਆਉਂਦਾ ਹੈ। ਪਹਿਲੀ ਕਹਾਣੀ ਨਜ਼ਰੋਂ ਲੰਘਾ ਕੇ ਸੰਪਾਦਕ ਜਾਣ ਗਿਆ ਸੀ, ਕਹਾਣੀਕਾਰ ਛਾਪਣਜੋਗ ਹੈ। ਉਹਨੇ ਕਿਹਾ ਸੀ, ਸਾਡੇ ਕਲਾਕਾਰ ਕੋਲ ਜਾ ਕੇ ਸਾਰ ਦੱਸ ਦਿਉ, ਉਹਦਾ ਪੜ੍ਹਨ ਦਾ ਸਮਾਂ ਬਚ ਜਾਵੇਗਾ। ਹਰ ਵਾਰ ਅਜਿਹਾ ਹੀ ਹੁੰਦਾ। ਇਉਂ ਚਰਨਜੀਤ ਨੂੰ ਹਰਵਿੰਦਰ ਦਾ ਦੋਸਤ ਤਾਂ ਨਹੀਂ, ਵਾਕਿਫ਼ ਜ਼ਰੂਰ ਕਿਹਾ ਜਾ ਸਕਦਾ ਸੀ।

ਜਗਦੀਪ ਚਾਹੁੰਦੀ ਸੀ, ਚੰਗਾ ਹੋਵੇ, ਦਫ਼ਤਰੀ ਘੜਮੱਸ ਵਿਚ ਇਹਦੇ ਜਾ ਮਿਲਣ ਨਾਲੋਂ ਜੇ ਉਹ ਆਪ ਘਰ ਦੇ ਸ਼ਾਂਤ ਮਾਹੌਲ ਵਿਚ ਆ ਕੇ ਮਿਲੇ। 'ਉਹ ਬੁਰਾ ਤਾਂ ਨਹੀਂ ਮਨਾਏਗਾ?' ਉਹਨੇ ਹਰਵਿੰਦਰ ਨਾਲ ਡਰ ਸਾਂਝਾ ਕੀਤਾ, 'ਕਹੇ, ਮੈਂ ਕਿਉਂ ਜਾਵਾਂ, ਜਿਸ ਨੂੰ ਲੋੜ ਹੈ, ਆਪ ਆਵੇ। ਲੇਖਿਕਾ ਹੈ ਤਾਂ ਆਪਣੇ ਘਰ ਲੇਖਿਕਾ ਬਣੀ ਰਹੇ।... ਨਾਲੇ ਕਿਤੇ ਕੋਈ ਬੁੱਢਾ ਤਾਂ ਨਹੀਂ ਜਿਸ ਨੂੰ ਆਉਣਾ ਉਂਜ ਹੀ ਔਖਾ ਹੋਵੇ?'

ਹਰਵਿੰਦਰ ਨੇ ਕਿਹਾ, 'ਦੀਦੀ, ਉਹ ਬੁੱਢਾ ਨਹੀਂ, ਛਬੀਲਾ ਜਵਾਨ ਹੈ। ਕੀ ਪਤਾ, ਉਹਨੇ ਤੁਹਾਡਾ ਨਾਂ ਸੁਣਿਆ ਹੋਇਆ ਹੋਵੇ। ਕੀ ਪਤਾ, ਉਹਨੇ ਤੁਹਾਡਾ ਕੁਛ ਕਿਤੇ ਪੜ੍ਹਿਆ ਹੋਇਆ ਹੋਵੇ। ਕੀ ਪਤਾ, ਉਹਨੇ ਤੁਹਾਨੂੰ ਕਦੀ ਕਿਸੇ ਕਵੀ-ਦਰਬਾਰ ਵਿਚ ਸੁਣਿਆ-ਦੇਖਿਆ ਹੋਇਆ ਹੋਵੇ। ਕੀ ਪਤਾ, ਉਹ ਆਪ ਤੁਹਾਨੂੰ ਮਿਲਣ ਦਾ ਚਾਹਵਾਨ ਹੋਵੇ!'

ਜਗਦੀਪ ਦਾ ਹਾਸਾ ਨਿੱਕਲ ਗਿਆ, 'ਬੱਸ ਕਰ ਹਰਵਿੰਦਰ, ਬਹੁਤ ਹੋ ਗਿਆ ਤੇਰਾ ਕੀ-ਪਤਾ ਦਾ ਰਾਗ! 'ਹਿਤੈਸ਼ੀ' ਦੇ ਅਗਲੇ ਅੰਕ ਵਿਚ 'ਕੀ ਪਤਾ' ਦਾ ਸਿਰਲੇਖ ਦੇ ਕੇ ਇਹ ਸਤਰਾਂ ਤੇਰੀ ਕਵਿਤਾ ਵਜੋਂ ਨਾ ਛਾਪ ਦਿਆਂ?'

'ਦੀਦੀ, ਕਵੀਆਂ ਉੱਤੇ ਇਹ ਜ਼ੁਲਮ ਨਾ ਕਰਨਾ, ਮੈਂ ਕਵਿਤਾ ਲਿਖਣ ਲੱਗ ਗਿਆ ਤਾਂ ਕਈਆਂ ਦੀ ਪੁੱਛ-ਪੜਤਾਲ ਘਟ ਜਾਣੀ ਹੈ। ਆਖ਼ਰ ਮੈਨੂੰ ਤੁਹਾਡੀ ਅਸ਼ੀਰਵਾਦ ਜੋ ਪਰਾਪਤ ਹੈ!'

ਅਗਲੇ ਦਿਨ ਹਰਵਿੰਦਰ ਦਾ ਫੋਨ ਆਇਆ, 'ਦੀਦੀ, ਲਉ, ਚਰਨਜੀਤ ਜੀ ਨਾਲ ਗੱਲ ਕਰੋ।'

ਅਚਾਨਕਤਾ ਕਾਰਨ ਜਗਦੀਪ ਦਾ ਸਾਹ ਫੁੱਲ ਗਿਆ। ਉਹਨੇ ਲੰਮਾ ਸਾਹ ਲਿਆ, ਪਰ ਇਸ ਤੋਂ ਪਹਿਲਾਂ ਕਿ ਇਹ ਕੁਛ ਬੋਲਦੀ, ਆਵਾਜ਼ ਆਈ, 'ਜਗਦੀਪ ਜੀ, ਮੈਂ ਤੁਹਾਡਾ ਇਕ ਪ੍ਰਸੰਸਕ ਪਾਠਕ ਬੋਲ ਰਿਹਾ ਹਾਂ।'

ਜਗਦੀਪ ਦੇ ਮੂੰਹੋਂ ਇਕਦਮ ਨਿੱਕਲਿਆ, 'ਆਉਂਗੇ ਨਾ ਤੁਸੀਂ?' ਪਹਿਲੀ ਹੀ ਗੱਲ ਅਜਿਹੀ ਬਚਗਾਨਾ ਕੀਤੀ ਹੋਣ ਸਦਕਾ ਉਹ ਆਪ ਹੀ ਕੱਚੀ ਜਿਹੀ ਹੋ ਗਈ। ਅੱਗੋਂ ਚਰਨਜੀਤ ਦਾ ਹਾਸਾ ਸੁਣ ਕੇ ਉਹ ਕਾਹਲੀ ਨਾਲ ਬੋਲੀ, 'ਮੇਰਾ ਮਤਲਬ ਹੈ, ਮੈਂ ਇਕੱਲੀ ਬਸਾਂ ਵਿਚ ਆ ਕੇ ਕਿਥੇ ਤੁਹਾਡਾ ਦਫ਼ਤਰ ਲਭਦੀ ਫਿਰਾਂਗੀ, ਜੇ ਤੁਸੀਂ ਆ ਸਕੋਂ, 'ਹਿਤੈਸ਼ੀ' ਬਾਰੇ ਗੱਲ ਕਰ ਲਈਏ।'

'ਕਾਰੋਬਾਰੀ ਗੱਲਾਂ ਕਰਨ ਤਾਂ ਜੀ ਮੈਂ ਕਦੇ ਕਿਸੇ ਦੇ ਘਰ ਗਿਆ ਨਹੀਂ, ਨਾ ਹੀ ਹੁਣ ਜਾਵਾਂ। ਇਹ ਪ੍ਰਸੰਸਕ ਤਾਂ ਆਪਣੀ ਚਹੇਤੀ ਸ਼ਾਇਰਾ ਨੂੰ ਮਿਲਣ ਦਾ ਸਬੱਬ ਨਾਲ ਬਣਿਆ ਮੌਕਾ ਗੁਆਉਣਾ ਨਹੀਂ ਚਾਹੁੰਦਾ', ਚਰਨਜੀਤ ਨੇ ਗੱਲ ਮੁਕਾਈ, 'ਕਾਰੋਬਾਰੀ ਚਰਚਾ ਲਈ ਤਾਂ ਤੁਹਾਨੂੰ ਹੀ ਕਦੀ ਘਰੋਂ ਬਾਹਰ ਨਿੱਕਲ ਕੇ ਮੇਰੇ ਦਫ਼ਤਰ ਆਉਣਾ ਪਵੇਗਾ।'

'ਅੱਛਾ, ਏਵੇਂ ਸਹੀ! ਤੁਸੀਂ ਆਉ ਤਾਂ ਸਹੀ ਪ੍ਰਸੰਸਕ ਜੀ', ਉਹ ਵੀ ਹੱਸ ਪਈ। ਗੱਲਾਂ ਦੇ ਅਸਲ ਅਰਥ ਉਹ ਖ਼ੂਬ ਸਮਝਣ ਲੱਗ ਪਈ ਸੀ। ਉਹਨੇ ਮਾਣ ਨਾਲ ਸੋਚਿਆ, 'ਜੇ ਮੈਨੂੰ ਮਿਲਣ ਮਗਰੋਂ ਵੀ ਤੇਰੀ ਇਹੋ ਇੱਛਾ ਰਹੀ, 'ਹਿਤੈਸ਼ੀ' ਬਾਰੇ ਗੱਲ ਕਰਨ ਵਾਸਤੇ ਕਿਸੇ ਦਿਨ ਜ਼ਰੂਰ ਤੇਰੇ ਦਫ਼ਤਰ ਆ ਹਾਜ਼ਰ ਹੋਵਾਂਗੀ।'

###

# ਅਮਰੀਕੀ ਸਰਦਾਰੀ ਦਾ ਦਬਦਬਾ ਢਹਿ-ਢੇਰੀ ਹੋਣ ਵੱਲ

ਅੱਜ ਅਸੀਂ ਇਰਾਨ-ਅਮਰੀਕਾ-ਇਜ਼ਰਾਈਲ ਯੁੱਧ ਦੇ ਦੌਰ ਵਿਚੋਂ ਲੰਘ ਰਹੇ ਹਾਂ। ਐਟਮੀ ਹਥਿਆਰਾਂ ਦੇ ਬਰੂਦ ਨਾਲ ਭਰੇ ਤਾਕਤਵਰ ਮੁਲਕਾਂ ਦੇ ਫ਼ੌਜੀ ਅਸਲਾਖਾਨਿਆਂ ਕਰਕੇ ਦੁਨੀਆਂ ਭਰ ਵਿਚ ਤੌਖ਼ਲਾ ਹੈ ਕਿ ਜੇਕਰ ਇਹ ਯੁੱਧ ਤੀਸਰੇ ਵਿਸ਼ਵ ਯੁੱਧ ਵਿਚ ਤਬਦੀਲ ਹੋ ਗਿਆ, ਤਾਂ ਇਸ ਧਰਤੀ 'ਤੇ ਵੱਸਦੇ ਮਾਨਵ ਦੇ ਨਾਲ-ਨਾਲ ਹਰ ਕਿਸਮ ਦਾ ਜੀਵ-ਜੰਤੂ ਬਨਾਸਪਤੀ ਅਤੇ ਕੁਦਰਤੀ ਸੋਮੇ ਤਬਾਹ ਹੋ ਜਾਣਗੇ। ਇਸ ਵਿਨਾਸ਼ ਭਰੇ ਮਾਰਗ ਵੱਲ ਮਨੁੱਖ ਦੇ ਵਧਦੇ ਕਦਮਾਂ ਪਿੱਛੇ ਅਥਾਹ ਫ਼ੌਜੀ ਤਾਕਤ (Military Might) ਅਤੇ ਆਰਥਿਕ ਸ਼ਕਤੀ ਸਮਰੱਥ ਮੁਲਕਾਂ ਦੀ ਰਾਜਨੀਤੀ ਅਤੇ ਪੂੰਜੀ ਬਾਜ਼ਾਰ (Deep Capital Markets) ਜ਼ਿੰਮੇਵਾਰ ਹਨ।



**ਹਰਜੀਤ ਸਿੰਘ ਗਿੱਲ**
ਫੋਨ:647-542-0007 (ਕਨੇਡਾ)
+9198889-45127 (ਭਾਰਤ)

ਕਾਰਪੋਰੇਟ ਪੂੰਜੀ ਬਜ਼ਾਰ ਦੀ ਸਭ ਕੁਝ ਹੜੱਪ ਲੈਣ ਦੀ ਲਲਕ ਅਤੇ ਉਸ ਦੀਆਂ ਹੱਥ ਠੋਕਾਂ ਰਾਜਨੀਤਕ ਤਾਕਤਾਂ ਅਤੇ ਸਰਮਾਏਦਾਰੀ ਢਾਂਚੇ ਵਾਲੀਆਂ ਅਮਰੀਕਾ ਅਤੇ ਉਸ ਦੀ ਅਧੀਨਗੀ ਜਾਂ ਸਰਪ੍ਰਸਤੀ ਹੇਠ ਕੰਮ ਕਰਨ ਵਾਲੀਆਂ ਸਰਕਾਰਾਂ ਅਤੇ ਹੋਰ ਤਾਕਤਾਂ ਸਥਿਤੀ ਨੂੰ ਜਿਵੇਂ ਕਿ ਇਹ ਹੈ ਤਿਵੇਂ ਰੱਖਣ ਲਈ ਬਜ਼ਿਦ ਹਨ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੀ ਉਚ ਦਰਜੇ ਦੀ ਤਕਨੀਕੀ ਹਥਿਆਰਾਂ ਅਤੇ ਆਰਥਿਕ ਤਾਕਤ ਦੇ ਬਲਬੂਤੇ ਅਮਰੀਕਨ ਸਰਦਾਰੀ ਕਾਇਮ ਹੋਈ ਅਤੇ ਉਸ ਨੇ ਹਰ ਖੇਤਰ ਵਿਚ ਚੰਮ ਦੀਆਂ ਚਲਾਈਆਂ। ਇਸ ਸਮੇ ਦੌਰਾਨ ਯੂਰਪੀ ਮੁਲਕਾਂ ਦੀ ਖਾਸ ਕਰਕੇ ਬ੍ਰਿਟਿਸ਼ ਸਾਮਰਾਜ ਦੀ ਤਾਕਤ ਦਾ ਭੋਗ ਪੈ ਗਿਆ। ਸਦੀਆਂ ਤੋਂ ਵਪਾਰ ਦੇ ਨਾ ਹੇਠ ਗਰੀਬ ਪਛੜੇ ਮੁਲਕਾਂ ਨੂੰ ਆਪੋ-ਆਪਣੀਆਂ ਬਸਤੀਆਂ ਬਣਾਉਣ ਖ਼ਾਤਰ ਆਪਸ ਵਿਚ ਉਲਝਦੇ ਰਹੇ ਇਹ ਮੁਲਕ ਅਮਰੀਕਨ ਆਰਥਿਕ ਅਧੀਨਗੀ ਹੇਠ ਆਉਣ ਲਈ ਮਜਬੂਰ ਹੋਏ। ਅਮਰੀਕਾ ਦੀ ਸੁਰੱਖਿਆ ਛੱਤਰੀ ਦੇ ਨਾ ਹੇਠ ਉੱਤਰੀ ਅਟਲਾਂਟਿਕ ਸੰਧੀ ਸੰਗਠਨ (North Atlantic Treaty Organization) ਹੋਂਦ ਵਿਚ ਆਈ। ਪਰ 1947 ਤੋਂ 1991 ਦੇ ਸਮੇ ਤਕ ਵੀ ਸੋਵੀਅਤ ਯੂਨੀਅਨ ਇੱਕ ਚੁਣੌਤੀ ਬਣਿਆ ਰਿਹਾ ਉਸ ਦੀ ਪੂੰਜੀਵਾਦੀ ਸਿਧਾਂਤ ਨੂੰ ਅਪਣਾਉਣ ਵਾਲੇ ਮੁਲਕਾਂ ਨਾਲ ਠੰਡੀ ਜੰਗ (Cold War) ਲਗਾਤਾਰ ਜਾਰੀ ਰਹੀ। ਸ਼ੀਤ ਯੁੱਧ ਦਾ ਇਹ ਸਮਾਂ ਸੀ ਜਦੋਂ ਵਰਲਡ ਆਰਡਰ ਦੋ ਧਰੁਵੀ (Two Polar) ਬਣਿਆ ਰਿਹਾ ਖਿਚਾਅ ਦੇ ਬਾਵਜੂਦ ਤਾਕਤ ਦਾ ਸਮਤੋਲ ਬਣਿਆ ਰਿਹਾ। ਇਸ ਦੌਰਾਨ ਭਾਵੇਂ 25 ਜੂਨ 1950 ਤੋਂ ਲੈ ਕੇ 27 ਜੁਲਾਈ 1953 ਤਕ ਦਾ ਕੋਰੀਆ ਯੁੱਧ (Korean War) ਜੋ ਕਿ ਸ਼ੀਤ ਯੁੱਧ ਦਾ ਪਹਿਲਾ ਵੱਡਾ ਪ੍ਰੌਕਸੀ ਯੁੱਧ ਸੀ ਅਤੇ ਇਸਨੇ ਕੋਰੀਆਈ ਪ੍ਰਾਇਦੀਪ ਦੀ ਵੰਡ ਕਰ ਦਿੱਤੀ ਸੀ। ਇਸ ਯੁੱਧ ਵਿਚ 1.5 ਤੋਂ 3 ਮਿਲੀਅਨ ਸਿਵਲੀਅਨ ਲੋਕਾਂ ਦੀ ਜਾਨ ਗਈ। ਇਹ ਸ਼ੀਤ ਯੁੱਧ ਯੁੱਗ ਦੇ ਸ਼ੁਰੂਆਤੀ ਸਮੇਂ ਦਾ ਇੱਕ ਮਹੱਤਵਪੂਰਨ ਗਰਮ ਯੁੱਧ ਸੀ। ਇਸੇ ਸਮੇ ਦੌਰਾਨ 1955 'ਤੋਂ 1975 ਤਕ ਦਾ ਵੀਅਤਨਾਮ ਯੁੱਧ ਵੀ ਇੱਕ ਵੱਡਾ ਸ਼ੀਤ ਯੁੱਧ ਸੰਘਰਸ਼ ਸੀ। ਇਸ ਯੁੱਧ ਨੂੰ ਵੀ ਅਕਸਰ ਪ੍ਰੌਕਸੀ ਯੁੱਧ ਵਜੋਂ ਦਰਸਾਇਆ ਜਾਂਦਾ ਹੈ, ਕਿਉਂਕਿ ਉੱਤਰ ਨੂੰ ਸੋਵੀਅਤ ਯੂਨੀਅਨ ਅਤੇ ਚੀਨ ਦਾ ਸਮਰਥਨ ਪ੍ਰਾਪਤ ਸੀ, ਜਦੋਂ ਕਿ ਦੱਖਣ ਨੂੰ ਅਮਰੀਕਾ ਅਤੇ ਹੋਰ ਕਮਿਊਨਿਸਟ ਵਿਰੋਧੀ ਦੇਸ਼ਾਂ ਦਾ ਸਮਰਥਨ ਪ੍ਰਾਪਤ ਸੀ। ਸਾਲ 1979 ਤੋਂ 1989 ਦਾ ਸੋਵੀਅਤ-ਅਫ਼ਗਾਨ ਯੁੱਧ ਹੋਇਆ ਜਿਸ ਨੂੰ ਸੋਵੀਅਤ ਯੂਨੀਅਨ ਦਾ ਵੀਅਤਨਾਮ ਕਿਹਾ ਜਾਂਦਾ ਹੈ। ਐਸੇ ਤਰਾਂ 1975 ਤੋਂ 2002 ਤਕ ਅਫਰੀਕਾ ਵਿਚ ਇੱਕ ਲੰਬੇ ਸਮੇਂ ਤੋਂ ਚੱਲ ਰਿਹਾ ਟਕਰਾਅ ਜੋ ਇੱਕ ਵੱਡਾ ਸ਼ੀਤ ਯੁੱਧ ਦਾ ਮੈਦਾਨ ਬਣ ਗਿਆ। ਸੋਵੀਅਤ ਯੂਨੀਅਨ ਅਤੇ ਕਿਊਬਾ ਨੇ ਕਮਿਊਨਿਸਟ ਸਰਕਾਰ ਦਾ ਸਮਰਥਨ ਕੀਤਾ, ਜਦੋਂ ਕਿ ਅਮਰੀਕਾ ਅਤੇ ਦੱਖਣੀ ਅਫ਼ਰੀਕਾ ਨੇ ਕਮਿਊਨਿਸਟ ਵਿਰੋਧੀ ਸਮੂਹਾਂ ਦਾ ਸਮਰਥਨ ਕੀਤਾ। ਸ਼ੀਤ ਯੁੱਧ ਦੇ ਸਮੇਂ ਦੇ ਕਈ ਹੋਰ ਸੰਘਰਸ਼ ਵੀ ਹੋਏ ਜਿਸ ਵਿਚ 1962 ਦਾ ਕਿਊਬਨ ਮਿਜ਼ਾਈਲ ਸੰਕਟ ਵੀ ਸ਼ਾਮਲ ਹੈ, ਜਿਸ ਨੂੰ ਵਿਆਪਕ ਤੌਰ 'ਤੇ ਦੁਨੀਆ ਦਾ ਪ੍ਰਮਾਣੂ ਯੁੱਧ ਦੇ ਸਭ ਤੋਂ ਨੇੜੇ ਜਾ ਕੇ ਵਾਪਸ ਮੁੜਿਆ ਯੁੱਧ ਮੰਨਿਆ ਜਾਂਦਾ ਹੈ। ਤਕਰੀਬਨ 13 ਦਿਨ ਚੱਲੇ ਇਸ ਤਣਾਅਪੂਰਨ ਮਹੌਲ ਤੋਂ ਬਾਅਦ, ਸੋਵੀਅਤ ਯੂਨੀਅਨ ਨਾਲ ਮਿਜ਼ਾਈਲਾਂ ਨੂੰ ਹਟਾਉਣ ਲਈ ਇੱਕ ਸਮਝੌਤਾ ਹੋਇਆ ਜਿਸ ਦੇ ਬਦਲੇ ਅਮਰੀਕਾ ਨੇ ਤੁਰਕੀ ਤੋਂ ਆਪਣੀਆਂ ਮਿਜ਼ਾਈਲਾਂ ਹਟਾਈਆਂ ਸਨ। ਸ਼ੀਤ ਯੁੱਧ ਦੇ ਸਮੇ ਦੁਨੀਆ ਭਰ ਵਿਚ ਕੁਝ ਹੋਰ ਵੀ ਤਲਖ਼ ਘਟਨਾਵਾਂ ਚਲਦੀਆਂ ਰਹੀਆਂ ਜਿਨ੍ਹਾਂ ਵਿਚ 1948 ਤੋਂ 1961 ਦਾ ਬਰਲਿਨ ਵਾਲ ਦਾ ਰੇੜਕਾ, 1956 ਦਾ ਸੁਏਜ਼ ਨਹਿਰ ਦਾ ਸੰਕਟ, 1956 ਦਾ ਹੀ ਹੰਗਰੀ ਦਾ ਇਨਕਲਾਬ ਅਤੇ 1945 ਤੋਂ 1949 ਤਕ ਚੀਨ ਦਾ ਸਿਵਲ ਯੁੱਧ ਜਿਸ ਵਿਚ ਮਾਓ ਜ਼ੇ-ਤੁੰਗ ਦੀ ਲੀਡਰਸ਼ਿਪ ਹੇਠ ਕਮਿਊਨਿਸਟਾਂ ਦੀ ਜਿੱਤ ਹੋਈ ਜਿਸ ਨੇ ਵਿਸ਼ਵ ਸਕਤੀ ਦੇ ਸੰਤੁਲਨ ਨੂੰ ਕਾਫ਼ੀ ਹੱਦ ਤੱਕ ਬਦਲ ਦਿੱਤਾ।

ਆਖਰਕਾਰ ਸਰਮਾਏਦਾਰੀ ਨਿਜ਼ਾਮ ਨੇ ਸੋਵੀਅਤ ਯੂਨੀਅਨ ਦੀਆ ਕਮਜ਼ੋਰੀਆਂ ਅਤੇ ਸਮਾਜਵਾਦੀ ਫਲਸਫੇ ਤੋਂ ਥਿੜਕ ਕੇ ਅਰਥ ਪੂੰਜੀਵਾਦੀ ਵਿਚਾਰਾਂ ਦੀ ਦੁਬਿਧਾ ਅਤੇ ਮੰਝਦਾਰ ਵਿਚ ਫਸੇ ਸੋਵੀਅਤ ਯੂਨੀਅਨ ਵਿਚ ਆਪਣੀ ਸੇਧ ਮਾਰੀ ਰਾਹੀਂ ਵੱਡੀ ਸੱਟ ਮਾਰੀ। ਜਿਸ ਨਾਲ ਸੋਵੀਅਤ ਯੂਨੀਅਨ ਦਾ ਸਮਾਜਵਾਦੀ ਨਿਜ਼ਾਮ ਢਹਿ-ਢੇਰੀ ਹੋ ਗਿਆ। ਸੋਵੀਅਤ ਯੂਨੀਅਨ ਟੁੱਟ ਜਾਣ ਉਪਰੰਤ 15 ਨਵੇਂ ਗਣਰਾਜ ਹੋਂਦ ਵਿਚ ਆਏ। ਇਸ ਨਾਲ ਤਾਕਤ ਦਾ ਤਵਾਜ਼ਨ ਇੱਕ ਤਰਫ਼ਾ ਹੋ ਕੇ ਅਮਰੀਕਾ ਦਾ ਸਿੰਗਲ ਪੋਲਰ ਵਰਲਡ ਆਰਡਰ ਸਥਾਪਤ ਹੋ ਗਿਆ। ਇਸ ਦੇ ਨਾਲ ਹੀ ਫਿਰ ਅਮਰੀਕਾ ਦਾ ਫ਼ੌਜੀ ਤਾਕਤ ਦੇ ਬਲ ਬੂਤੇ ਦੂਸਰੇ ਮੁਲਕਾਂ ਦੇ ਸਰੋਤ ਲੁੱਟਣ ਖੋਹਣ ਦਾ ਸਿਲਸਲਾ ਅਰੰਭ ਹੋ ਗਿਆ। ਖਾਸ ਕਰਕੇ ਵੈਸਟ ਏਸ਼ੀਆ ਦੇ ਇਸਲਾਮਿਕ ਮੁਲਕ ਜਿਸ ਨੂੰ ਇਹ ਵੈਸਟਰਨ ਮੁਲਕ ਮਿਡਲ ਈਸਟ ਕਹਿੰਦੇ ਨੇ ਵੱਡੀ ਲੁੱਟ ਦਾ ਸ਼ਿਕਾਰ ਹੋਇਆ। ਕਿਉਂਕਿ ਉਥੇ ਤੇਲ ਊਰਜਾ ਦੇ ਭੰਡਾਰ ਮਿਲ ਗਏ ਸਨ। ਆਧੁਨਿਕ ਤਕਨੀਕ ਨਾਲ ਤੇਲ ਕੱਢਣ ਦੀ ਸ਼ੁਰੂਆਤ 19ਵੀਂ ਸਦੀ ਵਿਚ ਹੋਈ ਸੀ। ਦੁਨੀਆ ਦਾ ਪਹਿਲਾ ਤੇਲ ਖੂਹ ਅਮਰੀਕਾ ਦੇ ਟਾਈਟਸ ਵਿਲੇ, ਪੈਨਸਿਲਵੇਨੀਆ ਵਿਚ ਐਡਵਿਨ ਡ੍ਰੇਕ (Edwin Drake) ਨੇ ਪਹਿਲੀ ਵਾਰ ਕਾਮਯਾਬੀ ਨਾਲ ਡਰਿਲ ਕਰਕੇ ਖੋਦਿਆ ਸੀ। ਇਸੇ ਕਰਕੇ ਇਸ ਨੂੰ ਡ੍ਰੇਕ ਵੈੱਲ (Drake Well) ਕਿਹਾ ਜਾਂਦਾ ਹੈ। ਭਾਵੇਂ ਕਿ ਕੁਝ ਹੋਰ ਥਾਵਾਂ 'ਤੇ ਵੀ ਪਹਿਲਾਂ ਕੋਸ਼ਿਸ਼ਾਂ ਹੋਈਆਂ ਸਨ। ਇਤਿਹਾਸਕ ਤੌਰ ਤੇ ਤੇਲ ਦੀ ਵਰਤੋਂ ਬਹੁਤ ਪੁਰਾਣੀ ਹੈ। ਪ੍ਰਾਚੀਨ ਚੀਨ ਵਿਚ 600 ਈਸਵੀ ਪੂਰਵ ਵਿਚ ਵੀ ਬਾਂਸ ਦੀਆਂ ਪਾਈਪਾਂ ਰਾਹੀਂ ਤੇਲ ਦੀ ਵਰਤੋਂ ਕੀਤੀ ਜਾਂਦੀ ਸੀ। ਪਰ ਆਧੁਨਿਕ ਤੇਲ ਉਦਯੋਗ ਦੀ ਅਸਲ ਸ਼ੁਰੂਆਤ 1859 ਵਿਚ ਅਮਰੀਕਾ ਤੋਂ ਹੀ ਮੰਨੀ ਜਾਂਦੀ ਹੈ। ਮਿਡਲ ਈਸਟ (ਮੱਧ ਪੂਰਬ) ਵਿਚ ਸਭ ਤੋਂ ਪਹਿਲਾਂ ਤੇਲ ਈਰਾਨ ਜਿਸ ਨੂੰ ਉਸ ਸਮੇਂ ਪਰਸ਼ੀਆ ਕਿਹਾ ਜਾਂਦਾ ਸੀ ਵਿਚ ਮਿਲਿਆ ਸੀ। ਇਸ ਦੀ ਖੋਜ ਇੱਕ ਬ੍ਰਿਟਿਸ਼ ਇੰਜੀਨੀਅਰ ਜਾਰਜ ਬਰਨਾਰਡ ਰੇਨੋਲਡਸ ਨੇ ਕੀਤੀ ਸੀ। ਇਸ ਖੋਜ ਤੋਂ ਬਾਅਦ 1909 ਵਿਚ 'ਐਂਗਲੋ-ਪਰਸ਼ੀਅਨ ਆਇਲ ਕੰਪਨੀ' ਬਣਾਈ ਗਈ, ਜਿਸ ਨੂੰ ਅੱਜ ਅਸੀਂ BP (British Petroleum) ਦੇ ਨਾਂ ਨਾਲ ਜਾਣਦੇ ਹਾਂ। ਇਰਾਕ ਵਿਚ ਤੇਲ ਦੀ ਪਹਿਲੀ ਵੱਡੀ ਖੋਜ 1927 ਵਿਚ ਕਿਰਕੁਕ ਫੀਲਡ ਵਿਚ ਹੋਈ ਸੀ। ਸਾਉਦੀ ਅਰਬ ਵਿਚ ਤੇਲ ਦੀ ਪਹਿਲੀ ਵੱਡੀ ਖੋਜ ਕਾਫ਼ੀ ਬਾਅਦ ਵਿਚ 1938 ਨੂੰ 'ਦਮਾਮ ਨੰਬਰ 7' ਖੂਹ ਤੋਂ ਹੋਈ ਸੀ। ਮੱਧ ਪੂਰਬ ਵਿਚ ਤੇਲ ਦੀ ਖੋਜ ਨੇ ਦੁਨੀਆ ਦੀ ਰਾਜਨੀਤੀ ਵਿਚ ਇੱਕ ਵੱਡਾ ਇਨਕਲਾਬ ਲਿਆਂਦਾ ਅਤੇ ਗਲੋਬਲ ਪਾਵਰ ਦੇ ਸਮੀਕਰਨਾਂ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ। ਤੇਲ ਦੀ ਮਹੱਤਤਾ ਕਾਰਨ ਮਿਡਲ ਈਸਟ ਦੁਨੀਆ ਦੇ ਸ਼ਕਤੀਸ਼ਾਲੀ ਦੇਸ਼ਾਂ ਜਿਸ ਵਿਚ ਅਮਰੀਕਾ, ਬ੍ਰਿਟੇਨ ਅਤੇ ਰੂਸ ਸ਼ਾਮਲ ਸਨ, ਦੀ ਰਾਜਨੀਤੀ ਦਾ ਕੇਂਦਰ ਬਣ ਗਿਆ। ਪੱਛਮੀ ਦੇਸ਼ਾਂ ਨੇ ਆਪਣੀ ਊਰਜਾ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇਸ ਖੇਤਰ ਵਿਚ ਫ਼ੌਜੀ ਅਤੇ ਰਾਜਨੀਤਿਕ ਦਖਲ ਅੰਦਾਜ਼ੀ ਵਧਾ ਦਿੱਤੀ। ਫਿਰ 1960 ਵਿਚ ਤੇਲ ਪੈਦਾ ਕਰਨ ਵਾਲੇ ਦੇਸ਼ਾਂ ਨੇ ਇੱਕ ਸੰਗਠਨ ਬਣਾਇਆ ਤਾਂ ਜੋ ਉਹ ਤੇਲ ਦੀਆਂ ਕੀਮਤਾਂ ਅਤੇ ਸਪਲਾਈ ਨੂੰ ਕੰਟਰੋਲ ਕਰ ਸਕਣ। ਸ਼ੀਤ ਯੁੱਧ ਦੌਰਾਨ ਅਮਰੀਕਾ ਅਤੇ ਸੋਵੀਅਤ ਯੂਨੀਅਨ ਵਿਚਕਾਰ ਇਸ ਖੇਤਰ 'ਤੇ ਕਬਜ਼ਾ ਕਰਨ ਜਾਂ ਪ੍ਰਭਾਵ ਪਾਉਣ ਲਈ ਲਗਾਤਾਰ ਮੁਕਾਬਲਾ ਰਿਹਾ। ਅਮਰੀਕਾ ਨੇ ਕਮਿਊਨਿਜ਼ਮ ਦੇ ਫੈਲਾਅ ਨੂੰ ਰੋਕਣ ਦੇ ਨਾਂ ਹੇਠ ਅਤੇ ਤੇਲ ਦੇ ਭੰਡਾਰਾਂ ਨੂੰ ਸੁਰੱਖਿਅਤ ਰੱਖਣ ਜਾ ਆਪਣੇ ਅਧਿਕਾਰ ਹੇਠ ਰੱਖਣ ਲਈ 'ਕਾਰਟਰ ਸਿਧਾਂਤ' ਵਰਗੀਆਂ ਨੀਤੀਆਂ ਅਪਣਾਈਆਂ। ਤੇਲ ਦੇ ਭੰਡਾਰਾਂ 'ਤੇ ਕਬਜ਼ਾ ਕਰਨ ਜਾਂ ਕੀਮਤਾਂ ਦੇ ਵਿਵਾਦ ਕਾਰਨ ਇਸ ਖੇਤਰ ਵਿਚ ਕਈ ਜੰਗਾਂ ਹੋਈਆਂ, ਜਿਵੇਂ ਕਿ 1980 ਤੋਂ 1988 ਇਰਾਨ-ਇਰਾਕ ਜੰਗ, ਖਾੜੀ ਜੰਗ ਅਤੇ 2003 ਦਾ ਇਰਾਕ ਉੱਤੇ ਅਮਰੀਕੀ ਹਮਲਾ ਹੋਇਆ ਜਿਸ ਨਾਲ ਭਾਰੀ ਤਬਾਹੀ ਹੋਈ। ਪਹਿਲੀ ਵਾਰ 1951 ਵਿਚ ਮੁਹੰਮਦ ਮੋਸਾਦੇਗ ਦੀ ਸਰਕਾਰ ਨੇ ਸਭ ਤੋਂ ਪਹਿਲਾਂ ਤੇਲ ਦੇ ਰਾਸ਼ਟਰੀਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਅਮਰੀਕਾ ਅਤੇ ਬ੍ਰਿਟੇਨ ਨੇ 1953 ਵਿਚ ਉਸ ਦਾ ਤਖ਼ਤਾਪਲਟ ਕਰਕੇ ਉਸ ਨੂੰ ਹਟਾ ਦਿੱਤਾ। ਬਾਅਦ ਵਿਚ 1979 ਦੀ ਕ੍ਰਾਂਤੀ ਤੋਂ ਬਾਅਦ ਈਰਾਨ ਨੇ ਪੂਰੀ ਤਰ੍ਹਾਂ ਆਪਣੇ ਤੇਲ 'ਤੇ ਕਬਜ਼ਾ ਕਰ ਲਿਆ।

ਗਦਾਫ਼ੀ ਨੇ 1969 ਵਿਚ ਸੱਤਾ ਸੰਭਾਲਣ ਤੋਂ ਤੁਰੰਤ ਬਾਅਦ ਤੇਲ ਭੰਡਾਰਾਂ ਦਾ ਰਾਸ਼ਟਰੀਕਰਨ ਕਰਕੇ ਪੱਛਮੀ ਦੇਸ਼ਾਂ ਦੀਆਂ ਵੱਡੀਆਂ ਤੇਲ ਕੰਪਨੀਆਂ ਦੇ ਦਬਦਬੇ ਨੂੰ ਚੁਣੌਤੀ ਦਿੱਤੀ। ਸਾਲ 1971 ਵਿਚ ਉਸਨੇ ਬ੍ਰਿਟਿਸ਼ ਪੈਟਰੋਲੀਅਮ (BP) ਦੀਆਂ ਸੰਪਤੀਆਂ ਦਾ ਰਾਸ਼ਟਰੀਕਰਣ ਕੀਤਾ। 1973 ਤੱਕ, ਉਸਨੇ ਲਿਬੀਆ ਵਿਚ ਕੰਮ ਕਰਨ ਵਾਲੀਆਂ ਸਾਰੀਆਂ ਵਿਦੇਸ਼ੀ ਤੇਲ ਕੰਪਨੀਆਂ ਵਿਚ ਲਿਬੀਆ ਦੀ ਹਿੱਸੇਦਾਰੀ 51% ਤੱਕ ਵਧਾ ਦਿੱਤੀ। ਉਹ ਚਾਹੁੰਦਾ ਸੀ ਕਿ ਤੇਲ ਦੀ ਦੌਲਤ ਦਾ ਫਾਇਦਾ ਵਿਦੇਸ਼ੀ ਕੰਪਨੀਆਂ ਦੀ ਬਜਾਏ ਲਿਬੀਆ ਦੇ ਲੋਕਾਂ ਨੂੰ ਮਿਲੇ ਅਤੇ ਇਸ ਪੈਸੇ ਦੀ ਵਰਤੋਂ ਦੇਸ਼ ਦੇ ਵਿਕਾਸ ਅਤੇ ਫੌਜ ਨੂੰ ਮਜ਼ਬੂਤ ਕਰਨ ਲਈ ਕੀਤੀ ਜਾਵੇ। ਤੇਲ ਦਾ ਰਾਸ਼ਟਰੀਕਰਨ ਗਦਾਫ਼ੀ ਅਤੇ ਅਮਰੀਕਾ-ਯੂਰਪ ਵਿਚਾਲੇ ਦੁਸ਼ਮਣੀ ਦਾ ਇੱਕ ਵੱਡਾ ਕਾਰਨ ਬਣਿਆ। ਇਹ ਦੁਸ਼ਮਣੀ ਅੰਤ ਵਿਚ 2011 ਵਿਚ ਉਸ ਦੇ ਪਤਨ ਤੱਕ ਜਾਰੀ ਰਹੀ। ਇਸ ਸਮੇ ਦੌਰਾਨ ਹੀ 1972 ਵਿਚ ਇਰਾਕ ਨੇ 'ਇਰਾਕ ਪੈਟਰੋਲੀਅਮ ਕੰਪਨੀ' (IPC) ਦਾ ਰਾਸ਼ਟਰੀਕਰਨ ਕੀਤਾ, ਜੋ ਕਿ ਬ੍ਰਿਟਿਸ਼, ਅਮਰੀਕੀ ਅਤੇ ਫਰਾਂਸੀਸੀ ਕੰਪਨੀਆਂ ਦਾ ਇੱਕ ਗਰੁੱਪ ਸੀ। ਕਰਨਲ ਗਦਾਫ਼ੀ ਦੇ ਰਾਜ ਦੌਰਾਨ ਲਿਬੀਆ ਵਿਚ ਆਮ ਲੋਕਾਂ ਦੀ ਜ਼ਿੰਦਗੀ ਵਿਚ ਬਹੁਤ ਵੱਡੇ ਬਦਲਾਅ ਆਏ। ਲਿਬੀਆ ਵਿਚ ਬਹੁਤ ਸਾਰੀਆਂ ਆਰਥਿਕ ਸਹੂਲਤਾਂ ਵਧੀਆਂ, ਪੜ੍ਹਾਈ ਅਤੇ ਇਲਾਜ ਪੂਰੀ ਤਰ੍ਹਾਂ ਮੁਫ਼ਤ ਸੀ। ਜੇਕਰ ਕਿਸੇ ਨੂੰ ਦੇਸ਼ ਤੋਂ ਬਾਹਰ ਇਲਾਜ ਦੀ ਲੋੜ ਹੁੰਦੀ, ਤਾਂ ਸਰਕਾਰ ਸਾਰਾ ਖਰਚਾ ਚੁੱਕਦੀ ਸੀ। ਗਦਾਫ਼ੀ ਦਾ ਮੰਨਣਾ ਸੀ ਕਿ ਘਰ ਹਰ ਨਾਗਰਿਕ ਦਾ ਬੁਨਿਆਦੀ ਹੱਕ ਹੈ। ਉਸਨੇ ਹਜ਼ਾਰਾਂ ਮੁਫ਼ਤ ਫਲੈਟ ਬਣਵਾਏ। ਨਵੇਂ ਵਿਆਹੇ ਜੋੜਿਆਂ ਨੂੰ ਆਪਣੇ ਵਿਆਹ ਤੋਂ ਬਾਅਦ ਦਾ ਜੀਵਨ ਸ਼ੁਰੂ ਕਰਨ ਲਈ ਸਰਕਾਰ ਵੱਲੋਂ ਆਰਥਿਕ ਮਦਦ ਦਿੱਤੀ ਜਾਂਦੀ ਸੀ। ਦੁਨੀਆਂ ਦਾ ਸਭ ਤੋਂ ਵੱਡਾ ਸਿੰਚਾਈ ਪ੍ਰੋਜੈਕਟ ਗ੍ਰੇਟ ਮੈਨ-ਮੇਡ ਰਿਵਰ (Great Man-Madei Rver) ਵੀ ਏਸੇ ਸਮੇਂ ਵਿਚਕਾਰ ਬਣਾਇਆ ਗਿਆ ਜਿਸ ਰਾਹੀਂ ਰੇਗਿਸਤਾਨ ਦੇ ਹੇਠੋਂ ਪਾਣੀ ਕੱਢ ਕੇ ਸ਼ਹਿਰਾਂ ਤੱਕ ਪਹੁੰਚਾਇਆ ਗਿਆ। ਇਸ ਨਾਲ ਪੀਣ ਵਾਲੇ ਪਾਣੀ ਅਤੇ ਖੇਤੀਬਾੜੀ ਵਿਚ ਬਹੁਤ ਸੁਧਾਰ ਹੋਇਆ। ਗਦਾਫ਼ੀ ਨੇ ਔਰਤਾਂ ਨੂੰ ਫੌਜ ਵਿਚ ਭਰਤੀ ਹੋਣ, ਕੰਮ ਕਰਨ ਅਤੇ ਉੱਚ ਸਿੱਖਿਆ ਲੈਣ ਲਈ ਉਤਸ਼ਾਹਿਤ ਕੀਤਾ, ਜੋ ਕਿ ਉਸ ਸਮੇਂ ਦੇ ਬਾਕੀ ਅਰਬ ਦੇਸ਼ਾਂ ਦੇ ਮੁਕਾਬਲੇ ਕਾਫ਼ੀ ਅਗਾਂਹਵਧੂ ਕਦਮ ਸੀ। ਕਰਨਲ ਮੁਅੱਮਰ ਗਦਾਫ਼ੀ ਦੀ 'ਗਰੀਨ ਬੁੱਕ' (The Green Book) ਜੋ ਉਸ ਦੇ ਸਿਆਸੀ ਦਰਸ਼ਨ ਅਤੇ ਸ਼ਾਸਨ ਦਾ ਅਧਾਰ ਸੀ ਲਿਖੀ। ਇਹ ਪਹਿਲੀ ਵਾਰ 1975 ਵਿਚ ਪ੍ਰਕਾਸ਼ਿਤ ਹੋਈ ਸੀ ਅਤੇ ਲਿਬੀਆ ਵਿਚ ਇਸ ਨੂੰ ਇੱਕ ਪਵਿੱਤਰ ਕਿਤਾਬ ਵਾਂਗ ਮੰਨਿਆ ਜਾਂਦਾ ਸੀ। ਗਦਾਫ਼ੀ ਨੇ ਇਸ ਕਿਤਾਬ ਵਿਚ ਇੱਕ ਅਜਿਹਾ ਰਾਹ ਪੇਸ਼ ਕੀਤਾ ਜੋ ਨਾ ਤਾਂ ਪੱਛਮੀ ਪੂੰਜੀਵਾਦ ਸੀ ਅਤੇ ਨਾ ਹੀ ਸੋਵੀਅਤ ਕਮਿਊਨਿਜ਼ਮ, ਉਸ ਨੇ ਇਸ ਨੂੰ ਤੀਜਾ ਵਿਸ਼ਵ ਸਿਧਾਂਤ ਕਿਹਾ। ਇਸ ਸਭ ਕੁਝ ਦੇ ਬਾਵਜੂਦ ਅਮਰੀਕਾ ਵੱਲੋਂ ਉਸ ਉਤੇ ਤਾਨਾਸ਼ਾਹ ਹੋਣ, ਭ੍ਰਿਸ਼ਟਾਚਾਰ ਅਤੇ ਪਰਿਵਾਰਵਾਦੀ ਹੋਣ ਦਾ ਦੋਸ਼ ਲਾ ਕੇ ਉਸ ਨੂੰ ਮਾਰ ਦਿੱਤਾ ਗਿਆ। ਗਦਾਫ਼ੀ ਤੋਂ ਬਾਅਦ ਅੱਜ ਲਿਬੀਆ ਸਿਆਸੀ ਅਸਥਿਰਤਾ ਦਾ ਸ਼ਿਕਾਰ ਹੈ ਅਤੇ ਕਈ ਗੁੱਟਾਂ ਵਿਚਕਾਰ ਜੰਗ ਦਾ ਸਾਹਮਣਾ ਕਰ ਰਿਹਾ ਹੈ। ਠੀਕ ਇਸ ਤਰਾਂ ਹੀ ਸਦਾਮ ਹੁਸੈਨ ਨਾਲ ਵਾਪਰਿਆ ਸੀ ਜਦੋਂ ਅਮਰੀਕਾ ਦੀ ਅਗਵਾਈ ਵਾਲੀ ਗਠਜੋੜ ਫੌਜਾਂ ਨੇ 2003 ਵਿਚ ਇਰਾਕ 'ਤੇ ਸਮੂਹਿਕ ਵਿਨਾਸ਼ ਦੇ ਹਥਿਆਰ (Weapon of Mass Destruciton) ਰੱਖਣ ਦਾ ਝੂਠਾ ਬਹਾਨਾ ਬਣਾ ਕੇ ਹਮਲਾ ਕੀਤਾ, ਜਿਸ ਤੋਂ ਬਾਅਦ ਸਦਾਮ ਹੁਸੈਨ ਦੀ ਸਰਕਾਰ ਡਿੱਗ ਗਈ ਅਤੇ ਉਹ ਰੂਪੋਸ਼ ਹੋ ਗਿਆ। ਲਗਭਗ 9 ਮਹੀਨੇ ਲੁਕੇ ਰਹਿਣ ਤੋਂ ਬਾਅਦ, 13 ਦਸੰਬਰ 2003 ਨੂੰ ਅਮਰੀਕੀ ਫੌਜਾਂ ਨੇ ਉਸ ਨੂੰ ਗ੍ਰਿਫ਼ਤਾਰ ਕੀਤਾ। ਉਸ ਉਪਰ ਮਨੁੱਖਤਾ ਵਿਰੁੱਧ ਅਪਰਾਧਾਂ ਲਈ ਮੁਕੱਦਮਾ ਚਲਾਇਆ ਗਿਆ। ਅਦਾਲਤ ਵੱਲੋਂ ਮੌਤ ਦੀ ਸਜ਼ਾ ਸੁਣਾਏ




ਜਾਣ ਤੋਂ ਬਾਅਦ, ਸਦਾਮ ਹੁਸੈਨ ਨੂੰ 30 ਦਸੰਬਰ 2006 ਨੂੰ ਬਗਦਾਦ ਦੇ ਕੈਂਪ ਜਸਟਿਸ ਵਿਖੇ ਫਾਂਸੀ ਦੇ ਦਿੱਤੀ ਗਈ। ਸਦਾਮ ਹੁਸੈਨ ਤੋਂ ਬਾਅਦ ਇਰਾਕ ਸਿਆਸੀ ਅਸਥਿਰਤਾ ਦਾ ਸ਼ਿਕਾਰ ਹੋ ਗਿਆ ਜੋ ਅੱਜ ਤੀਕ ਉਸ ਹਾਲਤ ਵਿਚ ਹੈ।

ਅਮਰੀਕਾ ਨੇ ਮਿਡਲ ਈਸਟ ਵਿਚ ਆਪਣਾ ਪ੍ਰਭਾਵ ਬਣਾਈ ਰੱਖਣ ਅਤੇ ਤੇਲ ਦੀ ਲੁੱਟ ਜਾਰੀ ਰੱਖਣ ਲਈ ਕਈ ਵੱਡੇ ਫੌਜੀ ਅੱਡੇ ਸਥਾਪਿਤ ਕੀਤੇ ਹੋਏ ਹਨ। ਇਨ੍ਹਾਂ ਵਿਚੋਂ ਪ੍ਰਮੁੱਖ ਹਨ ਕਵੈਤ, ਕਤਰ, ਬਹਿਰੀਨ, ਸੰਯੁਕਤ ਅਰਬ ਅਮੀਰਾਤ (UAE), ਜਾਰਡਨ, ਤੁਰਕੀ, ਇਰਾਕ ਅਤੇ ਸੀਰੀਆ ਵਿਚ ਹਨ। ਇਰਾਨ ਅਤੇ ਅਮਰੀਕਾ ਵਿਚਕਾਰ ਤਣਾਅ ਦੁਨੀਆ ਦੀ ਸਭ ਤੋਂ ਪੁਰਾਣੀ ਅਤੇ ਗੁੰਝਲਦਾਰ ਦੁਸ਼ਮਣੀਆਂ ਵਿਚੋਂ ਇੱਕ ਹੈ। ਇਸ ਦੀਆਂ ਜੜ੍ਹਾਂ 70 ਸਾਲ ਪੁਰਾਣੀਆਂ ਹਨ। ਅਸਲ ਵਿਚ ਇਸ ਦੀ ਸ਼ੁਰੂਆਤ 1953 ਵਿਚ ਹੋਈ ਜਦੋਂ ਅਮਰੀਕਾ ਦੀ CIA ਨੇ ਇਰਾਨ ਦੇ ਚੁਣੇ ਹੋਏ ਪ੍ਰਧਾਨ ਮੰਤਰੀ ਮੁਹੰਮਦ ਮੋਸਾਦੇਗ ਦਾ ਤਖ਼ਤਾਪਲਟ ਕਰਕੇ ਉਸ ਨੂੰ ਹਟਾ ਦਿੱਤਾ ਸੀ, ਕਿਉਂਕਿ ਉਸਨੇ ਤੇਲ ਦਾ ਰਾਸ਼ਟਰੀਕਰਨ ਕੀਤਾ ਸੀ। ਇਸ ਤੋਂ ਬਾਅਦ ਅਮਰੀਕਾ ਪੱਖੀ ਸ਼ਾਹ ਨੂੰ ਸੱਤਾ ਸੌਂਪ ਦਿੱਤੀ ਗਈ, ਜਿਸ ਕਾਰਨ ਇਰਾਨੀ ਲੋਕਾਂ ਵਿਚ ਅਮਰੀਕਾ ਵਿਰੁੱਧ ਨਫ਼ਰਤ ਪੈਦਾ ਹੋਈ। ਇਰਾਨ ਵਿਚ 1979 ਵਿਚ ਇਸਲਾਮਿਕ ਕ੍ਰਾਂਤੀ ਆਈ, ਸ਼ਾਹ ਨੂੰ ਦੇਸ਼ ਛੱਡਣਾ ਪਿਆ ਅਤੇ ਆਇਤੁੱਲਾ ਖੋਮੈਨੀ ਸੱਤਾ ਵਿਚ ਆਏ। ਇਸ ਦੌਰਾਨ ਤੇਹਰਾਨ ਵਿਚ ਅਮਰੀਕੀ ਦੂਤਾਵਾਸ ਦੇ ਕਰਮਚਾਰੀਆਂ ਨੂੰ 444 ਦਿਨਾਂ ਲਈ ਬੰਧਕ ਬਣਾ ਲਿਆ ਗਿਆ ਸੀ, ਜਿਸ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਰਿਸ਼ਤੇ ਪੂਰੀ ਤਰ੍ਹਾਂ ਟੁੱਟ ਗਏ। ਜਨਵਰੀ 2020 ਵਿਚ ਅਮਰੀਕਾ ਨੇ ਬਗਦਾਦ ਹਵਾਈ ਅੱਡੇ ਦੇ ਬਾਹਰ ਇੱਕ ਡਰੋਨ ਹਮਲੇ ਵਿਚ ਇਰਾਨ ਦੇ ਸਭ ਤੋਂ ਤਾਕਤਵਰ ਜਨਰਲ ਕਾਸਿਮ ਸੁਲੇਮਾਨੀ ਨੂੰ ਮਾਰ ਦਿੱਤਾ ਸੀ। ਇਸ ਘਟਨਾ ਨੇ ਦੋਵਾਂ ਦੇਸ਼ਾਂ ਨੂੰ ਜੰਗ ਦੇ ਕੰਢੇ 'ਤੇ ਲਿਆ ਖੜ੍ਹਾ ਕੀਤਾ ਸੀ।

ਹੁਣ ਅਮਰੀਕਾ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਲੈ ਕੇ ਯੁੱਧ ਵਿਚ ਉਲਝਿਆ ਹੋਇਆ ਹੈ, ਜਦੋਂ ਕਿ ਇਰਾਨ ਦਾ ਕਹਿਣਾ ਹੈ ਕਿ ਉਸ ਦਾ ਪ੍ਰੋਗਰਾਮ ਸਿਰਫ਼ ਊਰਜਾ (ਬਿਜਲੀ) ਲਈ ਹੈ। ਓਬਾਮਾ ਸਰਕਾਰ ਵੇਲੇ ਇੱਕ ਸਮਝੌਤਾ ਹੋਇਆ ਸੀ ਕਿ ਇਰਾਨ ਆਪਣਾ ਪ੍ਰਮਾਣੂ ਕੰਮ ਰੋਕ ਦੇਵੇਗਾ ਅਤੇ ਬਦਲੇ ਵਿਚ ਉਸ 'ਤੇ ਲੱਗੀਆਂ ਆਰਥਿਕ ਪਾਬੰਦੀਆਂ ਹਟਾ ਲਈਆਂ ਜਾਣਗੀਆਂ। ਰਾਸ਼ਟਰਪਤੀ ਡੋਨਾਲਡ ਟਰੰਪ ਨੇ 2018 ਵਿਚ ਇਸ ਸਮਝੌਤੇ ਨੂੰ ਰੱਦ ਕਰ ਦਿੱਤਾ ਅਤੇ ਇਰਾਨ 'ਤੇ ਦੁਬਾਰਾ ਬਹੁਤ ਸਖ਼ਤ ਪਾਬੰਦੀਆਂ ਲਾ ਦਿੱਤੀਆਂ, ਜਿਸ ਨਾਲ ਤਣਾਅ ਫਿਰ ਸਿਖਰ 'ਤੇ ਪਹੁੰਚ ਗਿਆ। ਜੂਨ 2025 ਵਿਚ ਇਰਾਕ ਅਤੇ ਇਸਰਾਈਲ ਦਰਮਿਆਨ 12 ਦਿਨ ਦਾ ਯੁੱਧ ਇੱਕ ਸਿੱਧੇ ਅਤੇ ਭਿਆਨਕ ਟਕਰਾਅ ਦੇ ਰੂਪ ਵਿਚ ਸਾਹਮਣੇ ਆਇਆ ਸੀ ਜਿਸ ਵਿਚ ਅਮਰੀਕਾ ਵੀ ਸ਼ਾਮਲ ਸੀ। 28 ਮਾਰਚ 2026 ਨੂੰ, ਇਜ਼ਰਾਈਲ ਅਤੇ ਅਮਰੀਕਾ ਨੇ ਇਰਾਨ ਦੇ ਪ੍ਰਮਾਣੂ ਕੇਂਦਰਾਂ, ਮਿਲਟਰੀ ਬੁਨਿਆਦੀ ਢਾਂਚੇ ਅਤੇ ਸਟੀਲ ਪਲਾਂਟਾਂ 'ਤੇ ਵੱਡੇ ਪੱਧਰ 'ਤੇ ਹਵਾਈ ਹਮਲੇ ਕੀਤੇ। ਇਹ ਹਮਲੇ ਉਸ ਸਮੇਂ ਕੀਤੇ ਗਏ ਜਦੋਂ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਪਹਿਲਾਂ ਹੀ ਸਿਖਰ 'ਤੇ ਸੀ। ਇਰਾਨ ਨੇ ਇਨ੍ਹਾਂ ਹਮਲਿਆਂ ਦੇ ਜਵਾਬ ਵਿਚ ਇਸਰਾਈਲ ਸਮੇਤ ਕੁਵੈਤ, ਕਤਰ, ਬਹਿਰੀਨ, ਸੰਯੁਕਤ ਅਰਬ ਅਮੀਰਾਤ (UAE), ਜਾਰਡਨ, ਇਰਾਕ ਵਿਚਲੇ ਅਮਰੀਕੀ ਟਿਕਾਣਿਆਂ ਫੌਜੀ ਅੱਡਿਆ ਅਤੇ ਖੇਤਰੀ ਸਹਿਯੋਗੀਆਂ 'ਤੇ ਹਮਲੇ ਕੀਤੇ ਹਨ। ਇਰਾਨ ਵੱਲੋਂ ਹੋਰਮੁਜ਼ ਦੀ ਜਲਡਮਰੂ ਦਾ ਸਮੁੰਦਰੀ ਰਸਤਾ ਜੋ ਦੁਨੀਆ ਦੇ 20% ਤੇਲ ਦੇ ਵਪਾਰ ਲਈ ਵਰਤਿਆ ਜਾਂਦਾ ਹੈ,ਦ ਕੀਤਾ ਹੋਇਆ ਹੈ। ਇਰਾਨ ਕਈ ਵਾਰ ਪਹਿਲਾਂ ਇਹ ਧਮਕੀ ਦੇ ਚੁੱਕਾ ਸੀ ਕਿ ਜੇਕਰ ਅਮਰੀਕਾ ਨੇ ਉਸ ਨੂੰ ਜ਼ਿਆਦਾ ਤੰਗ ਕੀਤਾ, ਤਾਂ ਉਹ ਇਸ ਰਸਤੇ ਨੂੰ ਬੰਦ ਕਰ ਦੇਵੇਗਾ, ਜਿਸ ਨਾਲ ਦੁਨੀਆ ਭਰ ਵਿਚ ਤੇਲ ਦੀਆਂ ਕੀਮਤਾਂ ਅਸਮਾਨੀ ਚੜ੍ਹ ਸਕਦੀਆਂ ਹਨ। 8 ਅਪ੍ਰੈਲ 2026 ਨੂੰ ਅਮਰੀਕਾ ਅਤੇ ਇਰਾਨ ਵਿਚਕਾਰ ਪਾਕਿਸਤਾਨ ਦੀ ਵਿਚੋਲਗੀ ਨਾਲ ਦੋ ਹਫ਼ਤਿਆਂ ਦੀ ਜੰਗਬੰਦੀ 'ਤੇ ਸਹਿਮਤੀ ਬਣੀ ਸੀ। ਹਾਲਾਂਕਿ, ਅਮਰੀਕਾ ਅਜੇ ਵੀ ਇਰਾਨ ਦੀਆਂ ਬੰਦਰਗਾਹਾਂ 'ਤੇ ਸਮੁੰਦਰੀ ਨਾਕਾਬੰਦੀ (Blockade) ਜਾਰੀ ਰੱਖ ਰਿਹਾ ਹੈ ਤਾਂ ਜੋ ਇਰਾਨ 'ਤੇ ਦਬਾਅ ਬਣਾਇਆ ਜਾ ਸਕੇ।

ਇਰਾਨ ਨੂੰ ਇਸ ਜੰਗ ਵਿਚ ਪ੍ਰਮਾਣੂ ਪ੍ਰੋਗਰਾਮ ਦਾ ਬਹਾਨਾ ਬਣਾ ਕੇ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ। ਦਰਅਸਲ ਇਹ ਲੜਾਈ ਅਮਰੀਕਨ ਡਾਲਰ ਦੀ ਡਾਵਾਂਡੋਲ ਹੋ ਰਹੀ ਸਥਿਤੀ ਅਤੇ ਚੀਨ ਦੀ ਦੁਨੀਆ ਦੇ ਵਪਾਰ ਤੇ ਵਧਦੀ ਪਕੜ ਅਤੇ ਸ਼ਕਤੀ ਦੇ ਡਰ ਵਿਚੋਂ ਉਪਜੀ ਹੈ। ਇਸ ਯੁੱਧ ਵਿਚ ਅਮਰੀਕਾ ਵਿਰੋਧੀ ਖੇਮਾ ਚੀਨ ਅਤੇ ਰੂਸ ਲੁਕਵੀ ਲੜਾਈ ਲੜ ਰਹੇ ਹਨ। ਜਦ ਤੋਂ ਰਾਸ਼ਟਰਪਤੀ ਡੋਨਾਲਡ ਟਰੰਪ 20 ਜਨਵਰੀ, 2025 ਨੂੰ ਦੂਜੀ ਵਾਰ ਅਮਰੀਕਾ ਦੇ ਰਾਸ਼ਟਰਪਤੀ ਬਣੇ ਉਸ ਸਮੇਂ ਤੋਂ ਹੀ ਡੋਨਾਲਡ ਟਰੰਪ ਨੇ ਆਪਣੇ MAGA (Make Ameirca Great Agian) ਏਜੰਡੇ ਦੇ ਤਹਿਤ ਸੱਤਾ ਸੰਭਾਲਦਿਆਂ ਹੀ ਇੱਕ ਵੱਡੇ ਪੱਧਰ ਦੇ ਟੈਰਿਫ ਯੁੱਧ (Tariff War) ਦਾ ਆਰੰਭ ਕੀਤਾ ਹੋਇਆ ਹੈ। ਟਰੰਪ ਦੇ ਦੂਸਰੇ ਦੇਸ਼ ਦੇ ਮੁਖਿਆ ਪ੍ਰਤੀ ਅਪਮਾਨਯੋਗ ਹੈਂਕੜ ਭਰੇ ਰਵਈਏ ਕਰਕੇ ਉਸ ਦੇ ਸਹਿਯੋਗੀ ਦੇਸ਼ ਇਕ ਤੋਂ ਬਾਅਦ ਇੱਕ ਉਸ ਤੋਂ ਕਿਨਾਰਾ ਕਰਦੇ ਜਾ ਰਹੇ ਹਨ। ਟਰੰਪ ਦਾ ਕੰਮ ਕਰਨ ਦਾ ਢੰਗ ਦੁਨੀਆ ਦੇ ਸੁਪਰ ਪਾਵਰ ਕਹਾਉਂਦੇ ਦੇਸ਼ ਅਮਰੀਕਾ ਲਈ ਵੀ ਸ਼ਰਮਸਾਰ ਕਰਨ ਵਾਲਾ ਹੈ। ਵੈਜ਼ੂਵੇਲਾ ਦੇ ਤੇਲ ਨੂੰ ਆਪਣੇ ਅਧੀਨ ਕਰਨ ਲਈ ਚੁਣੇ ਹੋਏ ਰਾਸ਼ਟਰਪਤੀ ਨਿਕੋਲਸ ਮਾਦਰੋ ਨੂੰ ਜਿਸ ਤਰਾਂ ਉਸ ਦੇ ਮੁਲਕ ਵਿਚੋਂ ਜਬਰੀ ਗੈਰ ਕਨੂੰਨੀ ਤਰੀਕੇ ਨਾਲ ਚੁੱਕ ਕੇ ਅਮਰੀਕਾ ਦੀ ਜੇਲ ਵਿਚ ਸੁੱਟਿਆ ਗਿਆ ਹੈ, ਇਸ ਨੂੰ ਸਿਆਸੀ ਅੱਤਵਾਦ ਹੀ ਤਾਂ ਕਿਹਾ ਜਾ ਸਕਦਾ ਹੈ। ਆਪਣੇ ਹੀ ਖੇਮੇ ਦੇ ਮੁਲਕ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜੇਲਸਕੀ ਨਾਲ ਵ੍ਹਾਈਟ ਹਾਊਸ ਵਿਚ ਕੀਤਾ ਗਿਆ ਦੁਰ ਵਿਵਹਾਰ ਟਰੰਪ ਦੀ ਬੇਲਗਾਮ ਸ਼ੈਲੀ ਦਾ ਪ੍ਰਗਟਾਵਾ ਹੀ ਤਾਂ ਹੈ। ਇਸੇ ਤਰਾਂ ਦਾ ਹੀ ਭੈੜਾ ਵਿਵਹਾਰ ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਨਾਲ ਵੀ ਕੀਤਾ ਗਿਆ। ਕਨੇਡਾ ਜੋ ਅਮਰੀਕਾ ਦਾ ਸਭ ਤੋਂ ਨੇੜਲਾ, ਲੰਮੇ ਸਮੇਂ ਦਾ ਵੱਡਾ ਅਤੇ ਸਹਿਯੋਗੀ ਮੁਲਕ ਰਿਹਾ ਹੈ ਉਸ ਨੂੰ ਆਪਣੀ 51 ਸਟੇਟ ਬਣਾਉਣ ਦਾ ਡਰ ਦਿਖਾਉਣਾ ਅਤੇ ਕਨੇਡਾ ਦੇ ਸਤਿਕਾਰਤ ਪ੍ਰਧਾਨ ਮੰਤਰੀ ਨੂੰ ਗਵਰਨਰ ਜਨਰਲ ਕਹਿ ਕੇ ਸੰਬੋਧਨ ਕਰਨਾ ਦੁਨੀਆ ਨੂੰ ਉਚਿਤ ਨਹੀਂ ਲੱਗਾ। ਗਰੀਨਲੈਂਡ ਨੂੰ ਫੌਜੀ ਤਾਕਤ ਨਾਲ ਹੜੱਪ ਲੈਣ ਦੇ ਡਰਾਵੇ ਦੇਣਾ, ਕਿਊਬਾ ਵਰਗੇ ਗੁਆਂਢੀ ਛੋਟੇ ਮੁਲਕ ਨੂੰ ਵੱਖਰੀ ਸਮਾਜਵਾਦੀ ਵਿਚਾਰਧਾਰਾ ਦੇ ਹੋਣ ਕਾਰਨ ਉਸ ਦੀ ਘੇਰਾਬੰਦੀ ਕਰਨਾ। ਝੂਠ ਬੋਲਣ ਦੇ ਨਵੇਂ ਰਿਕਾਰਡ ਬਣਾਉਣੇ ਜਿਸ ਦੀ ਬੇਹਿਸਾਬ ਗਿਣਤੀ ਖੁਦ ਅਮਰੀਕਾ ਤੋਂ ਛਪਣ ਵਾਲੇ ਵੱਡੇ ਅਖ਼ਬਾਰਾਂ ਨੇ ਕਈ ਵਾਰ ਕੀਤੀ ਹੈ। ਹਰ ਗੱਲ ਤੋਂ ਮੁੱਕਰ ਜਾਣਾ, ਬਾਰ ਬਾਰ ਬਿਆਨ ਬਦਲਣਾ, ਆਪਾ ਵਿਰੋਧੀ ਬਿਆਨਬਾਜੀ ਕਰੀ ਜਾਣਾ, ਦਸ ਤੋਂ ਵੱਧ ਜੰਗਾਂ ਰੋਕਣ ਦੇ ਝੂਠੇ ਦਾਹਵੇ ਕਰਨਾ,

(ਬਾਕੀ ਅਗਲੇ ਸਫੇ 'ਤੇ)

# ਸ਼ਬਦਾਂ ਦਾ ਸਾਧਕ: ਅਮਰਜੀਤ ਟਾਂਡਾ ਦੀ ਕਾਵਿ ਅਤੇ ਨਾਵਲਕਾਰੀ ਦਾ ਅਲੌਕਿਕ ਪਾਸਾਰ

ਸਾਹਿਤ ਸਿਰਫ਼ ਸ਼ਬਦਾਂ ਦੀ ਬਣਤਰ ਨਹੀਂ ਹੁੰਦਾ, ਇਹ ਮਨੁੱਖੀ ਰੂਹ ਦਾ ਇਤਿਹਾਸ ਹੁੰਦਾ ਹੈ। ਜਦੋਂ ਕੋਈ ਲੇਖਕ ਆਪਣੇ ਅੰਦਰ ਦੀਆਂ ਤਰੰਗਾਂ ਨੂੰ ਸ਼ਬਦਾਂ ਵਿਚ ਬਦਲਦਾ ਹੈ, ਤਾਂ ਉਹ ਸਿਰਫ਼ ਕਵਿਤਾ ਨਹੀਂ ਲਿਖਦਾ—ਸਮੇਂ ਦੀ ਧੜਕਣ ਨੂੰ ਉਣਦਾ ਤੇ ਲਿਖਦਾ ਹੈ। ਇਸ ਪ੍ਰਸੰਗ ਵਿਚ ਡਾ. ਅਮਰਜੀਤ ਟਾਂਡਾ ਦੀ ਰਚਨਾਤਮਕ ਯਾਤਰਾ ਇੱਕ ਵਿਲੱਖਣ ਅਤੇ ਰੂਹਾਨੀ ਸਾਹਿਤਕ ਸਫ਼ਰ ਵਾਂਗ ਲੱਗਦੀ ਹੈ, ਜਿਸ ਵਿਚ ਕਾਵਿ ਦੀ ਨਰਮੀ, ਨਾਵਲ ਦੀ



**ਡਾ. ਜੋਗਿੰਦਰ ਸਿੰਘ ਕੈਰੋਂ**
**ਫੋਨ +1 (681) 666-3273**

ਵਿਸ਼ਾਲਤਾ ਅਤੇ ਫਿਲਾਸਫੀ ਦੀ ਗਹਿਰਾਈ ਇੱਕਠੇ ਵਸਦੇ ਹਨ।

ਡਾ. ਅਮਰਜੀਤ ਟਾਂਡਾ ਦੀ ਕਲਮ ਵਿਚ ਇੱਕ ਅਜੀਬ ਜਿਹਾ ਸੁਰ ਹੈ—ਇਹ ਸੁਰ ਦਰਦ ਵੀ ਗਾਂਦਾ ਹੈ, ਆਸ ਵੀ ਬੁਣਦਾ ਹੈ ਅਤੇ ਮਨੁੱਖੀ ਜੀਵਨ ਦੀਆਂ ਗਹਿਰਾਈਆਂ ਵਿਚ ਲੁਕੇ ਹੋਏ ਸੱਚ ਨੂੰ ਵੀ ਉਜਾਗਰ ਕਰਦਾ ਹੈ। ਉਨ੍ਹਾਂ ਦੀ ਕਵਿਤਾ ਸਿਰਫ਼ ਪੜ੍ਹੀ ਨਹੀਂ ਜਾਂਦੀ, ਮਹਿਸੂਸ ਕੀਤੀ ਜਾਂਦੀ ਹੈ। ਇਹ ਮਨੁੱਖੀ ਹਿਰਦੇ ਦੇ ਅੰਦਰ ਉਤਰਦੀ ਹੈ ਅਤੇ ਉੱਥੇ ਚੁੱਪਚਾਪ ਇਕ ਚਾਨਣ ਕਰ ਜਾਂਦੀ ਹੈ।

ਡਾ. ਟਾਂਡਾ ਦੀ ਕਾਵਿ-ਕਲਾ ਵਿਚ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਉਹ ਜੀਵਨ ਦੇ ਸਧਾਰਨ ਪਲਾਂ ਵਿਚੋਂ ਅਸਧਾਰਨ ਦਰਸ਼ਨ ਲੱਭ ਲੈਂਦੇ ਹਨ। ਉਨ੍ਹਾਂ ਦੇ ਸ਼ਬਦ ਕਈ ਵਾਰੀ ਕਿਸੇ ਪੰਛੀ ਦੀ ਉਡਾਣ ਵਾਂਗ ਹੌਲੇ ਹੁੰਦੇ ਹਨ, ਕਈ ਵਾਰੀ ਕਿਸੇ ਦਰਿਆ ਦੀ ਲਹਿਰ ਵਾਂਗ ਬੇਚੈਨ ਅਤੇ ਕਈ ਵਾਰੀ ਕਿਸੇ ਸੰਤ ਦੀ ਚੁੱਪ ਵਾਂਗ ਗਹਿਰੇ। ਉਨ੍ਹਾਂ ਦੀ ਕਵਿਤਾ ਵਿਚ ਪੰਜਾਬ ਦੀ ਮਿੱਟੀ ਦੀ ਮਹਿਕ ਹੈ। ਉੱਥੇ ਖੇਤ ਹਨ, ਦਰਖ਼ਤ ਹਨ, ਹਵਾ ਹੈ, ਪੰਛੀ ਹਨ ਅਤੇ ਮਨੁੱਖੀ ਰਿਸ਼ਤਿਆਂ ਦੀਆਂ ਗਰਮਾਹਟਾਂ ਹਨ। ਉਨ੍ਹਾਂ ਦੀ ਕਵਿਤਾ ਵਿਚ ਇਕ ਸਾਫ਼-ਸੁਥਰੀ ਮਨੁੱਖਤਾ ਹੈ ਜੋ ਪਾਠਕ ਨੂੰ ਆਪਣੇ ਅੰਦਰ ਝਾਤ ਮਾਰਨ ਲਈ ਮਜਬੂਰ ਕਰਦੀ ਹੈ।

ਜਿੱਥੇ ਡਾ. ਟਾਂਡਾ ਦੀ ਕਵਿਤਾ ਸੰਵੇਦਨਾ ਦੀ ਗਹਿਰਾਈ ਨੂੰ ਛੂੰਹਦੀ ਹੈ, ਉੱਥੇ ਉਨ੍ਹਾਂ ਦੀ ਨਾਵਲ ਕਲਾ ਸਮਾਜ ਦੀ ਵਿਸ਼ਾਲ ਤਸਵੀਰ ਪੇਸ਼ ਕਰਦੀ ਹੈ। ਉਨ੍ਹਾਂ ਦੇ ਨਾਵਲ ਸਿਰਫ਼ ਕਹਾਣੀਆਂ ਨਹੀਂ, ਸਮੇਂ ਦੀਆਂ ਡਾਇਰੀਆਂ ਹਨ। ਉਹ ਮਨੁੱਖੀ ਸੰਘਰਸ਼, ਉਮੀਦ, ਦਰਦ ਅਤੇ ਸੁਪਨਿਆਂ ਦੀ ਇਕ ਲੰਬੀ ਯਾਤਰਾ ਬਣ ਜਾਂਦੇ ਹਨ। ਉਨ੍ਹਾਂ ਦੇ ਨਾਵਲਾਂ ਵਿਚ ਜੀਵਨ ਦੀ ਸੱਚਾਈ ਬੜੀ ਸੁੰਦਰਤਾ ਨਾਲ ਪੇਸ਼ ਹੁੰਦੀ ਹੈ। ਉਨ੍ਹਾਂ ਦੇ ਪਾਤਰ ਸਿਰਫ਼ ਕਾਗਜ਼ ਤੇ ਨਹੀਂ ਰਹਿੰਦੇ, ਉਹ ਸਾਡੇ ਆਲੇ-ਦੁਆਲੇ ਦੇ ਲੋਕਾਂ ਵਾਂਗ ਜੀਉਂਦੇ ਹਨ। ਉਨ੍ਹਾਂ ਦੀਆਂ ਕਹਾਣੀਆਂ ਵਿਚ ਮਨੁੱਖੀ ਸੰਬੰਧਾਂ ਦੀਆਂ ਗਹਿਰਾਈਆਂ ਅਤੇ ਸਮਾਜਕ ਹਕੀਕਤਾਂ ਦਾ ਸੰਵੇਦਨਸ਼ੀਲ ਚਿੱਤਰ ਮਿਲਦਾ ਹੈ।

ਡਾ. ਟਾਂਡਾ ਦੇ ਨਾਵਲ 'ਤੇ ਵਕਤ ਬੋਲਦਾ ਗਿਆ' ਪੜ੍ਹਦਿਆਂ ਇੰਝ ਇਹਸਾਸ ਹੁੰਦਾ ਹੈ, ਜਿਵੇਂ ਕਿ ਕਿਸੇ ਵਿਦੇਸ਼ੀ ਵਿਕਸਿਤ ਭਾਸ਼ਾ ਦਾ ਖ਼ੂਬਸੂਰਤ ਤੇ ਵਧੀਆ ਨਾਵਲ ਪੜ੍ਹ ਰਹੇ ਹੋਈਏ। ਗੱਲ ਸਿਰਫ਼ ਅਜਿਹੇ ਅਹਿਸਾਸ ਦੀ ਹੀ ਨਹੀਂ ਸਗੋਂ ਇਸ ਗੱਲ ਦੀ ਖੁਸ਼ੀ ਵੀ ਹੁੰਦੀ ਹੈ ਕਿ ਪੰਜਾਬੀ ਨਾਵਲ ਬਾਕੀ ਭਾਸ਼ਾਵਾਂ ਦੀਆਂ ਰਚਨਾਵਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਰਿਹਾ ਹੈ। ਉਸ ਦੇ ਪਾਤਰਾਂ ਦੇ ਰੋਜ਼ ਦੇ ਭਾਸ਼ਣ ਵਿਚੋਂ ਵੀ ਇਹੋ ਝਲਕਾਰੇ ਮਿਲਦੇ ਹਨ। ਜਿਵੇਂ 'ਅਸੀਂ ਖੇਡਣਾ ਬੰਦ ਨਹੀਂ ਕਰਦੇ ਕਿਉਂਕਿ ਅਸੀਂ ਬੁੱਢੇ ਹੋ ਗਏ ਹਾਂ ਅਸੀਂ ਬੁੱਢੇ ਹੋ ਜਾਂਦੇ ਹਾਂ ਕਿਉਂਕਿ ਅਸੀਂ ਖੇਡਣਾ ਬੰਦ ਕਰ ਦਿੰਦੇ ਹਾਂ। ਜਵਾਨ ਰਹਿਣ ਖੁਸ਼ ਰਹਿਣ ਅਤੇ ਸਫ਼ਲਤਾ ਪ੍ਰਾਪਤ ਕਰਨ ਦੇ ਸਿਰਫ਼ ਚਾਰ ਰਾਜ਼ ਹਨ। ਤੁਹਾਨੂੰ ਹਰ ਰੋਜ਼ ਹੱਸਣਾ ਅਤੇ ਹਾਸਾ ਮਜ਼ਾਕ ਲੱਭਣਾ ਪਵੇਗਾ। ਤੁਹਾਨੂੰ ਇੱਕ ਸੁਪਨਾ ਹੋਣਾ ਚਾਹੀਦਾ ਹੈ ਜਦੋਂ ਤੁਸੀਂ ਸੁਪਨੇ ਨੂੰ ਗਵਾ ਦਿੰਦੇ ਹੋ ਤੁਸੀਂ ਮਰ ਜਾਂਦੇ ਹੋ।' ਇੰਜ ਉਸਨੇ ਇਸ਼ਕ, ਸਹਿਤ ਲੋਕ, ਸਹਿਤ ਅਤੇ ਵਿਸ਼ਵ ਸੱਭਿਆਚਾਰ ਵਿਚੋਂ ਲੋਕ ਸੱਚ ਨੂੰ ਕਸ਼ੀਦ ਕੇ ਆਪਣੀ ਰਚਨਾ ਨੂੰ ਉਸਾਰਿਆ ਹੈ। ਅਜਿਹੀਆਂ ਰਚਨਾਵਾਂ ਵਿਚੋਂ ਕਮੀਆਂ ਲੱਭਣੀਆਂ ਤੇ ਪਛਾਨਣੀਆਂ ਸੰਭਵ ਨਹੀਂ ਹੁੰਦੀਆਂ। ਸਾਰਾ ਕੁਝ ਅਖੀਰ ਤੱਕ ਗੁਪਤ ਰੱਖੋ। ਇਸ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਇਹ ਗੱਲ ਸਮਝ ਪੈਂਦੀ ਹੈ ਕਿ ਇਸ ਨਾਵਲ ਵਿਚ ਵੀ ਅਜਿਹੀਆਂ ਜੁਗਤਾਂ ਦਾ ਪ੍ਰਯੋਗ ਕੀਤਾ ਗਿਆ ਹੈ। ਲੇਖਕ ਨੇ ਆਪਣੀ ਸਿਰਜਣਾ ਨੂੰ ਬੜੇ ਖ਼ੂਬਸੂਰਤ ਅਖਾਣਾਂ ਅਤੇ ਮੁਹਾਵਰਿਆਂ ਨਾਲ ਢੁਕਵੇਂ ਵਾਤਾਵਰਣ ਨਾਲ ਸ਼ਿੰਗਾਰਿਆ ਹੈ ਜਿਵੇਂ 'ਮੇਲੇ ਵਿਚ ਗੁਆਚੇ ਬੱਚੇ ਨੂੰ ਮਾਂ ਲੱਭਦੀ ਹੈ' ਇਸ ਦੇ ਨਾਲ ਹੀ ਆਪਣੇ ਕਥਨ ਦੀ ਪ੍ਰੋੜਤਾ ਲਈ ਗੁਰਬਾਣੀ ਦੀਆਂ ਤੁਕਾਂ ਦੀਆਂ ਉਦਾਹਰਣਾਂ ਵੀ ਦਿੱਤੀਆਂ ਹਨ। ਇਹ ਸੱਭ ਕੁਝ ਬੁਢਾਪੇ ਅਤੇ ਚੰਗੇ ਜੀਵਨ ਲਈ ਹੈ। ਜਿਸ ਵਿਚ ਚੰਗੇ ਜੀਵਨ ਨੂੰ ਜਿਊਣ ਦੇ ਸੁਝਾਅ ਵੀ ਦਿੱਤੇ ਹਨ। ਜਿਸ ਵਿਚ ਉਸ ਸਰੀਰ ਅਤੇ ਮਾਨਸਿਕ ਅਵਸਥਾ ਦੇ ਸੁਮੇਲ ਦੀ ਗੱਲ ਕਰਦਾ ਹੈ। ਉਹ



ਡਾ. ਅਮਰਜੀਤ ਟਾਂਡਾ

ਰੰਗੀਨੀਆਂ ਨੂੰ ਜੀਵਨ ਦਾ ਸ਼ਿੰਗਾਰ ਬਣਾਉਣ ਦੀ ਸਲਾਹ ਵੀ ਦਿੰਦਾ ਹੈ। ਜਿਸ ਵਿਚ ਉਹ ਉਦਾਸੀਨਤਾ ਨੂੰ ਮਨ ਦੇ ਨੇੜੇ ਆਉਣ ਤੋਂ ਰੋਕਦਾ ਹੈ ਅਤੇ ਪੁਰਾਣੇ ਰਿਸ਼ਤਿਆਂ ਅਤੇ ਸੰਗੀਤ ਨਾਲ ਜੁੜਨ ਲਈ ਕਹਿੰਦਾ ਹੈ ਅਤੇ ਕੰਮ ਵਿਚ ਜੁਟੇ ਰਹਿਣ ਦੀ ਤਾਕੀਦ ਕਰਦਾ ਹੈ। ਜਿਸ ਦੀਆਂ ਉਹ ਪੁਰਾਣੇ ਦੋਸਤਾਂ ਨੂੰ ਮਿਲਣ ਦੀਆਂ ਉਦਾਹਰਣਾਂ ਵੀ ਦਿੰਦਾ ਹੈ। ਉਸ ਦੀਆਂ ਇਹ ਉਦਾਹਰਣਾਂ ਕਈ ਵਾਰ ਕਾਵਿਕ ਰੂਪ ਧਾਰ ਲੈਂਦੀਆਂ ਹਨ। ਜਿਸ ਤੋਂ ਇਹ ਸਮਝ ਪੈਂਦੀ ਹੈ ਕਿ ਉਸਦੀ ਕੇਵਲ ਵਾਰਤਕ ਸ਼ੈਲੀ ਹੀ ਕਾਵਿਕ ਨਹੀਂ ਸਗੋਂ ਕਵਿਤਾਈ ਤਰੰਗਾਂ ਉਸਦੇ ਧੁਰ ਮਨ ਅੰਦਰ ਵੀ ਰਚੀਆਂ ਹੋਈਆਂ ਹਨ। ਉਹ ਬਚਪਨ ਦੀਆਂ ਬਾਲ ਖੇਡਾਂ ਅਤੇ ਹਾਣੀਆਂ ਨਾਲ ਕੀਤੀਆਂ ਨਿੱਕੀਆਂ-ਮੋਟੀਆਂ ਲੜਾਈਆਂ-ਭੜਾਈਆਂ ਦਾ ਵੀ ਖ਼ੂਬਸੂਰਤ ਜ਼ਿਕਰ ਕਰਦਾ ਹੈ। ਧਰਮ ਅਤੇ ਰਿਸ਼ਤਿਆਂ ਉੱਪਰ ਵੀ ਵਿਅੰਗ ਕਰਦਾ ਹੈ। ਮਸਨੂਈ ਪਦਾਰਥਕ ਤਰੱਕੀ ਦਾ ਵੀ ਮਖੌਲ ਉਡਾਉਂਦਾ ਹੈ। ਜਿਸ ਵਿਚ ਹਉਮੈ ਅਤੇ ਹੰਕਾਰ ਭਰਿਆ ਪਿਆ ਹੈ। ਜਿਸ ਨੂੰ ਤਜ ਕੇ ਉਹ ਰਿਸ਼ਤਿਆਂ ਨੂੰ ਖ਼ੂਬਸੂਰਤ ਬਣਾਉਣ ਦੀ ਸਲਾਹ ਦਿੰਦਾ ਹੈ। ਇਨ੍ਹਾਂ ਯਤਨਾਂ ਅਤੇ ਯਾਦਾਂ ਵਿਚ ਉਹ ਪੰਜਾਬ ਦੇ ਪਿੰਡਾਂ ਦੇ ਰਹਿਤਲ ਦੀ ਰਹਿੰਦ-ਖੂੰਦ ਨੂੰ ਵੀ ਬਿਆਨ ਕਰਦਾ ਹੈ, ਜਿਸ ਨੂੰ ਪ੍ਰਵਾਸੀ ਪ੍ਰਭਾਵ ਭ੍ਰਿਸ਼ਟ ਕਰੀ ਜਾ ਰਹੇ ਹਨ। ਉਸ ਨੂੰ ਵਧ ਰਹੇ ਸ਼ਹਿਰੀਕਰਨ ਦੇ ਰੁਝਾਨ ਬਾਰੇ ਵੀ ਚਿੰਤਾ ਹੈ ਕਿਉਂਕਿ



ਡਾ. ਅਮਰਜੀਤ ਟਾਂਡਾ ਦੀਆਂ ਪੁਸਤਕਾਂ।

ਉਹ ਮਹਿਸੂਸ ਕਰ ਰਿਹਾ ਹੈ ਕਿ ਇਸ ਨਾਲ ਮਾਨਸਿਕ ਆਨੰਦ ਦਾ ਖ਼ਾਤਮਾ ਹੋ ਰਿਹਾ ਹੈ। ਰਿਸ਼ਤਿਆਂ ਵਿਚੋਂ ਆਤਮਕ ਖੁਸ਼ੀ ਖੁਰਦੀ ਜਾ ਰਹੀ ਹੈ। ਜਿਸ ਵਿਚੋਂ ਸੱਭਿਆਚਾਰਕ ਰਸਮ-ਰਿਵਾਜ਼ ਮੇਲ-ਜੋਲ ਪਿਆਰ-ਮੁਹੱਬਤ ਮਨਫੀ ਹੁੰਦਾ ਜਾ ਰਿਹਾ ਹੈ। ਕਲਾਕਾਰੀ ਦੀ ਗੱਲ ਇਹ ਹੈ ਕਿ ਲੇਖਕ ਇਸ ਬਾਰੇ ਸੁਚੇਤ ਵੀ ਹੈ ਅਤੇ ਚਿੰਤਿਤ ਵੀ ਹੈ। ਮੈਨੂੰ ਇਹ ਨਾਵਲ ਵਿਲੱਖਣ ਰੌਚਿਕ ਗਿਆਨਵਰਧਕ ਅਤੇ ਜ਼ਿੰਦਗੀ ਨੂੰ ਮਾਨਵੀ ਸੇਧ ਦੇਣ ਵਾਲਾ ਜਾਪਦਾ ਹੈ।

ਡਾ. ਅਮਰਜੀਤ ਟਾਂਡਾ ਦੀ ਸਾਹਿਤਕ ਦੇਣ ਦੀ ਇੱਕ ਹੋਰ ਵੱਡੀ ਵਿਸ਼ੇਸ਼ਤਾ ਉਨ੍ਹਾਂ ਦੀ ਫਿਲਾਸਫੀਕਲ ਸੋਚ ਹੈ। ਉਨ੍ਹਾਂ ਦੀ ਲਿਖਤ ਵਿਚ ਜੀਵਨ ਦੇ ਵੱਡੇ ਸਵਾਲਾਂ ਦੀ ਝਲਕ ਮਿਲਦੀ ਹੈ—ਮਨੁੱਖ ਕੌਣ ਹੈ? ਜੀਵਨ ਦਾ ਅਰਥ ਕੀ ਹੈ? ਦਰਦ ਕਿਉਂ ਹੁੰਦਾ ਹੈ? ਅਤੇ ਆਸ ਕਿਵੇਂ ਜਨਮ ਲੈਂਦੀ ਹੈ?

ਉਨ੍ਹਾਂ ਦੀ ਲਿਖਤ ਵਿਚ ਇੱਕ ਰੂਹਾਨੀ ਸੁਰ ਹੈ ਜੋ ਪਾਠਕ ਨੂੰ ਅੰਦਰੂਨੀ ਯਾਤਰਾ 'ਤੇ ਲੈ ਜਾਂਦੀ ਹੈ। ਉਹ ਮਨੁੱਖ ਨੂੰ ਆਪਣੇ ਅੰਦਰ ਦੇ ਚਾਨਣ ਨਾਲ ਮਿਲਾਉਂਦੇ ਹਨ। ਉਨ੍ਹਾਂ ਦੇ ਸ਼ਬਦ ਕਈ ਵਾਰੀ ਕਿਸੇ ਪ੍ਰਾਰਥਨਾ ਵਾਂਗ ਲੱਗਦੇ ਹਨ ਅਤੇ ਕਈ ਵਾਰੀ ਕਿਸੇ ਅੰਦਰੂਨੀ ਸੰਵਾਦ ਵਾਂਗ।

ਡਾ. ਟਾਂਡਾ ਦੀ ਲਿਖਤ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਉਨ੍ਹਾਂ ਦੀ ਰਚਨਾ ਮਨੁੱਖਤਾ ਨੂੰ ਕੇਂਦਰ ਵਿਚ ਰੱਖਦੀ ਹੈ। ਉਹ ਵੰਡਾਂ ਤੋਂ ਉੱਪਰ ਉਠ ਕੇ ਮਨੁੱਖੀ ਏਕਤਾ ਦੀ ਗੱਲ ਕਰਦੇ ਹਨ। ਉਨ੍ਹਾਂ ਦੀ ਲਿਖਤ ਵਿਚ ਪਿਆਰ ਹੈ, ਸ਼ਾਂਤੀ ਹੈ ਅਤੇ ਜੀਵਨ ਨੂੰ ਸੁੰਦਰ ਬਣਾਉਣ ਦੀ ਇੱਕ ਲਗਾਤਾਰ ਰੀਝ ਤੇ ਆਵਾਜ਼ ਹੈ।

ਸਾਹਿਤ ਵਿਚ ਉਨ੍ਹਾਂ ਦੀ ਯਾਤਰਾ ਸਿਰਫ਼ ਲਿਖਣ ਦੀ ਯਾਤਰਾ ਨਹੀਂ, ਇੱਕ ਰੂਹਾਨੀ ਯਾਤਰਾ ਹੈ। ਉਨ੍ਹਾਂ ਦੀ ਕਲਮ ਮਨੁੱਖੀ ਦਰਦ ਨੂੰ ਸਮਝਦੀ ਹੈ ਅਤੇ ਮਨੁੱਖੀ ਆਸ ਨੂੰ ਜਗਾਉਂਦੀ ਹੈ। ਉਨ੍ਹਾਂ ਦੀ ਲਿਖਤ ਇੱਕ ਚਾਨਣ ਵਾਂਗ ਹੈ ਜੋ ਹਨੇਰਿਆਂ ਵਿਚ ਵੀ ਰਾਹ ਦਿਖਾਉਂਦੀ ਹੈ।

ਅੱਜ ਦੇ ਸਮੇਂ ਵਿਚ ਜਦੋਂ ਸਾਹਿਤ ਕਈ ਵਾਰੀ ਸਿਰਫ਼ ਮਨੋਰੰਜਨ ਤੱਕ ਸੀਮਿਤ ਹੋ ਜਾਂਦਾ ਹੈ, ਡਾ. ਅਮਰਜੀਤ ਟਾਂਡਾ ਦੀ ਲਿਖਤ ਸਾਨੂੰ ਯਾਦ ਦਿਵਾਉਂਦੀ ਹੈ ਕਿ ਸਾਹਿਤ ਮਨੁੱਖੀ ਰੂਹ ਦੀ ਆਵਾਜ਼ ਹੁੰਦਾ ਹੈ। ਉਨ੍ਹਾਂ ਦੀ ਕਵਿਤਾ, ਨਾਵਲ ਅਤੇ ਫਿਲਾਸਫੀਕਲ ਲਿਖਤ ਪੰਜਾਬੀ ਸਾਹਿਤ ਨੂੰ ਇੱਕ ਨਵੀਂ ਦਿਸ਼ਾ ਦੇ ਰਹੀ ਹੈ।

ਡਾ. ਅਮਰਜੀਤ ਟਾਂਡਾ ਦੀ ਸਾਹਿਤਕ ਦੇਣ ਇੱਕ ਲੰਬੇ ਦਰਿਆ ਵਾਂਗ ਹੈ ਜੋ ਸਮੇਂ ਦੇ ਨਾਲ ਹੋਰ ਵੀ ਵਿਸ਼ਾਲ ਹੁੰਦੀ ਜਾ ਰਹੀ ਹੈ। ਉਨ੍ਹਾਂ ਦੀ ਲਿਖਤ ਵਿਚ ਭਵਿੱਖ ਦੀਆਂ ਸੰਭਾਵਨਾਵਾਂ ਹਨ, ਮਨੁੱਖਤਾ ਦੀਆਂ ਉਮੀਦਾਂ ਹਨ ਅਤੇ ਜੀਵਨ ਦੇ ਸੁੰਦਰ ਸੁਪਨੇ ਹਨ। ਇਸ ਲਈ ਕਹਿਣਾ ਬਿਲਕੁਲ ਉਚਿਤ ਹੈ ਕਿ ਡਾ. ਅਮਰਜੀਤ ਟਾਂਡਾ ਦੀ ਕਲਮ ਸਿਰਫ਼ ਸ਼ਬਦ ਨਹੀਂ ਲਿਖਦੀ—ਉਹ ਮਨੁੱਖੀ ਰੂਹ ਦਾ ਇਤਿਹਾਸ ਲਿਖਦੀ ਹੈ। ਉਨ੍ਹਾਂ ਦੀ ਰਚਨਾਤਮਕਤਾ ਪੰਜਾਬੀ ਸਾਹਿਤ ਲਈ ਇੱਕ ਅਮੁੱਲ ਧਰੋਹਰ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਸਰੋਤ।

ਡਾ. ਅਮਰਜੀਤ ਟਾਂਡਾ ਦੀ ਕਾਵਿ ਅਤੇ ਨਾਵਲ ਕਲਾ ਮਨੁੱਖੀ ਸੰਵੇਦਨਾ ਦੀ ਇੱਕ ਸੋਹਣੀ ਧੁਨ ਹੈ—ਇੱਕ ਐਸੀ ਧੁਨ ਜੋ ਸਮੇਂ ਦੇ ਨਾਲ ਹੋਰ ਵੀ ਮਿੱਠੀ ਹੁੰਦੀ ਜਾਵੇਗੀ।

---

# ਕੁੱਤਾ ਪੁਰਾਣ !

ਕਿਤੇ ਵੀ ਕੋਈ ਘਟਨਾ ਵਾਪਰੇ ਪੰਜਾਬੀਆਂ ਦਾ ਪ੍ਰਤੀਕਰਮ ਬੜਾ ਦਿਲਚਸਪ ਹੁੰਦਾ ਹੈ ਇਸ ਪ੍ਰਤੀਕਰਮ ਵਿਚ ਆਪਣੀ ਹੀ ਚੁਣੀ ਸਰਕਾਰ ਦੀ ਲੱਤ ਖਿੱਚਣਾ ਵੀ ਸ਼ਾਮਲ ਹੈ। ਕੁਝ ਪ੍ਰਤੀਕਰਮ ਉਸਾਰੂ ਸੋਚ ਵਾਲੇ ਵੀ ਹੁੰਦੇ ਹਨ 'ਤੇ ਬਾਕੀ ਹਾਸੋ-ਹੀਣੀਆਂ ਬੇਥਵੀਆਂ!

ਮਾਨ ਸਰਕਾਰ ਦੁਆਰਾ ਆਵਾਰਾ ਕੁੱਤਿਆਂ ਨੂੰ ਮਾਰਨ ਬਾਰੇ ਖਬਰ ਆਈ ਹੈ ਤਾਂ ਪੰਜਾਬੀਆਂ ਦੀ ਸੋਸ਼ਲ ਮੀਡਿਆ



**ਹਰਜੀਤ ਦਿਓਲ**

ਮਜਲਿਸ ਹਰਕਤ ਵਿਚ ਆ ਗਈ ਹੈ। ਕੁਝ ਵਿਦਵਾਨ ਕੁੱਤਿਆਂ ਦੇ ਹੱਕ ਵਿਚ ਡਟ ਖਲੋਤੇ ਹਨ। ਅਖੇ ਬੇਜੁਬਾਨ ਕੁੱਤੇ ਹਮੇਸ਼ਾ ਤੋਂ ਇਨਸਾਨ ਦੇ ਕੰਮ ਆਉਂਦੇ ਰਹੇ ਹਨ ਇਸ ਲਈ ਇਨ੍ਹਾਂ ਨੂੰ ਮਾਰਨਾ ਉਚਿਤ ਨਹੀਂ। ਮੇਨਕਾ ਗਾਂਧੀ ਵੀ ਇਸ ਬਾਰੇ ਇੱਕ ਕਿਤਾਬ ਲਿਖੀ ਸੀ 'ਬੇਜੁਬਾਨੋਂ ਕੀ ਜੁਬਾਨ'। ਉਸ ਨੇ ਤਾਂ ਮਾਸਾਹਾਰ 'ਤੇ ਹੀ ਮੁਕੰਮਲ ਪਾਬੰਦੀ ਦੀ ਵਕਾਲਤ ਕੀਤੀ ਸੀ 'ਤੇ ਆਪਣੀ ਸਰਕਾਰ ਵੇਲੇ ਕੁੱਤਿਆਂ ਦੇ ਮਾਰਨ 'ਤੇ ਸਖ਼ਤ ਰੋਕ ਵੀ ਲਾ'ਤੀ ਸੀ। ਜੀਵ ਹੱਤਿਆ ਪਾਪ ਹੈ ਇਹ ਸੁਣਨ ਵਿਚ ਤਾ ਬੜਾ ਚੰਗਾ ਲੱਗਦਾ ਹੈ, ਪਰ ਇਸ 'ਤੇ ਅਮਲ ਕਰਦਿਆਂ ਜੋ ਸਵਾਲ ਉਠਦੇ ਹਨ ਉਨ੍ਹਾਂ ਬਾਰੇ ਸੋਚਣ ਤੋਂ ਟਾਲਾ ਵੱਟਦੇ ਹਾਂ। ਜੀਵ ਦੀ ਪਰਿਭਾਸਾ ਕੀ ਹੈ? ਕੀ ਸੂਖਮਜੀਵ (ਬੈਕਟੀਰਿਆ ਆਦਿ) ਤੋਂ ਲੈ ਕੇ ਹਾਥੀ/ਵ੍ਹੇਲ ਸਭ ਜੀਵ ਨਹੀਂ ,ਜਾਂ ਜੀਵ ਦਾ ਆਕਾਰ ਕੋਈ ਮਹੱਤਵ ਰੱਖਦਾ ਹੈ? ਕੀਟਨਾਸ਼ਕ ਸਭ ਤਰ੍ਹਾਂ ਦੇ ਕੀੜਿਆਂ-ਮਕੌੜਿਆਂ ਦੀ ਸਾਮੂਹਿਕ ਹੱਤਿਆ ਕਰਦੇ ਹਨ! ਪਰਾਲੀਆਂ ਸਾੜ੍ਹਨ ਵੇਲੇ ਕਿੰਨੇ ਕੀਟ ਪਤੰਗ/ਪੰਛੀ ਸੜ ਕੇ ਸੁਆਹ ਹੋ ਜਾਂਦੇ ਹਨ? ਮੁੱਕਦੀ ਗੱਲ ਇਹ ਹੈ ਕਿ ਸਭਿਅਕ ਅਤੇ ਵਿਗਿਆਨਕ ਆਧਾਰ 'ਤੇ ਵਿਕਸਤ ਦੇਸ਼ਾਂ ਵਿਚ ਇਸ ਬਾਰੇ ਬਣੇ ਕਾਨੂੰਨ ਹੀ ਉਚਿਤ ਜਾਪਦੇ ਹਨ। ਭਾਰਤ (ਜਾਂ ਹੋਰ ਵਿਕਾਸਸ਼ੀਲ ਮੁਲਕ) ਵਿਚ ਹਰ ਦਿਨ ਆਵਾਰਾ ਕੁੱਤਿਆਂ ਦੁਆਰਾ ਲੋਕਾਂ/ਬੱਚਿਆਂ 'ਤੇ ਹਮਲੇ ਅਤੇ ਇਨ੍ਹਾਂ ਦੁਆਰਾ ਫੈਲਾਈ ਜਾਂਦੀ ਰੈਬੀਜ਼ (ਪਾਗਲ ਕੁੱਤੇ ਦੇ ਵੱਢਣ ਨਾਲ) ਬੀਮਾਰੀ ਬਾਰੇ ਖਬਰਾਂ ਮਿਲਦੀਆਂ ਹਨ। ਸਾਰੇ ਸਭਿਅਕ ਦੇਸ਼ਾਂ ਵਿਚ ਬਿਨਾ ਵਜ੍ਹਾਂ ਜੀਵਾਂ ਨੂੰ ਮਾਰਨ 'ਤੇ ਪਾਬੰਦੀ ਜਰੂਰ ਹੈ ਪਰ ਜੋ ਜੀਵ ਇਨਸਾਨਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ, ਖਤਮ ਕੀਤੇ ਜਾਂਦੇ ਹਨ। ਭਾਵੇਂ ਜੰਗਲਾਂ ਵਿਚ ਜੀਵਾਂ ਦੀ ਸੁਰੱਖਿਆ ਦਾ ਪੂਰਾ ਪ੍ਰਬੰਧ ਕੀਤਾ ਜਾਂਦਾ ਹੈ, ਪਰ ਆਦਮਖੋਰ ਬਣੇ ਜਾਨਵਰਾਂ ਨੂੰ ਫੌਰਨ ਗੋਲੀ ਮਾਰ ਦਿੱਤੀ ਜਾਂਦੀ ਹੈ। ਸੋ ਪਿਆਰੇ ਪੰਜਾਬੀਓ! ਜੰਮ ਜੰਮ ਕੁੱਤੇ ਪਾਲੋ ਪਰ ਵਿਦੇਸ਼ਾਂ ਵਾਂਗ ਸੰਗਲੀ ਵਿਚ ਬੰਨ੍ਹ, ਸਾਫ-ਸਫਾਈ ਅਤੇ ਉਨ੍ਹਾਂ ਦੀ ਖੁਰਾਕ ਦਾ ਪੂਰਾ ਧਿਆਨ ਰਖਦਿਆਂ ਇਹ ਕੰਮ ਕਰੋ। ਆਵਾਰਾ ਕੁੱਤਿਆਂ ਦੀ ਤਰਫਦਾਰੀ ਕਰ ਮਸੀਹੇ ਨਾ ਬਣੋ। ਧੰਨਵਾਦ।

---




## ਉਦਾਸ ਜੀਆ-ਜੰਤ

*ਚੁੱਲ੍ਹਿਆਂ ਦੇ ਵਿਚ ਘਾਹ ਨਾ ਉੱਗਣ, ਨਾ ਉਹ ਆਵੇ ਰੁੱਤ ਕਦੇ।*
*ਫਿਰ ਕੁੱਖਾਂ ਨਾ ਸੁੰਨਿਆਂ ਹੋਵਣ, ਮਰਨ ਨਾ ਐਂਵੇ ਪੁੱਤ ਕਦੇ।*
*ਅੱਗਾਂ ਹੱਥੀਂ ਆਪ ਲਗਾ ਕੇ, ਆਪ ਬੁਝਾਈਆਂ ਜਾਵਣ ਨਾ।*
*ਹਾਕਮ ਆਫਰੇ ਫਿਰਨ ਦੁਬਾਰਾ, ਖੌਫ਼ ਰਤਾ ਵੀ ਖਾਵਣ ਨਾ।*
*ਸੱਚੀਂ ਕਦੇ ਤਾਂ ਓਦਰ ਜਾਂਦਾਂ ਵੇਖ ਤੇਰਾ ਜੀਆਂ ਜੰਤ ਬੜਾ।*
*ਨਹੀਂ ਸਿਆਣਿਆਂ ਜਾਂਦਾ ਇਥੇ, ਸਾਧ ਬੜਾ ਕਿ ਸੰਤ ਬੜਾ।*
*ਦਿਨ ਚੜ੍ਹਦੇ ਨੂੰ ਸਿਆਸਤ ਦਾ ਘੱਗਰਾ ਨਵਾਂ ਹੀ ਘੁੰਮਦਾ ਏ।*
*ਕੋਈ ਕਿਸੇ ਦੀ ਲਾਹ ਲੈਂਦਾ, ਕੋਈ ਜਾ ਪੈਰਾਂ ਨੂੰ ਚੁੰਮਦਾ ਏ।*
*ਜਿੰਦਾਂ ਦੇ ਹਾਲਾਤ ਬਣੇ ਨੇ, ਮੂੰਹ ਨੂੰ ਆਉਂਦੀ ਝੱਗ ਬੱਲਿਆ।*
*ਰੱਬ ਕਰਕੇ 'ਭੌਰੇ' ਫੇਰ ਨਾ ਪੈ ਜਾਏ, ਬੁਰੇ ਵਕਤ ਦੀ ਅੱਗ ਬੱਲਿਆ॥*

---

*(ਪਿਛਲੇ ਸਫੇ ਦਾ ਬਾਕੀ)*

ਅੰਤਰਰਾਸ਼ਟਰੀ ਸੰਸਥਾਵਾਂ ਨੂੰ ਟਿੱਚ ਜਾਣਦੇ ਹੋਏ ਆਪੇ ਹੀ ਵਰਲਡ ਪੀਸ ਫਾਰਮ ਬਣਾ ਦੇ ਉਸ ਦੇ ਸਥਾਈ ਚੇਅਰਮੈਨ ਬਣ ਬੈਠਣਾ, ਆਪਣੇ ਮੂੰਹੋਂ ਆਪ ਹੀ ਨੋਬਲ ਸ਼ਾਂਤੀ ਪੁਰਸਕਾਰ ਦੀ ਦਾਹਵੇਦਾਰੀ ਜਿਤਾਉਣਾ, ਉਸ ਨੂੰ ਹਾਸਲ ਕਰਨ ਲਈ ਧਮਕੀਆਂ ਦੇਣਾ ਅਤੇ ਕਿਸੇ ਦੂਸਰੇ ਤੇ ਦਬਾਅ ਬਣਾ ਕੇ ਉਸ ਤੋਂ ਨੋਬਲ ਸ਼ਾਂਤੀ ਪੁਰਸਕਾਰ ਪ੍ਰਾਪਤ ਕਰਨਾ, ਖੁਸ਼ਾਮਦੀ ਅਤੇ ਚਾਪਲੂਸ ਕਿਸਮ ਦੇ ਲੋਕਾਂ ਦੀਆਂ ਤਾਰੀਫ਼ਾਂ ਦੇ ਪੁਲ ਬੰਨਣਾ ਵਰਗੀਆਂ ਆਦਤਾਂ ਵਾਲਾ ਆਦਮੀ ਅਮਰੀਕਾ ਦਾ ਰਾਸ਼ਟਰਪਤੀ ਹੋਵੇ ਇਹ ਸਮਝ ਤੋਂ ਬਾਹਰੀ ਗੱਲ ਹੈ।

ਟਰੰਪ ਦੀ ਬੇਰੁਖੀ ਅਤੇ ਅਜੀਬ ਹਰਕਤਾਂ ਕਰਕੇ ਨਾਟੋ ਦਾ ਸੰਗਠਨ ਕਮਜ਼ੋਰ ਹੋ ਚੁੱਕਾ ਹੈ। ਰਾਸ਼ਟਰਪਤੀ ਟਰੰਪ ਦਾ ਮੰਨਣਾ ਹੈ ਕਿ ਟੈਰਿਫ (ਆਯਾਤ ਡਿਊਟੀ) ਅਮਰੀਕੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਅਤੇ ਵਿਦੇਸ਼ੀ ਨਿਰਭਰਤਾ ਘਟਾਉਣ ਦਾ ਇੱਕੋ ਇੱਕ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ। ਸਾਫ ਹੈ ਕਿ ਬਦਲ ਰਹੇ ਵਰਲਡ ਆਰਡਰ ਵਿਚ ਅਮਰੀਕਾ ਦੀ ਅਰਥ ਵਿਵਸਥਾ ਖਤਰੇ ਵਿਚ ਹੈ। ਵਪਾਰ ਦੀ ਕਰੰਸੀ ਅਮਰੀਕੀ ਡਾਲਰ ਨੂੰ ਚਣੌਤੀ ਮਿਲ ਰਹੀ ਹੈ। ਜੋ ਕਿ 1944 ਵਿਚ ਹੋਏ ਬ੍ਰੈਟਨ ਵੁੱਡਸ ਸਮਝੌਤੇ ਰਾਹੀਂ ਵਪਾਰਕ ਕਰੰਸੀ ਬਣਿਆ ਹੋਇਆ ਹੈ। ਇਸ ਸਮਝੌਤੇ ਨੇ ਡਾਲਰ ਨੂੰ ਸੋਨੇ ਨਾਲ ਜੋੜਿਆ, ਜਿਸ ਨਾਲ ਇਹ ਹੋਰ ਕਰੰਸੀਆਂ ਦੇ ਮੁਕਾਬਲੇ ਵਧੇਰੇ ਸਥਿਰ ਬਣ ਗਿਆ ਸੀ। ਇਸ ਸਮਝੌਤੇ ਤਹਿਤ ਫੈਸਲਾ ਲਿਆ ਗਿਆ ਕਿ ਅਮਰੀਕੀ ਡਾਲਰ ਦੀ ਕੀਮਤ ਨੂੰ ਸੋਨੇ ($35 ਪ੍ਰਤੀ ਔਂਸ) ਨਾਲ ਜੋੜਿਆ ਜਾਵੇਗਾ। ਅਮਰੀਕਾ ਦੀ ਵੱਡੀ ਆਰਥਿਕਤਾ, ਵਿਕਸਤ ਵਿੱਤੀ ਬਾਜ਼ਾਰ ਅਤੇ ਸਥਿਰਤਾ ਨੇ ਡਾਲਰ ਨੂੰ ਵਿਸ਼ਵ ਵਿਆਪੀ ਮਾਨਤਾ ਦਿਵਾਈ। ਹੁਣ ਤਕ ਦੁਨੀਆ ਭਰ ਦੇ ਬੈਂਕ ਅਤੇ ਦੇਸ਼ ਆਪਣੇ ਵਿਦੇਸ਼ੀ ਮੁਦਰਾ ਭੰਡਾਰ ਵਿਚ ਸਭ ਤੋਂ ਵੱਧ ਅਮਰੀਕੀ ਡਾਲਰ ਰੱਖਦੇ ਆਏ ਹਨ। ਅਮਰੀਕੀ ਡਾਲਰ ਦੀ ਦੁਨੀਆ ਦੀ ਮੁੱਖ ਵਪਾਰਕ ਕਰੰਸੀ (Global Reserve Currency) ਬਣਨ ਦੀ ਕਹਾਣੀ 20ਵੀਂ ਸਦੀ ਦੀਆਂ ਵੱਡੀਆਂ ਆਰਥਿਕ ਅਤੇ ਭੂ-ਰਾਜਨੀਤਿਕ ਤਬਦੀਲੀਆਂ ਨਾਲ ਜੁੜੀ ਹੋਈ ਹੈ। ਇਹ ਸਫ਼ਰ ਮੁੱਖ ਤੌਰ 'ਤੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸ਼ੁਰੂ ਹੋਇਆ ਸੀ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਯੂਰਪ ਅਤੇ ਏਸ਼ੀਆ ਦੇ ਜ਼ਿਆਦਾਤਰ ਦੇਸ਼ਾਂ ਦੀਆਂ ਆਰਥਿਕਤਾਵਾਂ ਤਬਾਹ ਹੋ ਗਈਆਂ ਸਨ, ਜਦਕਿ ਅਮਰੀਕਾ ਸੁਰੱਖਿਅਤ ਅਤੇ ਆਰਥਿਕ ਤੌਰ 'ਤੇ ਸਭ ਤੋਂ ਮਜ਼ਬੂਤ ਦੇਸ਼ ਵਜੋਂ ਉੱਭਰਿਆ ਸੀ। ਅਮਰੀਕਾ ਕੋਲ ਉਸ ਸਮੇਂ ਦੁਨੀਆ ਦਾ ਸਭ ਤੋਂ ਵੱਡਾ ਸੋਨੇ ਦਾ ਭੰਡਾਰ ਸੀ, ਜਿਸ ਨੇ ਡਾਲਰ 'ਤੇ ਦੁਨੀਆ ਦਾ ਭਰੋਸਾ ਵਧਾਇਆ। ਪਰ ਜਦੋਂ ਅਮਰੀਕਾ ਕੋਲ ਸੋਨਾ ਘਟ ਗਿਆ, ਤਾਂ ਰਾਸ਼ਟਰਪਤੀ ਰਿਚਰਡ ਨਿਕਸਨ ਨੇ ਡਾਲਰ ਦਾ ਸੋਨੇ ਨਾਲੋਂ ਸਬੰਧ ਤੋੜ ਦਿੱਤਾ। ਹੁਣ ਅਮਰੀਕਾ ਨੂੰ ਡਾਲਰ ਦੀ ਕੀਮਤ ਬਣਾਈ ਰੱਖਣ ਲਈ ਕਿਸੇ ਨਵੀਂ ਚੀਜ਼ ਦੀ ਲੋੜ ਸੀ।

ਇਥੋਂ ਹੀ ਪੈਟਰੋ-ਡਾਲਰ ਦੀ ਕਹਾਣੀ ਆਰੰਭ ਹੁੰਦੀ ਹੈ, ਜਿਸ ਨੇ ਅਮਰੀਕੀ ਡਾਲਰ ਨੂੰ ਲਗਾਤਾਰ ਤਾਕਤ ਦਿੱਤੀ। ਸਾਲ 1974 ਵਿਚ ਅਮਰੀਕਾ ਨੇ ਸਾਊਦੀ ਅਰਬ ਨਾਲ ਇੱਕ ਗੁਪਤ ਅਤੇ ਬਹੁਤ ਮਹੱਤਵਪੂਰਨ ਸਮਝੌਤਾ ਕੀਤਾ ਜਿਸ ਦੀ ਪਹਿਲੀ ਸ਼ਰਤ ਇਹ ਸੀ ਕਿ ਸਾਊਦੀ ਅਰਬ ਆਪਣਾ ਸਾਰਾ ਤੇਲ ਸਿਰਫ਼ ਅਤੇ ਸਿਰਫ਼ ਅਮਰੀਕੀ ਡਾਲਰਾਂ ਵਿਚ ਹੀ ਵੇਚੇਗਾ। ਬਦਲੇ ਵਿਚ ਅਮਰੀਕਾ ਸਾਊਦੀ ਅਰਬ ਨੂੰ ਫੌਜੀ ਸੁਰੱਖਿਆ ਦੇਵੇਗਾ ਅਤੇ ਉਨ੍ਹਾਂ ਦੇ ਸ਼ਾਸਨ ਨੂੰ ਬਚਾਏਗਾ। ਸਾਊਦੀ ਅਰਬ ਤੇਲ ਵੇਚ ਕੇ ਕਮਾਏ ਡਾਲਰਾਂ ਨੂੰ ਵਾਪਸ ਅਮਰੀਕੀ ਬੈਂਕਾਂ ਅਤੇ ਸਰਕਾਰੀ ਬਾਂਡਾਂ ਵਿਚ ਨਿਵੇਸ਼ ਕਰੇਗਾ। ਜਿਸ ਨੂੰ ਪੈਟਰੋ-ਡਾਲਰ ਰੀਸਾਈਕਲਿੰਗ ਕਿਹਾ ਜਾਂਦਾ ਹੈ। ਦੁਨੀਆ ਦੀ ਮੁੱਖ ਵਪਾਰਕ ਕਰੰਸੀ ਅਤੇ ਪੈਟਰੋ-ਡਾਲਰ ਕਰਕੇ ਅਮਰੀਕੀ ਡਾਲਰ ਅਤੇ ਅਮਰੀਕਨ ਅਰਥ ਵਿਵਸਥਾ ਦੀ ਤੂਤੀ ਲੰਮਾ ਸਮਾਂ ਬੋਲਦੀ ਰਹੀ। ਅੱਜ ਬਦਲੇ ਹੋਏ ਸੰਦਰਭ ਵਿਚ ਅਮਰੀਕਾ ਦੇ ਸਹਿਯੋਗੀ ਰਹੇ ਮੁਲਕ ਉਭਰ ਰਹੀ ਆਰਥਿਕ ਸ਼ਕਤੀ ਚੀਨ ਨਾਲ ਹੱਥ ਮਿਲਾ ਰਹੇ ਹਨ। ਚੱਲ ਰਹੇ ਇਰਾਨ ਯੁੱਧ ਵਿਚ ਅਮਰੀਕਾ ਮਿਡਲ ਈਸਟ ਦੇ ਮੁਲਕਾਂ ਨੂੰ ਸੁਰੱਖਿਆ ਨਹੀਂ ਪ੍ਰਦਾਨ ਕਰ ਪਾਇਆ, ਸਗੋਂ ਜਿੱਥੇ ਜਿੱਥੇ ਵੀ ਸੁਰੱਖਿਆ ਛਤਰੀ ਦੇ ਨਾਂ ਹੇਠ ਅਮਰੀਕਨ ਫੌਜੀ ਅੱਡੇ ਬਣਾਏ ਗਏ ਸਨ ਉਹਨਾਂ ਮੁਲਕਾਂ ਦੇ ਇਨਫਰਾਸਟਰਕਚਰ ਅਤੇ ਅਰਥ ਵਿਵਸਥਾ ਦਾ ਭਾਰੀ ਨੁਕਸਾਨ ਹੋਇਆ ਹੈ। ਯੁੱਧ ਅਜੇ ਜਾਰੀ ਹੈ ਇਸ ਵਿਚ ਨਿਰਣਾਇਕ ਮੋੜ ਆਉਣਾ ਅਜੇ ਬਾਕੀ ਹੈ। ਵੇਖਣਾ ਇਹ ਹੋਵੇਗਾ ਕਿ ਚੀਨ ਅਤੇ ਰੂਸ ਇਸ ਵਿਚ ਸਿੱਧੀ ਦਖਲ ਅੰਦਾਜ਼ੀ ਕਰਦੇ ਹਨ ਜਾ ਨਹੀਂ। ਜਾਂ ਫਿਰ ਮਾਨਸਿਕ ਤਵਾਜ਼ਨ ਗੁਆ ਚੁੱਕਾ ਅਤੇ ਭੂਤਰਿਆ ਹੋਇਆ ਰਾਸ਼ਟਰਪਤੀ ਟਰੰਪ ਐਟਮੀ ਹਥਿਆਰ ਵਰਤਣ ਵਾਲੀ ਕੋਈ ਵੱਡੀ ਗਲਤੀ ਕਰ ਬੈਠੇਗਾ। ਇਸ ਯੁੱਧ ਦਾ ਅੰਤ ਭਾਵੇਂ ਕਿਸੇ ਵੀ ਤਰਾਂ ਦਾ ਹੋਵੇ ਪਰ ਨਿਸ਼ਚਤ ਤੌਰ 'ਤੇ ਅਮਰੀਕੀ (Hegemony) ਸਰਦਾਰੀ ਦੀ ਪੁੱਠੀ ਗਿਣਤੀ ਸ਼ੁਰੂ ਹੋ ਚੁੱਕੀ ਹੈ

**ਕਲਾ ਪਰਿਕਰਮਾ**

## ਸੰਗੀਤਕ ਲਾਇਬ੍ਰੇਰੀ ਦਾ ਸਿਰਜਣਹਾਰਾ ਸੀ

# ਗੁਰਮੁੱਖ ਸਿੰਘ ਲਾਲੀ



ਮਨੁੱਖ ਮੁੱਢ-ਕਦੀਮੋਂ ਹੀ ਜ਼ਿੰਦਗੀ ਦਾ ਆਸ਼ਕ ਰਿਹਾ ਹੈ। ਆਪਣੇ ਸ਼ੌਕ ਲਈ ਬੰਦਾ ਕੀ-ਕੀ ਨਹੀਂ ਕਰਦਾ। ਹਿੰਮਤ ਤੇ ਲਗਨ ਵਾਲਾ ਜਨੂੰਨੀ ਇਨਸਾਨ। ਹਰ ਅਸੰਭਵ ਨੂੰ ਸੰਭਵ ਕਰ ਕੇ ਹੀ ਸਾਹ ਲੈਂਦਾ ਹੈ। ਅਜਿਹੇ ਜਨੂਨੀ ਬੰਦੇ, ਲੋਕਾਂ ਦੀਆਂ ਗੱਲਾਂ ਦੀ ਪਰਵਾਹ ਨਹੀਂ ਕਰਦੇ। ਉਹ ਮਸਤ ਚਾਲੇ ਆਪਣੇ ਕੰਮ ਵਿਚ ਲੱਗੇ ਰਹਿੰਦੇ ਹਨ। ਗੁਰਮੁੱਖ ਸਿੰਘ ਲਾਲੀ ਇਕ ਉਹ ਸੰਗੀਤ ਪ੍ਰੇਮੀ ਸੀ, ਜਿਸ ਨੇ ਸੰਗੀਤ ਦੇ ਉਸ ਦੌਰ ਨੂੰ ਸੰਭਾਲਿਆ, ਜਿਸ ਬਾਰੇ ਅੱਜ ਦੀ ਨਵੀਂ ਪਨੀਰੀ ਅਣਜਾਨ ਹੈ। 70 ' ਸਾਲਾਂ ਦੀ ਉਮਰ 'ਚ ਸੰਖੇਪ ਬਿਮਾਰੀ ਪਿੱਛੋਂ 27 ਫਰਵਰੀ 2026 ਨੂੰ ਉਹ ਸੰਸਾਰ ਨੂੰ ਅਲਵਿਦਾ ਕਹਿ ਗਏ। ਬੇਸ਼ੱਕ ਲਾਲੀ ਅੱਜ ਸਾਡੇ ਵਿਚਕਾਰ ਨਹੀਂ ਹੈ ਪਰ ਸੰਗੀਤ ਦੇ ਬਦਲੇ ਦੌਰ. ਨੂੰ ਸੰਭਾਲਣ ਦਾ ਉੱਦਮ ਕਰਦਿਆਂ ਉਸ ਨੇ ਇਕ ਵਿਸ਼ਾਲ ਸੰਗੀਤਕ 'ਲਾਇਬ੍ਰੇਰੀ ਦਾ ਨਿਰਮਾਣ ਕੀਤਾ, ਜਿਸ ਵਿਚ ਬੀਤੇ ਦੌਰ ਦੇ ਪੰਜਾਬੀ, ਹਿੰਦੀ ਤੇ ਹੋਰ ਭਾਸ਼ਾਵਾਂ ਦੇ ਵੱਖ-ਵੱਖ ਨਾਮਵਰ ਕਲਾਕਾਰਾਂ ਵੱਲੋਂ ਗਾਏ ਗੀਤ, ਸ਼ਬਦ, ਕੱਵਾਲੀਆਂ, ਢਾਡੀ ਵਾਰਾਂ ਦੇ ਰਿਕਾਰਡ ਤਵਿਆਂ ਦੀਆਂ ਵੱਖ-ਵੱਖ ਵੰਨਗੀਆਂ ਪੱਥਰ, ਲਾਖ ਤੇ ਪਲਾਸਟਿਕ ਦੇ ਰਿਕਾਰਡ ਤਵਿਆਂ ਸਮੇਤ ਪੁਰਾਣੇ ਰੇਡੀਓ, ਗ੍ਰਾਮੋਫੋਨ ਤੇ ਦੁਰਲੱਭ ਸਪੀਕਰ ਸੰਭਾਲੇ, ਜਿਨ੍ਹਾਂ ਵਿਚ ਪ੍ਰਕਾਸ਼ ਕੌਰ, ਸੁਰਿੰਦਰ ਕੌਰ, ਸ਼ਮਸ਼ਾਦ ਬੇਗ਼ਮ, ਮੁਹੰਮਦ ਰਫ਼ੀ, ਕੇਐੱਲ ਸਹਿਗਲ, ਅਮਰ ਸਿੰਘ ਸ਼ੌਂਕੀ, ਚਾਂਦੀ ਰਾਮ ਚਾਂਦੀ, ਆਸਾ ਸਿੰਘ ਮਸਤਾਨਾ,ਲਾਲ ਚੰਦ ਜਮਲਾ ਜੱਟ ਆਦਿ ਤੋਂ ਇਲਾਵਾ ਮਹਾਤਮਾ ਗਾਂਧੀ, ਪੰਡਿਤ ਜਵਾਹਰ ਲਾਲ ਨਹਿਰੂ, ਲਾਲ ਬਹਾਦਰ ਸ਼ਾਸਤਰੀ, ਡਾਕਟਰ ਰਜਿੰਦਰ ਪ੍ਰਸਾਦ, ਡਾਕਟਰ ਰਾਧਾ ਕ੍ਰਿਸ਼ਨ, ਡਾਕਟਰ ਜ਼ਾਕਿਰ ਹੁਸੈਨ, ਸੁਭਾਸ਼ ਚੰਦਰ ਬੋਸ, ਰਵਿੰਦਰ ਨਾਥ ਟੈਗੋਰ, ਇਬਰਾਹਿਮ ਲਿੰਕਨ, ਹਿਲਟਰ ਦੇ ਭਾਸ਼ਣ ਵੀ ਮੌਜੂਦ ਹਨ। ਇੰਨਾ ਹੀ ਨਹੀਂ ਉਨ੍ਹਾਂ ਸ਼ਿਵ ਕੁਮਾਰ ਬਟਾਲਵੀ, ਅੰਮ੍ਰਿਤਾ ਪ੍ਰੀਤਮ, ਸੰਤ ਰਾਮ ਉਦਾਸੀ ਆਦਿ ਦੀਆਂ ਆਵਾਜ਼ਾਂ ਨੂੰ ਵੀ ਸੰਭਾਲਿਆ। ਉਸ ਦਾ ਮੰਤਵ ਆਪਣੀ ਸੰਗੀਤਕ ਪੂਰਤੀ ਦੇ ਨਾਲ-ਨਾਲ ਅਜੋਕੀ ਪੀੜ੍ਹੀ ਨੂੰ - ਪੁਰਾਣੇ ਗੀਤਾਂ ਤੇ ਨਾਮਵਰ ਕਲਾਕਾਰਾਂ ਬਾਰੇ ਜਾਣੂ ਕਰਵਾਉਣਾ ਸੀ।



### ਪਿਤਾ ਦੀ ਯਾਦ 'ਚ ਬਣਾਈ ਲਾਇਬ੍ਰੇਰੀ

ਅਕਸਰ ਵੇਖਦੇ ਹਾਂ ਕਿ ਪੁਸਤਕਾਂ ਦੀਆਂ ਲਾਇਬ੍ਰੇਰੀਆਂ ਤਾਂ ਹਰੇਕ ਪਿੰਡ, ਸ਼ਹਿਰ, ਕਾਲਜ, ਯੂਨੀਵਰਸਿਟੀਆਂ ਵਿਚ ਹੁੰਦੀਆਂ ਹਨ ਪਰ ਰੂਹ ਨੂੰ ਸਕੂਨ ਦੇਣ ਵਾਲੀਆਂ ਸੰਗੀਤਕ ਲਾਇਬ੍ਰੇਰੀਆਂ ਕਿਤੇ ਵੀ ਨਹੀਂ ਮਿਲਦੀਆਂ। ਗੁਰਮੁੱਖ ਸਿੰਘ ਲਾਲੀ ਨੇ ਆਪਣੇ ਮਰਹੂਮ ਪਿਤਾ ਦੀ ਯਾਦ ਵਿਚ ਬਣਾਈ ਇਸ ਜਥੇਦਾਰ ਪ੍ਰਗਟ ਸਿੰਘ ਪੰਜਾਬੀ ਸੰਗੀਤਕ ਲਾਇਬ੍ਰੇਰੀ ਵਿਚ ਪੱਚੀ ਹਜ਼ਾਰ ਤੋਂ ਵੱਧ ਰਿਕਾਰਡ, ਤਵੇ, ਦਰਜਨਾਂ ਗ੍ਰਾਮੋਫੋਨ ਮਸ਼ੀਨਾਂ, ਰਿਕਾਰਡ ਪਲੇਅਰ, ਵੱਖ-ਵੱਖ ਦੇਸ਼ਾਂ ਦੇ ਬਣੇ ਮਹਿੰਗੇ ਰੇਡੀਓ ਸੈੱਟ ਅਤੇ ਸੰਗੀਤ ਜਗਤ ਦੀਆਂ ਵੱਡਮੁੱਲੀਆਂ ਦੁਰਲੱਭ ਚੀਜ਼ਾਂ ਸੰਭਾਲ ਕੇ ਰੱਖੀਆਂ।

ਪ੍ਰਚਲਤ ਗਾਇਕਾਂ ਤੋਂ ਇਲਾਵਾ ਇਸ ਲਾਇਬ੍ਰੇਰੀ ਵਿਚ ਉਹ ਗਾਇਕਾਂ ਦੇ ਗੀਤ ਵੀ ਹਨ, ਜੋ ਵੰਡ ਤੋਂ ਕਿਤੇ ਪਹਿਲਾਂ ਦੇ ਹਨ। ਪਾਕਿਸਤਾਨ ਦੇ ਮੁੱਢਲੇ ਗਵੱਈਏ, ਢਾਡੀ, ਗ਼ਜ਼ਲਗੋ ਦੀਆਂ ਦੁਰਲੱਭ ਰਿਕਾਰਡਿੰਗਾਂ ਇਸ ਲਾਇਬ੍ਰੇਰੀ 'ਚ ਸੁਣੀਆਂ ਜਾ ਸਕਦੀਆਂ ਹਨ।

### 1977 ਵਿਚ ਕੀਤੀ ਸੀ ਸ਼ੁਰੂਆਤ

ਲਾਲੀ ਨੇ ਆਪਣੇ ਸੰਗੀਤ ਭੰਡਾਰ ਦੀ ਸ਼ੁਰੂਆਤ 1977 ਵਿਚ ਕੀਤੀ। ਪਹਿਲਾਂ ਪਹਿਲ ਉਸ ਨੇ ਕੈਸੇਟਾਂ ਇਕੱਤਰ ਕੀਤੀਆਂ, ਜੋ, ਹਿੰਦੀ ਤੇ ਪੰਜਾਬੀ ਵਿਚ ਸਨ। ਬਾਅਦ ਵਿਚ ਉਸ ਨੇ ਰਿਕਾਰਡ ਪਲੇਅਰ ਤੇ ਰਿਕਾਰਡ ਇਕੱਠੇ ਕਰਨੇ ਸ਼ੁਰੂ ਕੀਤੇ। ਨਿੱਤ ਨਵੇਂ ਤਵਿਆਂ ਦੀ ਚੇਟਕ ਉਸ ਨੂੰ ਹਰੇਕ " ਛੋਟੀ ਵੱਡੀ ਦੁਕਾਨ ਤੱਕ ਲੈ ਗਈ। ਹੌਲੀ-ਹੌਲੀ ਇਹ ਸਿਲਸਿਲਾ ਵੱਧਦਾ ਗਿਆ ਤਾਂ ਘਰੋਂ ਲਾਲੀ ਦੇ ਇਸ ਸ਼ੌਕ ਨੂੰ ਝਿੜਕਾਂ ਪੈਣ ਲੱਗੀਆਂ। ਫਿਰ ਜਦ ਉਸ ਦੀ ਨੌਕਰੀ ਲੱਗੀ ਤਾਂ ਉਸਨੇ ਕਿਸੇ ਦੀ ਪਰਵਾਹ ਨਾ ਕੀਤੀ ਉਹ ਆਪਣੇ ਇਸ ਸ਼ੌਕ ਦੀ ਪੂਰਤੀ ਲਈ ਦੂਰ-ਦੁਰਾਡੇ ਜਾਣ ਲੱਗਿਆ। ਉਸ ਦੀ ਇਹ ਹਾਲਾਤ ਵੇਖ ਬਹੁਤੇ ਲੋਕਾਂ ਨੇ ਘਰ ਫੂਕ ਤਮਾਸ਼ਾ ਵੇਖਣਾ ਕਿਹਾ ਕਿਉਂਕਿ ਉਹ ਆਪਣੀ, ਅੱਧੀ ਤੋਂ ਵੱਧ ਤਨਖ਼ਾਹ ਇਸ ਸ਼ੌਕ ਵਿਚ ਹੀ ਖ਼ਰਚ ਦਿੰਦਾ ਸੀ ਪਰ ਅੱਜ ਉਸ ਦੀ ਵਿਸ਼ਾਲ ਲਾਈਬ੍ਰੇਰੀ ਵਿਚ ਪਏ ਪੁਰਾਣੇ ਸੰਗੀਤ ਦੇ ਮਾਸਟਰਪੀਸ ਤਵੇ ਹੀ ਉਸ ਦੀ ਉਮਰ ਭਰ ਦੀ ਕਮਾਈ ਹਨ। ਉਸ ਕੋਲ 1902 ਤੋਂ ਲੈ ਕੇ ਹੁਣ ਤੱਕ ਦੇ ਤਕਰੀਬਨ ਸਾਰੇ ਹੀ ਗਾਇਕਾਂ ਦੇ ਰਿਕਾਰਡ ਹਨ, ਜੋ ਸਰੋਤਿਆਂ ਤੇ ਸਮਾਜ ਨੂੰ ਕੋਈ ਸੇਧ ਦੇਣ ਵਾਲੀਆਂ ਗੱਲਾਂ ਕਹਿੰਦੇ ਹਨ। ਭਾਈ ਸ਼ੈਲਾ ਜੀ, ਰਿਪਦੁਮਨ ਸ਼ੈਲੀ, ਜ਼ੀਨਤ ਬੇਗ਼ਮ, ਭਾਈ ਆਗਾ ਫ਼ੈਜ਼, ਭਾਈਂ ਕੱਲੂ ਜੀ, ਭਾਈ ਲੱਭੂ, ਢਾਡੀ ਇਮਾਨਦੀਨ ਵਰਗੇ ਅਨੇਕਾਂ ਪੁਰਾਣੇ ਗਾਇਕਾਂ ਦੇ ਰਿਕਾਰਡ ਤਵੇ ਉਸ ਦੀ ਲਾਇਬ੍ਰੇਰੀ ਵਿਚ ਸੰਭਾਲੇ ਹੋਏ ਹਨ। ਇਹ ਗੀਤ ਉਸ ਦੀ ਮੁੱਢਲੀ ਖੋਜ ਹਨ। ਇਸ ਤੋਂ ਇਲਾਵਾ ਪਹਿਲੀ ਕਲੀ ਗਾਉਣ ਵਾਲੇ ਅੱਲਾ ਦੱਤਾ ਪਾਰਟੀ ਦੀ ਸੌ ਸਾਲ ਪੁਰਾਣੀ ਕਲੀ ਦਾ ਰਿਕਾਰਡ ਵੀ ਲਾਲੀ ਕੋਲ ਸੰਭਾਲਿਆ ਪਿਆ ਹੈ। ਸਭ ਤੋਂ ਪਹਿਲਾਂ ਰਿਕਾਰਡ ਹੋਇਆ ਸਿਲੰਡਰ ਰਿਕਾਰਡ ਵੀ ਹੈ, ਜੋ ਇਕ ਵੱਖਰੀ ਤਰ੍ਹਾਂ ਦੀ ਮਸ਼ੀਨ 'ਤੇ ਚੱਲਦਾ ਹੈ। ਇਸ ਲਾਇਬ੍ਰੇਰੀ ਤੋਂ ਜਾਣਕਾਰੀ ਲੈ ਕੇ ਅਨੇਕਵਿਦਿਆਰਥੀ ਪੀਐੱਚਡੀ ਵਰਗੀਆਂ ਡਿਗਰੀਆਂ ਹਾਸਲ ਕਰ ਚੁੱਕੇ ਹਨ ਅਤੇ ਹੋਰ ਸੰਗੀਤਕ ਖੋਜਾਂ ਕਰਨ ਵਾਲੇ ਉਸ ਕੋਲ ਆਉਂਦੇ-ਜਾਂਦੇ ਰਹਿੰਦੇ ਸਨ।



### ਵਿਲੱਖਣ ਕਾਰਜ 'ਤੇ ਮਿਲੇ ਮਾਣ-ਸਨਮਾਨ

ਗੁਰਮੁੱਖ ਸਿੰਘ ਲਾਲੀ ਬਹੁਤ ਹੀ ਮਿਲਾਪੜੇ ਸੁਭਾਅ ਦਾ ਸਾਫ਼ ਦਿਲ ਬੰਦਾ ਸੀ, ਇਹੋ ਕਾਰਨ ਸੀ ਕਿ ਉਸਦੇ ਦੋਸਤਾਂ-ਮਿੱਤਰਾਂ ਦਾ ਘੇਰਾ ਕਾਫ਼ੀ ਵਿਸ਼ਾਲ ਸੀ। ਸੰਗੀਤ ਪ੍ਰੇਮੀ, ਸਿਆਸੀ, ਸਰਕਾਰੀ, ਗ਼ੈਰ-ਸਰਕਾਰੀ ਪੰਚ-ਸਰਪੰਚ ਆਦਿ ਹਰ ਵਰਗ ਦੇ ਛੋਟੇ-ਵੱਡੇ ਲੋਕਾਂ. ਨਾਲ ਉਸ ਦੀ ਉੱਠਣੀ-ਬੈਠਣੀ ਸੀ। ਆਪਣੇ ਪਿਤਾ ਵਾਂਗ ਲਾਲੀ ਵੀ ਸੰਗੀਤ ਪ੍ਰੇਮੀ ਹੋਣ ਦੇ ਨਾਲ-ਨਾਲ ਲੋਕ ਭਲਾਈ ਦੇ ਕੰਮਾਂ 'ਚ ਵੀ ਮੂਹਰੇ ਹੋ ਕੇ ਤੁਰਨ ਵਾਲਾ ਬੰਦਾ ਸੀ। ਪੰਜਾਬੀ ਸੰਗੀਤ, ਸੱਭਿਆਚਾਰ ਤੇ ਵਿਰਾਸਤੀ ਵੰਨਗੀਆਂ ਨੂੰ ਬਚਾਉਣ ਦਾ ਜਿਹੜਾ ਕੰਮ ਸਰਕਾਰਾਂ ਨਾ ਕਰ ਸਕੀਆਂ ਉਹ ਇਸ ਜਨੂੰਨੀ ਸ਼ਖ਼ਸ ਗੁਰਮੁੱਖ ਸਿੰਘ ਲਾਲੀ ਨੇ ਕਰ ਵਿਖਾਇਆ। ਆਪਣੇ ਇਨ੍ਹਾਂ ਵਿਲੱਖਣ ਕਾਰਜਾਂ ਸਦਕਾ ਉਸ ਨੇ ਆਪਣਾ ਨਾਂ ਲਿਮਕਾ ਬੁੱਕ ਆਫ ਰਿਕਾਰਡ, ਇੰਡੀਆ ਬੁੱਕ ਆਫ ਰਿਕਾਰਡ 'ਚ ਦਰਜ ਕਰਾਇਆ। ਇਸ ਤੋਂ ਇਲਾਵਾ ਵੱਖ-ਵੱਖ ਸੰਸਥਾਵਾਂ ਦੇ ਸਨਮਾਨਾਂ ਤੋਂ ਇਲਾਵਾ ਇਸ ਵਿਰਾਸਤੀ ਸੰਗੀਤ ਸੰਭਾਲ ਕਾਰਜ ਬਦਲੇ ਸਟੇਟ ਐਵਾਰਡ ਵੀ ਮਿਲਿਆ ਸੀ। ਸੱਭਿਆਚਾਰਕ ਮੰਤਰਾਲੇ ਦੀ ਕੇਂਦਰੀ ਮੰਤਰੀ ਸੁਸ਼ਮਾ ਸਵਰਾਜ ਹੱਥੋਂ ਉਨ੍ਹਾਂ ਦਾ ਐੱਮਐੱਸ ਰੰਧਾਵਾ ਯਾਦਗਾਰੀ ਸਨਮਾਨ ਹੋਇਆ। 'ਲਾਲੀ ਦਾ ਇਹ ਪਹਿਲਾ ਸਰਕਾਰੀ ਸਨਮਾਨ ਸੀ। ਵੱਖ-ਵੱਖ ਚੈਨਲਾਂ ਤੇ' ਉਸ ਦੇ ਸੰਗੀਤਕ ਪ੍ਰੋਗਰਾਮ 'ਲਹਿਰਾ ਲਾਲੀ ਦੀਆਂ' ਅਤੇ 'ਵਾਵਰੋਲਾ' ਨਾਲ ਦੇਸ਼-ਵਿਦੇਸ਼ ਤੋਂ ਲੱਖਾਂ ਸਰੋਤੇ ਜੁੜੇ ਹੋਏ ਸਨ। ਲਾਲੀ ਵਲੋਂ ਸੰਗੀਤ ਖੇਤਰ ਵਿਚ ਪਾਈਆਂ ਅਮਿਟ ਪੈੜ੍ਹਾਂ ਨੂੰ ਕਦੇ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਜਦੋਂ ਪੰਜਾਬ ਕਲਾ ਪ੍ਰੀਸ਼ਦ ਦੀ ਵਾਗਡੋਰ ਸੁਰਜੀਤ ਪਾਤਰ ਅਤੇ ਲਖਵਿੰਦਰ ਜੌਹਲ ਦੇ ਹੱਥਾਂ ਵਿੱਚ ਸੀ ਉਦੋਂ ਉਸ ਨੂੰ ਮਾਤ-ਭਾਸ਼ਾ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ।


### ਨਿੱਕੀ ਉਮਰੇ ਪੈ ਗਿਆ ਸੀ ਸੰਗੀਤ ਨਾਲ ਮੋਹ

ਬਰਨਾਲਾ ਨੇੜਲੇ ਪਿੰਡ ਸ਼ੇਰ ਸਿੰਘਪੁਰਾ (ਨਾਈਵਾਲਾ) ਵਿਖੇ ਪਿਤਾ ਜਥੇਦਾਰ ਪ੍ਰਗਟ ਸਿੰਘ ਦੇ ਘਰ ਜਨਮੇ ਗੁਰਮੁੱਖ ਸਿੰਘ ਲਾਲੀ ਨੂੰ ਸੰਗੀਤ ਨਾਲ ਮੋਹ ਨਿੱਕੀ ਉਮਰੇ ਹੀ ਪਿਆ। ਉਸ ਦੇ ਪਿਤਾ ਜੀ ਸਿਆਸੀ ਬੰਦੇ ਸੀ। ਉਹ ਅਖ਼ਬਾਰਾਂ ਦੇ ਨਾਲ-ਨਾਲ ਰੇਡੀਓ ਤੋਂ ਖ਼ਬਰਾਂ ਸੁਣਦੇ ਰਹਿੰਦੇ ਸੀ। ਇਸੇ ਰੇਡੀਓ ਤੋਂ ਲਾਲੀ ਨੂੰ ਗੀਤ ਸੁਣਨ ਦਾ ਭੁਸ ਪੈ ਗਿਆ। ਜਵਾਨੀ ਉਮਰੇ ਲਾਲੀ ਨੂੰ ਗੀਤਾਂ ਦੀਆਂ ਕੈਸਟਾਂ ਲਿਆ ਕੇ ਟੇਪ ਰਿਕਾਰਡ 'ਚ ਸੁਣਨਾ ਚੰਗਾ ਲੱਗਦਾ ਸੀ। ਉਸਨੇ ਨਵੇਂ ਪੁਰਾਣੇ ਗਾਇਕਾਂ ਦੀਆਂ ਅਨੇਕ ਕੈਸੇਟਾਂ ਲਿਆਂਦੀਆਂ ਪਰ ਕੁਝ ਸਮੇਂ ਬਾਅਦ ਇਸਦਾ ਫੀਤਾ ਖ਼ਰਾਬ ਹੋ ਜਾਂਦਾ ਅਤੇ ਉਸ ਨੂੰ ਮੁੜ ਰਿਕਾਰਡ ਕਰਾਉਣਾ ਪੈਂਦਾ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਜੂਨ 2026 ਹੈ।*
*-ਸੰਪਾਦਕ*

### ਕੈਪਸ਼ਨ ਮੁਕਾਬਲਾ-744



*ਚਾਰੇ ਪਾਸੇ ਬੱਦਲਵਾਈ ਰਿੰਮ ਝਿੰਮ ਰਿੰਮ ਝਿੰਮ ਬਰਸਾਉਣ ਲੱਗੀ,*
*ਚੜ੍ਹ ਪੱਛੋਂ ਤੋਂ ਘਟਾ ਹੈ ਛਾਈ ਛੱਲੀਆਂ ਨੂੰ ਰੂਹ ਲਲਚਾਉਣ ਲੱਗੀ।*
*ਗੱਡੀ ਚੁੱਕ ਸਟੋਰ ਨੂੰ ਭੱਜ ਪਏ ਸਰਪਟ ਸੜਕ 'ਤੇ ਦੁੜਾਉਣ ਲੱਗੀ,*
*ਕੱਚੇ ਦੋਧੇ ਮਿੱਠੀਆਂ ਮਿੱਠੀਆਂ ਤੇ ਬਾਰ-ਬ-ਕਿਊ ਕਰਵਾਉਣ ਲੱਗੀ।*

### ਕੈਪਸ਼ਨ ਮੁਕਾਬਲਾ-742



ਨਾਲ਼ ਸਬੱਬੀਂ ਜੁੜੀਆਂ ਕੁੜੀਆਂ,
ਬੈਠੀਆਂ ਤ੍ਰਿੰਞਣ ਵਿਚ ਆਣ,
ਚੱਲਦਾ ਚਰਖਾ ਕੱਢਣ ਕਸੀਦਾ,
ਗੀਤ ਸੱਜਣਾਂ ਦੇ ਨਾਲ਼ੇ ਗਾਣ।
ਜ਼ਿੰਦਗੀ ਦੀਆਂ ਘੁੰਡੀਆਂ ਫਿਰ,
ਧੀਆਂ ਦੇ ਖ਼ਾਨੀਂ ਮਾਵਾਂ ਪਾਣ,
ਹਰ ਰਿਸ਼ਤੇ ਦੀ ਆਪਣੀ ਜਗ੍ਹਾ,
ਨੀਂ ਧੀਏ ਰੱਖੀਂ ਸਭ ਦਾ ਮਾਣ।
***-ਸੇਵਾ ਸਿੰਘ 'ਨੂਰਪੁਰੀ'***

---

ਵੇ ਤੇਰਾ ਨਾਂ ਲੈ ਕੇ
ਮੈਂ ਇਕ ਇਕ ਟਾਂਕਾ ਪਾਵਾਂ।
ਹੰਝੂਆਂ ਦੇ ਮੋਤੀਆਂ 'ਚੋਂ
ਸਾਹਾਂ ਦੀ ਡੋਰ ਲੰਘਾਵਾਂ।
ਘੁੱਗੀਆਂ ਕੱਢਾਂ ਜੋ
ਪੁੱਛਣ ਤੇਰਾ ਸਿਰਨਾਵਾਂ।
ਹਾੜਾ ਪਾ ਫੇਰਾ, ਚਾਵਾਂ ਦੀ ਸੇਜ ਵਿਛਾਵਾਂ।
ਪ੍ਰੀਤਮ ਮੇਰਿਆ ਵੇ
ਖੰਭ ਵਿਕਣ ਲੈ ਤਨੀਂ ਜੜਾਵਾਂ।
ਡੁੱਲ੍ਹ ਡੁੱਲ੍ਹ ਜੀਅ ਪੈਂਦਾ
ਤੇਰੇ ਉੱਡਕੇ ਕੋਲ ਮੈਂ ਆਵਾਂ।
ਜੋਬਨ ਸਿਖਰਾਂ 'ਤੇ
ਮਤਾਂ ਮੋਮ ਵਾਂਗ ਢਲ ਜਾਵਾਂ।
ਛੇਤੀ ਮੁੜ ਅੜਿਆ
ਸੁੱਖਾਂ ਸੁੱਖਦੀ ਸੁਕਦੀ ਜਾਵਾਂ।
ਫ਼ਿਕਰ ਫਿਰਾਕ ਸੰਦਾ
ਜਿੰਦ ਨੂੰ ਲੰਮੀਆਂ ਸਜ਼ਾਵਾਂ।
ਕੀਕਣ ਭੁਗਤੇਗੀ, ਹੱਠ ਕੀਤਾ ਈ ਸਾਹਵਾਂ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਵਿਚ ਫਰੇਮ ਦੇ ਕਸ ਕੇ ਚਾਦਰ
ਪੂਰੀ ਰੀਝ ਲਗਾਈ ਜਾਵੇ।
ਰੰਗ ਬਰੰਗੇ ਪਰੋ ਕੇ ਧਾਗੇ
ਟਹਿਣੀ ਉੱਪਰ ਫੁੱਲ ਲਗਾਵੇ।
ਵਿਚ ਖਿਆਲਾਂ ਦੇ ਡੁੱਬੀ ਹੋਈ
ਮਨ ਵਿਚ ਲੱਖਾਂ ਸੁਪਨ ਸਜਾਵੇ।
ਫਿਕਰ-ਖੁਸ਼ੀ ਦਾ ਅਜ਼ਬ ਰਲੇਵਾਂ
ਚਿਹਰੇ ਉੱਪਰੋਂ ਨਜ਼ਰੀਂ ਆਵੇ।
***-ਜਗਮੀਤ ਸਿੰਘ ਪੰਧੇਰ***
***ਫੋਨ+1 825-760-7222***

---

ਕੱਢਦੀ ਕਸੀਦਾ ਸੋਹਣੀ
ਲੈ ਕੇ ਦਿਲ 'ਚ ਉਮੰਗਾਂ
ਨਾਲੇ ਦਾਜ ਨਾਲੇ ਪਿਆਰ ਦੀ ਨਿਸ਼ਾਨੀ
ਯਾਦ ਢੋਲੇ ਨੂੰ ਕਰਦੀ
ਅੰਦਰੋਂ ਅੰਦਰੀ ਸੰਗਦੀ।
***-ਦਰਸ਼ਨ ਪਾਲ ਦੋਸਾਂਝ***

# ਸਰਾਭੇ ਦੀ 'ਜਰਨੈਲੀ' ਪ੍ਰਤਿਭਾ

## ਜਨਮ ਦਿਨ 'ਤੇ ਯਾਦ ਕਰਦਿਆਂ



**ਵਰਿਆਮ ਸਿੰਘ ਸੰਧੂ**
ਫੋਨ: 647-535-1539
ਵਟਸਐਪ-98726-02296

ਕਰਤਾਰ ਸਿੰਘ ਸਰਾਭਾ ਅਜਿਹੀ ਲਾਸਾਨੀ ਤੇ ਮਿਕਨਾਤੀਸੀ ਸ਼ਖ਼ਸੀਅਤ ਦਾ ਮਾਲਕ ਸੀ ਕਿ ਉਸ ਵੱਲੋਂ ਦਿੱਤੇ ਕਿਸੇ ਸੁਝਾਓ ਜਾਂ ਰਾਇ ਨੂੰ ਦੂਜੇ ਸਾਥੀਆਂ ਵੱਲੋਂ ਅਣਗੌਲਾ ਕਰਨਾ ਜਾਂ ਅੱਖੋਂ ਓਹਲੇ ਕਰ ਸਕਣਾ ਮੁਸ਼ਕਲ ਸੀ। ਉਹ ਇਹ ਜਾਣਦੇ ਸਨ ਕਿ ਜੋ ਕੁਝ ਸਰਾਭਾ ਆਖ ਰਿਹਾ ਹੈ ਜਾਂ ਜਿਹੜੀ ਮੁਹਿੰਮ ਆਰੰਭਣ ਲਈ ਪ੍ਰੇਰਨਾ ਦੇ ਰਿਹਾ ਹੈ, ਉਹ ਖ਼ੁਦ ਵੀ ਇਸਦੀ ਪੂਰਤੀ ਲਈ ਸਭ ਤੋਂ ਅੱਗੇ ਹੋ ਕੇ ਸਿਰ-ਧੜ ਦੀ ਬਾਜ਼ੀ ਲਾਉਣੋਂ ਹਿਚਕਚਾਏਗਾ ਨਹੀਂ। ਆਪਣੇ ਏਸੇ ਗੁਣ ਕਰ ਕੇ ਉਹ ਆਪਣੀ ਛੋਟੀ ਉਮਰ ਦੇ ਬਾਵਜੂਦ, ਪਾਰਟੀ ਸਫ਼ਾਂ ਵਿਚ ਸਮਰੱਥ ਆਗੂ ਬਣ ਕੇ ਪ੍ਰਗਟ ਹੋਇਆ। ਭਾਰਤ ਆ ਕੇ ਤਾਂ, ਜਦੋਂ ਪਾਰਟੀ ਦੇ ਸੀਨੀਅਰ ਆਗੂ ਗ੍ਰਿਫ਼ਤਾਰ ਹੋ ਚੁੱਕੇ ਸਨ, ਇਕ ਤਰ੍ਹਾਂ ਨਾਲ ਉਹਨੇ ਪਾਰਟੀ ਦੀ ਅਣ-ਐਲਾਨੀ ਕਮਾਨ ਸੰਭਾਲ ਲਈ ਸੀ। ਉਹਦੇ ਕਾਰਨਾਮਿਆਂ ਵੱਲ ਧਿਆਨ ਧਰਦੇ ਹਾਂ ਤਾਂ ਸਚਮੁੱਚ ਉਹ ਪਾਰਟੀ ਦਾ 'ਜਰਨੈਲ' ਨਜ਼ਰ ਆਉਣ ਲੱਗਦਾ ਹੈ। ਉਹ ਅਜਿਹਾ 'ਜਰਨੈਲ' ਸੀ ਜਿਸਨੂੰ ਕਿਸੇ ਨੇ 'ਜਰਨੈਲ' ਥਾਪਿਆ ਨਹੀਂ ਸੀ ਸਗੋਂ ਜਿਸਦੀ ਕੁਰਬਾਨੀ, ਦ੍ਰਿੜ੍ਹਤਾ, ਸਿਆਣਪ ਅਤੇ ਹਰ ਖੇਤਰ ਵਿਚ ਕੰਮ ਕਰ ਸਕਣ ਦੀ ਅਥਾਹ ਬਹੁਪੱਖੀ ਸਮਰੱਥਾ ਸਦਕਾ ਇਤਿਹਾਸ ਨੇ ਹੀ ਉਸਨੂੰ ਪਾਰਟੀ ਦਾ 'ਜਰਨੈਲ' ਬਣਾ ਦਿੱਤਾ। ਉਂਜ ਉਸਦੇ ਯੁੱਧ-ਸਾਥੀ ਉਹਦੀ ਅਜਿਹੀ 'ਜਰਨੈਲੀ ਪ੍ਰਤਿਭਾ' ਦੀ ਥਾਂ-ਥਾਂ ਹਾਮੀ ਭਰਦੇ ਤੇ ਵਡਿਆਈ ਕਰਦੇ ਹਨ।

ਬਾਬਾ ਸੋਹਨ ਸਿੰਘ ਭਕਨਾ ਤਾਂ ਉਸਨੂੰ ਸਦਾ 'ਮੇਰਾ ਜਰਨੈਲ' ਕਹਿ ਕੇ ਯਾਦ ਕਰਦੇ ਸਨ। ਨਿਰਸੰਦੇਹ ਉਹ ਅਜਿਹਾ ਕਿਸੇ ਭਾਵੁਕ ਆਵੇਸ਼ ਅਧੀਨ ਨਹੀਂ ਸਨ ਆਖਦੇ, ਸਗੋਂ ਸਰਾਭੇ ਦੇ 'ਜਰਨੈਲੀ ਗੁਣਾਂ' ਦੀ ਵਡਿਆਈ ਹੀ ਬਾਬਾ ਜੀ ਨੂੰ ਇਹ ਵਿਸ਼ੇਸ਼ਣ ਦੇਣ ਲਈ ਹੁਲਾਰਦੀ ਸੀ। ਬਾਬਾ ਜੀ ਲਿਖਦੇ ਹਨ, 'ਉਸ ਵਿਚ ਪੂਰਨ ਇਨਸਾਨੀ ਸਿਫ਼ਤਾਂ ਸਨ। ਮੈਂ ਖ਼ਿਆਲ ਕਰਦਾ ਹਾਂ ਕਿ ਦੁਨੀਆਂ ਦੇ ਇਤਿਹਾਸ ਵਿਚ ਏਨੀਂ ਛੋਟੀ ਉਮਰ (19 ਸਾਲ) ਵਿਚ ਸ਼ਾਇਦ ਹੀ ਕੋਈ ਜਰਨੈਲ ਮਿਲੇ ਜੋ ਕਰਤਾਰ ਸਿੰਘ ਦਾ ਸਾਨੀ ਹੋਵੇ।'

ਬਾਬਾ ਜੀ ਤਾਂ ਇਹ ਵੀ ਆਖਦੇ ਹਨ ਕਿ ਅਮਰੀਕਾ ਵਿਚ ਲਾਲਾ ਹਰਦਿਆਲ ਨੂੰ ਗ਼ਦਰ ਲਹਿਰ ਨਾਲ ਜੋੜਨ ਵਿਚ ਵੀ ਸਰਾਭੇ ਦਾ ਹੀ ਯੋਗਦਾਨ ਸੀ। ਉਨ੍ਹਾਂ ਦਾ ਕਥਨ ਹੈ, 'ਸੱਚ ਤਾਂ ਇਹ ਹੈ ਕਿ ਲਾਲਾ ਹਰਦਿਆਲ ਨੂੰ ਇਨਕਲਾਬ ਦੇ ਰਸਤੇ ਉਤੇ ਲਾਉਣ ਵਾਲਾ ਕਰਤਾਰ ਸਿੰਘ ਹੀ ਸੀ। ਉਹ ਹੀ ਹਰਦਿਆਲ ਨੂੰ ਇਸ ਕੰਮ ਵੱਲ ਲਿਆਇਆ ਸੀ ਅਤੇ ਆਪਣੇ ਨਾਲ ਲਾਇਆ ਸੀ।'

ਜੇ ਇਹ ਗੱਲ ਠੀਕ ਹੈ, ਤੇ ਜੇ ਬਾਬਾ ਭਕਨਾ ਇਹ ਤੱਥ ਪੁਸ਼ਟ ਕਰ ਰਹੇ ਹਨ ਤਾਂ ਇਸ ਵਿਚ ਸ਼ੱਕ ਦੀ ਗੁੰਜਾਇਸ਼ ਰਹਿ ਹੀ ਨਹੀਂ ਜਾਂਦੀ। ਇਹ ਵੀ ਸਾਫ਼ ਜ਼ਾਹਿਰ ਹੋ ਜਾਂਦਾ ਹੈ ਕਿ ਗ਼ਦਰ ਪਾਰਟੀ ਦੀ ਸਥਾਪਨਾ ਦੇ ਪਹਿਲੇ ਦਿਨਾਂ ਤੋਂ ਹੀ ਉਸ ਮੁੱਛ-ਫੁੱਟ ਗੱਭਰੂ ਨੇ ਆਪਣੀ ਆਗੂ-ਹੋਂਦ ਨੂੰ ਸਥਾਪਤ ਕਰ ਲਿਆ ਸੀ। ਬਾਬਾ ਜੀ ਦਾ ਹਵਾਲਾ ਇਹ ਸਾਬਤ ਕਰਦਾ ਹੈ ਕਿ ਕਰਤਾਰ ਸਿੰਘ ਲਾਲਾ ਜੀ ਨਾਲ ਕੰਮ ਕਰਨ ਲਈ ਨਹੀਂ ਲੱਗਾ ਸਗੋਂ ਉਹਨੇ ਲਾਲਾ ਜੀ ਨੂੰ ਆਪਣੇ ਨਾਲ ਰਲ ਕੇ ਕੰਮ ਕਰਨ ਲਈ ਲਾਇਆ ਸੀ। 'ਆਪਣੇ ਨਾਲ ਕੰਮ ਕਰਨ ਲਾਉਣ' ਤੋਂ ਭਾਵ ਏਥੇ 'ਗ਼ਦਰ' ਅਖ਼ਬਾਰ ਨੂੰ ਛਾਪਣ ਦੀ ਸ਼ੁਰੂਆਤ ਕਰਨ ਵਾਸਤੇ ਲਾਲਾ ਜੀ ਲਈ ਪ੍ਰੇਰਕ ਬਣਨ ਤੋਂ ਹੈ।

ਅਸੀਂ ਇਹ ਵੀ ਜਾਣਦੇ ਹਾਂ ਕਿ ਬਰਕਲੇ ਯੂਨੀਵਰਸਿਟੀ ਵਿਚ ਪੜ੍ਹਦੇ ਭਾਰਤੀ ਵਿਦਿਆਰਥੀਆਂ ਦੇ ਦੋ ਗੁਰੱਪਾਂ ਨੂੰ ਇਕੱਠੇ ਕਰ ਕੇ ਲਹਿਰ ਨਾਲ ਜੋੜਨ ਵਿਚ ਵੀ ਸਰਾਭੇ ਦਾ ਮੁੱਖ ਰੋਲ ਸੀ। ਲਾਲਾ ਹਰਦਿਆਲ ਨੇ ਲੈਕਚਰ ਦੇਣਾ ਹੁੰਦਾ ਤਾਂ ਸਰਾਭਾ ਹੀ ਵਿਦਿਆਰਥੀਆਂ ਦਾ ਇਕੱਠ ਕਰਨ ਵਿਚ ਮੁਹਰਲਾ ਰੋਲ ਅਦਾ ਕਰਦਾ। ਸਾਨਫ਼ਰਾਂਸਿਸਕੋ ਪਹੁੰਚ ਕੇ ਲਾਲਾ ਹਰਦਿਆਲ ਦੇ ਮਨ ਵਿਚ 'ਗ਼ਦਰ ਪਾਰਟੀ' ਬਨਾਉਣ ਦਾ ਜਿਹੜਾ ਖ਼ਿਆਲ ਉਗਮ ਰਿਹਾ ਸੀ, ਉਸ ਨੂੰ ਸਰ-ਅੰਜਾਮ ਦੇਣ ਲਈ ਉਹ ਜਿਨ੍ਹਾਂ ਲੋਕਾਂ ਨੂੰ ਮਹੱਤਵਪੂਰਨ ਸਮਝਦਾ ਤੇ ਜਿਨ੍ਹਾਂ ਦੀ ਰਾਇ ਲੈਣੀ ਮੁਨਾਸਬ ਸਮਝਦਾ ਸੀ, ਕਰਤਾਰ ਸਿੰਘ ਸਰਾਭਾ ਉਨ੍ਹਾਂ ਵਿਚੋਂ ਇੱਕ ਸੀ।

'ਹਰਨਾਮ ਸਿੰਘ ਕੋਟਲਾ ਦਾ ਕਥਨ ਹੈ ਕਿ, 'ਹਰਦਿਆਲ ਮੈਨੂੰ ਆਪ ਉਨ੍ਹਾਂ ਬੰਦਿਆਂ ਦੇ ਨਾਂ ਦੱਸਦਾ ਹੁੰਦਾ ਸੀ, ਜਿਨ੍ਹਾਂ ਨਾਲ ਉਹ ਪਾਰਟੀ ਬਣਾਉਣ ਲਈ ਗੱਲਬਾਤ ਕਰਦਾ ਹੁੰਦਾ ਸੀ, ਇਨ੍ਹਾਂ ਵਿਚ ਕੁਝ ਬੰਦਿਆਂ ਦੇ ਨਾਂ ਹਨ: ਠੱਠੀਆਂ (ਅੰਮ੍ਰਿਤਸਰ) ਦੇ ਜਵਾਲਾ ਸਿੰਘ, ਸੰਤ ਵੈਸਾਖਾ ਸਿੰਘ ਦਦੇਹਰ (ਅੰਮ੍ਰਿਤਸਰ), ਭਾਈ ਸੰਤੋਖ ਸਿੰਘ ਧਰਦੇਵ (ਅੰਮ੍ਰਿਤਸਰ), ਪੰਡਿਤ ਜਗਤ ਰਾਮ ਹਰਿਆਣਾ (ਹੁਸ਼ਿਆਰਪੁਰ), ਭਾਈ ਰੂੜ ਸਿੰਘ ਚੂਹੜਚੱਕ (ਫ਼ਿਰੋਜਪੁਰ), ਸ੍ਰੀ ਕਰਤਾਰ ਸਿੰਘ ਸਰਾਭਾ (ਲੁਧਿਆਣਾ), ਤੇ ਕੁਝ ਯੂਨੀਵਰਸਿਟੀ ਦੇ ਵਿਦਿਆਰਥੀ।'

ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿਚ ਤਾਂ ਕਰਤਾਰ ਸਿੰਘ ਸਰਾਭਾ ਵੀ ਸੀ ਪਰ ਹੋਰਨਾਂ ਵਿਦਿਆਰਥੀਆਂ ਤੋਂ ਅਲੱਗ ਕਰ ਕੇ ਦੂਸਰੇ ਵੱਡੇ ਆਗੂਆਂ ਵਿਚ ਇਕੱਲੇ ਸਰਾਭੇ ਦਾ ਜ਼ਿਕਰ ਕਰਨਾ ਦੱਸਦਾ ਹੈ ਕਿ ਉਹ ਵਿਦਿਆਰਥੀਆਂ ਵਿਚੋਂ ਤਾਂ ਸਿਰਕੱਢ ਆਗੂ ਹੈ ਹੀ ਸੀ ਸਗੋਂ ਉਸ ਵੇਲੇ ਲਹਿਰ ਨਾਲ ਸੰਬੰਧਤ ਵੱਡੇ ਨਾਵਾਂ ਵਿਚ ਵੀ ਸ਼ਾਮਲ ਸੀ। ਕਿਸੇ ਇਨਕਲਾਬੀ ਪਾਰਟੀ ਦੇ ਗਠਨ ਜਿਹੇ ਅਤਿ ਮਹੱਤਵਪੂਰਨ ਸਵਾਲ 'ਤੇ ਸਰਾਭੇ ਦੀ ਸਲਾਹ ਲੈਣਾ ਉਹਦੀ ਸਿਆਣਪ, ਸਮਰੱਥਾ ਅਤੇ ਭਰੋਸੇਯੋਗਤਾ ਦਾ ਪ੍ਰਮਾਣ ਹੈ। ਨਿਸਚੈ ਹੀ ਇਹ ਗੁਣ ਉਹਦੀ ਵਡੇਰੀ ਪ੍ਰਤਿਭਾ ਦਾ ਪ੍ਰਤੀਕ ਆਖੇ ਜਾ ਸਕਦੇ ਹਨ।

ਉਸਦੀ ਏਸੇ ਆਗੂ ਪ੍ਰਤਿਭਾ ਦਾ ਜ਼ਿਕਰ ਸਰਾਭੇ ਹੁਰਾਂ ਦਾ ਸਾਥੀ ਦਰਸੀ ਚੈਂਚਈਆ ਆਪਣੀ ਹੱਥ-ਲਿਖਤ ਵਿਚ ਵਾਰ ਵਾਰ ਕਰਦਾ ਹੈ। ਉਸਦਾ ਵਿਚਾਰ ਹੈ ਕਿ ਲਾਲਾ ਹਰਦਿਆਲ ਦੇ ਅਮਰੀਕਾ ਵਿਚੋਂ ਚਲੇ ਜਾਣ ਤੋਂ ਬਾਅਦ ਲੀਡਰਸ਼ਿਪ ਦਾ ਖ਼ਿਲਾਅ ਪੈਦਾ ਹੋ ਗਿਆ ਸੀ। ਦੂਜੇ ਗ਼ਦਰੀ ਸੂਰਬੀਰ ਲੜਾਕੂ ਜਜ਼ਬੇ ਤੇ ਕੁਰਬਾਨੀ ਕਰਨ ਦੇ ਗੁਣਾਂ ਨਾਲ ਤਾਂ ਭਰਪੂਰ ਸਨ ਪਰ ਉਨ੍ਹਾਂ ਵਿਚ ਕਿਸੇ ਲਹਿਰ ਨੂੰ ਵਿਧੀਵਤ ਢੰਗ ਨਾਲ ਚਲਾਉਣ ਲਈ ਲੋੜੀਂਦੀ ਬੁੱਧੀਮਤਾ ਤੇ ਸਮਰੱਥਾ ਦੀ ਘਾਟ ਸੀ ਤੇ ਉਹ ਖ਼ੁਦ ਵੀ ਇਸਤੋਂ ਜਾਣੂ ਸਨ। ਏਸੇ ਕਰਕੇ ਉਨ੍ਹਾਂ ਨੇ ਲਾਲਾ ਹਰਦਿਆਲ ਦੇ ਅਮਰੀਕਾ ਵਿਚੋਂ ਚਲੇ ਜਾਣ ਤੋਂ ਬਾਅਦ ਯੁਗਾਂਤਰ ਆਸ਼ਰਮ ਦੀ ਵਾਗ-ਡੋਰ ਕਿਸੇ ਅਜਿਹੇ ਹੀ ਯੋਗ ਆਗੂ ਨੂੰ ਸੌਂਪਣ ਲਈ ਸੋਚਣਾ ਸ਼ੁਰੂ ਕੀਤਾ। ਬੜੀ ਸੋਚ-ਵਿਚਾਰ ਪਿੱਛੋਂ ਰਾਮ ਚੰਦਰ ਨੂੰ ਇਹ ਸੇਵਾ ਦਿੱਤੀ ਗਈ। ਚੈਂਚਈਆ ਅਨੁਸਾਰ ਸਰਾਭਾ ਗ਼ਦਰੀਆਂ ਵਿਚੋਂ ਸਭ ਤੋਂ ਵੱਧ ਖਾੜਕੂ ਤੇ ਬੁੱਧੀਮਾਨ ਲੀਡਰ ਸੀ। ਉਸਦਾ ਅਨੁਮਾਨ ਹੈ ਕਿ ਸਹੀ ਅਰਥਾਂ ਵਿਚ ਬੁੱਧੀਮਾਨ ਤੇ ਆਗੂ ਗੁਣਾਂ ਨਾਲ ਭਰਪੂਰ ਹੋਣ ਦੇ ਬਾਵਜੂਦ ਉਮਰੋਂ ਬਹੁਤ ਛੋਟਾ ਹੋਣ ਕਰਕੇ ਹੀ ਸ਼ਾਇਦ ਕਰਤਾਰ ਸਿੰਘ ਸਰਾਭੇ ਨੂੰ ਮੁੱਖ ਆਗੂ ਨਾ ਬਣਾਇਆ ਗਿਆ। ਉਸਦੇ ਸ਼ਬਦ ਹਨ: 'ਕਰਤਾਰ ਸਿੰਘ ਸਰਾਭਾ ਹਰਦਿਆਲ ਤੋਂ ਬਾਅਦ ਆਗੂ ਦੀ ਭੂਮਿਕਾ ਨਿਭਾਅ ਸਕਦਾ ਸੀ। ਪਰੰਤੂ ਉਹ ਅਜੇ ਬਹੁਤ ਘੱਟ ਉਮਰ ਹੋਣ ਕਰਕੇ ਪਾਰਟੀ ਦੀ ਕਮਾਂਡ ਸੰਭਾਲਣ ਦੇ ਯੋਗ ਨਹੀਂ ਸੀ...ਇਸ ਸਮੇਂ ਰਾਮ ਚੰਦਰ ਸਾਡੀ ਲਹਿਰ ਨੂੰ ਅਗਵਾਈ ਦੇਣ ਦੇ ਸਮਰੱਥ ਨਹੀਂ ਸੀ। ਮੈਨੂੰ ਠੀਕ ਇਹ ਲੱਗਦਾ ਸੀ ਕਿ ਲੀਡਰਸ਼ਿਪ ਉਸ ਵਕਤ ਕਰਤਾਰ ਸਿੰਘ ਜਾਂ ਪਾਰਟੀ ਨਾਲ ਮੁਢੋਂ ਜੁੜੇ ਅਗੂਆਂ ਹੱਥ ਹੋਣੀ ਚਾਹੀਦੀ ਸੀ।'

ਚੈਂਚਈਆ ਵੱਲੋਂ ਵਾਰ ਵਾਰ ਕਰਤਾਰ ਸਿੰਘ 'ਤੇ ਪਾਰਟੀ ਦੀ ਕਮਾਂਡ ਸੰਭਾਲਣ ਦਾ ਗੁਣਾਂ ਪਾਉਣਾ ਦੱਸਦਾ ਹੈ ਕਿ ਉਹਦੇ ਸਾਥੀ ਉਹਦੀ ਆਗੂ ਪ੍ਰਤਿਭਾ ਦਾ ਕਿਵੇਂ ਸਨਮਾਨ ਕਰਦੇ ਸਨ। ਤੇ ਇਤਿਹਾਸ ਦੇ ਜਾਣਕਾਰਾਂ ਨੂੰ ਇਹ ਤਾਂ ਪਤਾ ਹੀ ਹੈ ਕਿ ਰਾਮ ਚੰਦਰ ਦੀ ਚੋਣ ਕਿੰਨੀ ਗ਼ਲਤ ਸਾਬਤ ਹੋਈ ਤੇ ਆਉਣ ਵਾਲੇ ਸਮੇਂ ਵਿਚ ਉਹਦੇ ਕਿਰਦਾਰ ਨੇ ਲਹਿਰ ਨੂੰ ਕਿੰਨੀ ਵੱਡੀ ਸੱਟ ਮਾਰੀ।

ਅਸੀਂ 'ਗਦਰ ਲਹਿਰ ਦਾ ਸੰਗਠਨ ਅਤੇ ਕਰਤਾਰ ਸਿੰਘ ਸਰਾਭਾ' ਵਾਲੇ ਕਾਂਡ ਵਿਚ ਸਰਾਭੇ ਦੀ ਜਰਨੈਲੀ ਪ੍ਰਤਿਭਾ ਦੇ ਕੁਝ ਹਵਾਲੇ ਦੇ ਚੁੱਕੇ ਹਾਂ। ਉਨ੍ਹਾਂ ਦਾ ਸੰਕੇਤਿਕ ਜ਼ਿਕਰ ਢੁਕਵਾਂ ਰਹੇਗਾ:


'ਗੋਬਿੰਦ ਬਿਹਾਰੀ ਲਾਲ, ਜੋ ਕੈਲੇਫੋਰਨੀਆ ਯੂਨੀਵਰਸਿਟੀ ਨੇੜੇ ਕਿਸੇ ਹੋਰ ਹੋਸਟਲ ਵਿਚ ਰਹਿੰਦਾ ਸੀ, ਦਾ ਮੰਨਣਾ ਹੈ ਕਿ ਗ਼ਦਰ ਜਥੇਬੰਦੀ ਦਾ ਕੇਂਦਰੀ ਧੁਰਾ ਤਿੰਨ ਆਦਮੀ ਸਨ ਤੇ ਉਹ ਸਨ, ਲਾਲਾ ਹਰਦਿਆਲ, ਕਰਤਾਰ ਸਿੰਘ ਸਰਾਭਾ ਤੇ ਖ਼ੁਦ ਗੋਬਿੰਦ ਬਿਹਾਰੀ ਲਾਲਾ ਆਪ।

'ਗ਼ਦਰ ਪਾਰਟੀ ਦਾ ਉਹ ਉੱਚ ਕੋਟੀ ਦਾ ਆਗੂ ਸੀ।'

'ਇਕ ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਦੀ ਪ੍ਰਕਾਸ਼ਨਾ ਕਰਤਾਰ ਸਿੰਘ ਦੀਆਂ ਬਹੁਤ ਸਾਰੀਆਂ ਕੋਸ਼ਿਸ਼ਾਂ ਦਾ ਹੀ ਸਿੱਟਾ ਸੀ।'

ਅਸੀਂ ਇਹ ਵੀ ਜਾਣ ਚੁੱਕੇ ਹਾਂ ਕਿ ਕੈਲੇਫ਼ੋਰਨੀਆ ਵਾਲੇ ਸਾਥੀਆਂ ਨੂੰ ਪਾਰਟੀ ਵਿਚ ਲਿਆਉਣ ਲਈ ਕਰਤਾਰ ਸਿੰਘ ਸਰਾਭਾ ਨੇ ਬਹੁਤ ਵੱਡਾ ਯੋਗਦਾਨ ਪਾਇਆ ਸੀ।

ਅਸਲ ਵਿਚ ਭਾਰਤ ਵਿਚ ਆ ਕੇ ਗ਼ਦਰ ਕਰਨ ਵਾਲੇ ਬਾਬਾ ਸੋਹਨ ਸਿੰਘ ਭਕਨਾ ਵਰਗੇ ਕੁਝ ਸੀਨੀਅਰ ਸਾਥੀਆਂ ਦੇ ਗ੍ਰਿਫ਼ਤਾਰ ਹੋ ਜਾਣ ਉਪਰੰਤ ਕਰਤਾਰ ਸਿੰਘ ਸਰਾਭਾ ਹੀ ਗ਼ਦਰ ਲਹਿਰ ਦੇ ਸਰਵਉੱਚ ਆਗੂ ਵਜੋਂ ਉਭਰ ਕੇ ਸਾਹਮਣੇ ਆਇਆ। ਬਾਬਾ ਹਰਭਜਨ ਸਿੰਘ ਚਮਿੰਡਾ ਇਸ ਗੱਲ ਦੀ ਪੁਸ਼ਟੀ ਕਰਦੇ ਹਨ, 'ਚੂੰਕਿ ਬਾਬਾ ਸੋਹਨ ਸਿੰਘ ਜੀ ਭਕਨਾ, ਪ੍ਰਧਾਨ ਗ਼ਦਰ ਪਾਰਟੀ ਤੇ ਹੋਰ ਬਹੁਤ ਸਾਰੇ ਉਘੇ ਵਰਕਰ ਫੜੇ ਗਏ ਸਨ, ਏਸ ਹਾਲਤ ਵਿਚ ਕਰਤਾਰ ਸਿੰਘ ਸਰਾਭਾ ਨੇ ਇਕ ਆਗੂ ਦੀ ਹੈਸੀਅਤ ਵਿਚ ਕੰਮ ਆਰੰਭ ਦਿੱਤਾ।'




ਸਚਿੰਦਰ ਨਾਥ ਸਾਨਿਆਲ ਨੇ ਲਿਖਿਆ ਹੈ ਕਿ ਇਸ ਸਮੇਂ ਪੰਜਾਬ ਵਿਚ ਜਿਤਨੇ ਇਨਕਲਾਬੀ ਨੌਜਵਾਨ ਕੰਮ ਕਰਦੇ ਸਨ ਉਨ੍ਹਾਂ ਵਿਚੋਂ ਕਰਤਾਰ ਸਿੰਘ ਸਭ ਤੋਂ ਵਧੇਰੇ ਸਿਆਣਾ ਅਤੇ ਜੋਸ਼ੀਲਾ ਵਰਕਰ ਸੀ। ਉਸਦੀ ਉਮਰ ਭਾਵੇਂ 18 ਸਾਲ ਦੀ ਸੀ ਪਰ ਉਸ ਵਿਚ ਪਾਰਟੀ ਦੀ ਅਗਵਾਈ ਕਰਨ ਦੀ ਅਦਭੁਤ ਸ਼ਕਤੀ ਸੀ।

ਭਾਈ ਪਰਮਾਨੰਦ ਨੇ ਆਪਣੀ ਪੁਸਤਕ 'ਆਪ ਬੀਤੀ' ਵਿਚ ਲਿਖਿਆ ਹੈ ਕਿ ਕਰਤਾਰ ਸਿੰਘ ਹੀ ਅਸਲ ਵਿਚ 1914-15 ਵਿਚ ਗ਼ਦਰ ਪਾਰਟੀ ਦਾ ਲੀਡਰ ਸੀ। ਉਸਨੇ ਫੌਜਾਂ ਵਿਚ ਜਾ ਕੇ ਤੇ ਹਿੰਦੁਸਤਾਨ ਦੀਆਂ ਇਨਕਲਾਬੀ ਪਾਰਟੀਆਂ ਨਾਲ ਮਿਲ ਕੇ ਸਾਰੇ ਸੂਬਿਆਂ ਵਿਚ ਇਕੋ ਸਮੇਂ ਗ਼ਦਰ ਕਰਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਸਨ। ਪਰ ਗੱਦਾਰ ਨਵਾਬ ਖਾਂ ਤੇ ਕ੍ਰਿਪਾਲ ਸਿੰਘ ਨੇ ਸਰਕਾਰ ਨੂੰ ਭੇਦ ਦੇ ਕੇ ਸਕੀਮ ਨੂੰ ਫੇਲ ਕਰ ਦਿੱਤਾ।

ਭਾਵੇਂ ਦੂਜੇ ਇਨਕਲਾਬੀ ਉਸਤੋਂ ਉਮਰ ਵਿਚ ਵੱਡੇ ਸਨ ਤਦ ਵੀ ਅਠਾਰਾਂ-ਉਨੀ ਸਾਲ ਦਾ ਇਹ ਨੌਜਵਾਨ ਆਪਣੀ ਸਮਰੱਥਾ, ਸਿਆਣਪ, ਸਿਰੜ੍ਹ, ਸਿਦਕ, ਸੰਵੇਦਨਸ਼ੀਲਤਾ, ਸਵੈਭਰੋਸੇ, ਸੂਰਮਗਤੀ ਤੇ ਕੁਰਬਾਨ ਹੋ ਜਾਣ ਦੇ ਬੇਖ਼ੌਫ਼ ਜਜ਼ਬੇ ਦੀ ਬਦੌਲਤ ਛੇਤੀ ਹੀ ਗ਼ਦਰ ਲਹਿਰ ਦਾ ਕੇਂਦਰੀ ਧੁਰਾ ਤੇ ਪ੍ਰੇਰਨਾ ਸਰੋਤ ਬਣ ਗਿਆ। ਉਸਦੀ ਲੀਡਰਸ਼ਿਪ ਦੀ ਯੋਗਤਾ ਦਾ ਲੋਹਾ ਤਾਂ ਸਚਿੰਦਰ ਨਾਥ ਸਾਨਿਆਲ ਜਿਹੇ ਹੰਢੇ ਵਰਤੇ ਬੰਗਾਲੀ ਇਨਕਲਾਬੀ ਨੇ ਵੀ ਮੰਨ ਲਿਆ ਸੀ।

ਇਹ ਵੀ ਸੱਚ ਹੈ ਕਿ ਅਮਰੀਕਾ ਵਿਚ ਵੀ ਇਹ ਕਰਤਾਰ ਸਿੰਘ ਸਰਾਭਾ ਹੀ ਸੀ ਜਿਹੜਾ ਗ਼ੈਰ-ਪੰਜਾਬੀ ਇਨਕਲਾਬੀ ਨੌਜਵਾਨਾਂ ਨਾਲ ਸੰਪਰਕ ਸਾਧਣ ਤੇ ਉਨ੍ਹਾਂ ਵਿਚ ਗ਼ਦਰ ਦਾ ਪਰਚਾਰ ਕਰਨ ਦਾ ਕੰਮ ਵੀ ਕਰਦਾ ਸੀ। ਭਾਰਤ ਆ ਕੇ ਵੀ ਸਰਾਭਾ ਹੀ ਸੀ ਜਿਸਨੇ ਬੰਗਾਲੀ ਤੇ ਹੋਰ ਪ੍ਰਾਤਾਂ ਦੇ ਇਨਕਲਾਬੀਆਂ ਨਾਲ ਰਾਬਤਾ ਬਨਾਉਣ ਦਾ ਉੱਦਮ ਕੀਤਾ। ਸੁਰਿੰਦਰ ਨਾਥ ਬੈਨਰ ਜੀ ਵਰਗੇ ਬੰਗਾਲੀ ਇਨਕਲਾਬੀ ਨੇ ਸਰਾਭੇ ਦੀ ਹਿੰਮਤ ਤੇ ਉਤਸ਼ਾਹ ਵੇਖ ਕੇ ਕਿਹਾ ਸੀ, 'ਤੂੰ ਆਪਣੇ ਸੰਕਲਪ ਤੇ ਹਿੰਮਤ ਅਨੁਸਾਰ ਕੰਮ ਕਰਦਾ ਜਾ, ਬੰਗਾਲ ਤਾਂ ਸਹੀ ਸਮੇ 'ਤੇ ਤੁਹਾਡੀ ਸਹਾਇਤਾ ਕਰੇਗਾ ਹੀ।'

ਕਰਤਾਰ ਸਿੰਘ ਸਰਾਭੇ ਦੀ ਹਿੰਮਤ ਤੇ ਦ੍ਰਿੜ੍ਹਤਾ ਕੰਮ ਆਈ ਤੇ ਆਖ਼ਰਕਾਰ ਸਚਿੰਦਰ ਨਾਥ ਸਾਨਿਆਲ ਸਰਾਭੇ ਹੁਰਾਂ ਦੇ ਬੁਲਾਵੇ ਤੇ ਜਲੰਧਰ ਆਇਆ। ਉਥੇ ਕਰਤਾਰ ਸਿੰਘ ਸਰਾਭਾ, ਪ੍ਰਿਥੀ ਸਿੰਘ, ਅਮਰ ਸਿੰਘ ਤੇ ਰਾਮ ਰੱਖਾ ਆਦਿ ਗ਼ਦਰੀ ਹਾਜ਼ਰ ਸਨ। ਸਾਨਿਆਲ ਨੇ ਜਦੋਂ ਇਹ ਜਾਨਣਾ ਚਾਹਿਆ ਕਿ ਉਨ੍ਹਾਂ ਦਾ ਲੀਡਰ ਕੌਣ ਹੈ ਕਿਉਂਕਿ ਉਹ ਉਸ ਲੀਡਰ ਨਾਲ ਹੀ ਗੱਲ-ਬਾਤ ਕਰਨੀ ਚਾਹੁੰਦਾ ਹੈ ਤਾਂ ਅਮਰ ਸਿੰਘ ਨੇ ਕਿਹਾ, 'ਸੱਚ ਪੁੱਛੋ ਤਾਂ ਸਾਡਾ ਅਸਲੀ ਨੇਤਾ ਹੈ ਹੀ ਨਹੀਂ। ਏਸੇ ਲਈ ਸਾਨੂੰ ਰਾਸ ਬਿਹਾਰੀ ਬੋਸ ਦੀ ਲੋੜ ਹੈ। ਸਾਡੇ ਵਿਚੋਂ ਕਿਸੇ ਨੂੰ ਵੀ ਵਿਸ਼ੇਸ਼ ਜਾਣਕਾਰੀ ਨਹੀਂ ਏ। ਏਸੇ ਕਰਕੇ ਸਾਡੇ ਕੰਮ ਕਰਨ ਦਾ ਕੋਈ ਸਿਲਸਿਲਾ ਨਹੀਂ ਬਣ ਰਿਹਾ। ਸਾਨੂੰ ਬੰਗਾਲ ਤੋਂ ਸਹਾਇਤਾ ਦੀ ਲੋੜ ਹੈ।' ਕਰਤਾਰ ਸਿੰਘ ਨੇ ਵੀ ਇਸ ਗੱਲ ਦੀ ਹਾਮੀ ਭਰੀ ਪਰ ਨਾਲ ਹੀ ਅਮਰ ਸਿੰਘ ਵੱਲ ਇਸ਼ਾਰਾ ਕਰਕੇ ਕਹਿਣ ਲੱਗਾ, 'ਦੇਖੋ ਭਾਈ ਏਦਾਂ ਹਿੰਮਤ ਕਿਉਂ ਹਾਰਦੇ ਓ? ਜਦੋ ਲੋੜ ਪਈ ਤਾਂ ਦੇਖਿਓ ਤੁਹਾਡੇ ਵਿਚੋਂ ਹੀ ਕਿੰਨਿਆਂ ਨੇ ਛੁਪੇ ਰੁਸਤਮ ਨਿਕਲ ਆਉਣਾ ਹੈ।'

ਸਰਾਭੇ ਦੇ ਵਿਹਾਰ ਤੇ ਵਿਚਾਰਾਂ ਤੋਂ ਸਾਨਿਆਲ ਨੇ ਅਨੁਮਾਨ ਲਾ ਲਿਆ ਸੀ ਕਿ 'ਜੇਕਰ ਇਨ੍ਹਾਂ ਵਿਚ ਸੱਚੀਂ ਕੋਈ ਕੰਮ ਕਰਨ ਵਾਲਾ ਹੈ ਤਾਂ ਉਹ ਕਰਤਾਰ ਸਿੰਘ ਹੈ। ਮੈਂ ਉਸ ਵਿਚ ਜਿਸਤਰ੍ਹਾਂ ਦਾ ਆਤਮ-ਵਿਸ਼ਵਾਸ ਵੇਖਿਆ, ਉਸਤਰ੍ਹਾਂ ਦਾ ਆਤਮ-ਵਿਸ਼ਵਾਸ ਨਾ ਹੋਣ 'ਤੇ ਕੋਈ ਵੀ ਵਿਅਕਤੀ ਵੱਡਾ ਕਾਰਜ ਨਹੀਂ ਕਰ ਸਕਦਾ।'

ਸੋ ਗ਼ਦਰੀਆਂ ਵਿਚ ਉਹ 'ਛੁਪਿਆ ਰੁਸਤਮ' ਕਰਤਾਰ ਸਿੰਘ ਸਰਾਭਾ ਹੀ ਸੀ, ਜਿਸਨੇ ਛੇਤੀ ਹੀ ਆਪਣੀ ਸਿਆਣਪ, ਹੌਸਲੇ ਤੇ ਦੂਰਦਰਸ਼ਤਾ ਨਾਲ ਸਾਥੀਆਂ ਦਾ ਭਰੋਸਾ ਜਿੱਤ ਲਿਆ ਤੇ ਛੋਟੀ ਉਮਰ ਦੇ ਬਾਵਜੂਦ ਗ਼ਦਰ ਲਹਿਰ ਦੇ ਵੱਡੇ ਆਗੂ ਵਜੋਂ ਸਥਾਪਤ ਹੋ ਗਿਆ। ਸਾਨਿਆਲ ਅਨੁਸਾਰ, 'ਹਾਲਾਂਕਿ ਇਹ ਸਿੱਖਾਂ ਵਿਚੋਂ ਸਭ ਤੋਂ ਘੱਟ ਉਮਰ ਦੇ ਸਨ ਪਰ ਮੈਂ ਇਨ੍ਹਾਂ ਦੇ ਹੇਠ ਕਿੰਨੇ ਹੀ ਵੱਡੀ ਉਮਰ ਦੇ ਸਿੱਖਾਂ ਨੂੰ ਕੰਮ ਕਰਦਿਆਂ ਵੇਖਿਆ।' ਭਾਈ ਰਣਧੀਰ ਸਿੰਘ ਨਿਰਸੰਦੇਹ ਉਸਤੋਂ ਉਮਰ ਵਿਚ ਵੱਡੇ ਤੇ ਵੱਧ ਤਾਲੀਮ-ਯਾਫ਼ਤਾ ਸਨ ਪਰ ਉਨ੍ਹਾਂ ਵੀ 19 ਫਰਵਰੀ ਨੂੰ ਆਪਣੇ ਜੱਥੇ ਸਮੇਤ ਗ਼ਦਰ ਸ਼ੁਰੂ ਕਰਨ ਲਈ ਫ਼ੀਰੋਜ਼ਪੁਰ ਛਾਉਣੀ ਪਹੁੰਚਣ ਲਈ, ਸਰਾਭੇ ਦਾ ਆਦੇਸ਼ ਮੰਨਣ ਵਿਚ, ਰਾਈ ਭਰ ਵੀ ਹਿਚਕਚਾਹਟ ਨਹੀਂ ਸੀ ਵਿਖਾਈ।

ਲੌਢੂਵਾਲ ਵਿਚ ਹੋਈ ਜਿਸ ਮੀਟਿੰਗ ਵਿਚ ਫੰਡਾਂ ਦੀ ਘਾਟ ਨੂੰ ਪੂਰਾ ਕਰਨ ਲਈ ਡਾਕੇ ਮਾਰਨ ਜਾਂ ਨਾ ਮਾਰਨ ਬਾਰੇ ਚਰਚਾ ਹੋਈ ਉਸਦਾ ਵੇਰਵਾ ਦਿੰਦਿਆਂ ਬਾਬਾ ਪ੍ਰਿਥਵੀ ਸਿੰਘ ਆਜ਼ਾਦ ਕਹਿੰਦੇ ਹਨ, 'ਲੌਢੂਵਾਲ ਰੇਲਵੇ ਸਟੇਸ਼ਨ ਜਿਹੜਾ ਲੁਧਿਆਣੇ ਤੋਂ ਦੂਰ ਨਹੀਂ ਸੀ, 17 ਨਵੰਬਰ ਨੂੰ ਸਾਡੀ ਮੀਟਿੰਗ ਹੋਈ। ਮੇਰੇ ਤੋਂ ਇਲਾਵਾ ਇਸ ਵਿਚ ਬਾਬਾ ਨਿਧਾਨ ਸਿੰਘ ਚੁੱਘਾ, ਪਿਆਰਾ ਸਿੰਘ ਲੰਗੇਰੀ, ਕਰਤਾਰ ਸਿੰਘ ਸਰਾਭਾ, ਜਗਤ ਰਾਮ ਹਰਿਆਣਾ, ਅਮਰ ਸਿੰਘ, ਰਾਮ ਰੱਖਾ ਸਾਹਬਾ ਅਤੇ ਹੋਰ ਸਾਥੀ ਸ਼ਾਮਲ ਸਨ। ਤਿੰਨ ਮੁੱਦਿਆਂ 'ਤੇ ਬਹਿਸ ਚੱਲੀ: 1. ਪੈਸੇ ਕਿਸ ਤਰ੍ਹਾਂ ਇਕੱਠੇ ਕੀਤੇ ਜਾਣ, 2. ਹਥਿਆਰ ਇਕੱਠੇ ਕਿਸ ਤਰ੍ਹਾਂ ਕੀਤੇ ਜਾਣ, 3. ਬੰਗਾਲੀ ਦੇਸ਼ ਭਗਤਾਂ ਨਾਲ ਕਿਸ ਤਰ੍ਹਾਂ ਸਬੰਧ ਬਣਾਏ ਜਾਣ। ਪੈਸੇ ਦੇ ਮਾਮਲੇ 'ਤੇ ਜ਼ੋਰਦਾਰ ਬਹਿਸ ਹੋਈ। ਇਹ ਗੱਲ ਸਾਫ਼ ਸੀ ਕਿ ਲੋਕਾਂ 'ਤੋਂ ਚੰਦਾ ਮੰਗਣਾ ਖ਼ਤਰੇ ਤੋਂ ਖਾਲੀ ਨਹੀਂ ਸੀ। ਕਰਤਾਰ ਸਿੰਘ ਨੇ ਪੈਸੇ ਲਈ ਡਾਕੇ ਮਾਰਨ ਦੀ ਸਲਾਹ ਦਿੱਤੀ। ਬਾਬਾ ਨਿਧਾਨ ਸਿੰਘ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਅਤੇ ਕਿਹਾ ਕਿ ਇਸ ਦੇ ਬੜੇ ਖ਼ਤਰਨਾਕ ਨਤੀਜੇ ਨਿਕਲਣਗੇ। ਅਸੀਂ ਸਾਰਿਆਂ ਨੇ ਉਸ ਦੀ ਤਜ਼ਵੀਜ਼ ਪਾਸ ਤਾਂ ਕਰ ਲਈ ਪਰ ਅਮਲ ਵਿਚ ਅਸੀਂ ਉਸ ਦੀ ਤਜ਼ਵੀਜ਼ ਦੇ ਉਲਟ ਹੀ ਕਰਤਾਰ ਸਿੰਘ ਸਰਾਭਾ ਦੀ ਸਲਾਹ 'ਤੇ ਕੰਮ ਕੀਤਾ।'

ਕੁਝ ਥਾਵਾਂ 'ਤੇ ਇਹ ਵੀ ਲਿਖਿਆ ਮਿਲਦਾ ਹੈ ਕਿ ਬਹੁਤੇ ਸਾਥੀ ਕਰਤਾਰ ਸਿੰਘ ਸਰਾਭਾ ਦੇ ਮੱਤ ਨਾਲ ਸਹਿਮਤ ਸਨ। ਬਾਬਾ ਪ੍ਰਿਥਵੀ ਸਿੰਘ ਅਨੁਸਾਰ ਉਨ੍ਹਾਂ ਨੇ ਬਾਬਾ ਨਿਧਾਨ ਸਿੰਘ ਚੁੱਘਾ ਦੀ ਤਜਵੀਜ਼ ਪ੍ਰਵਾਨ ਕਰ ਲਈ ਸੀ ਪਰ ਇਸਦੇ ਉਲਟ ਜਾ ਕੇ ਅਮਲ ਉਨ੍ਹਾਂ ਨੇ ਕਰਤਾਰ ਸਿੰਘ ਸਰਾਭੇ ਦੀ ਮਰਜ਼ੀ ਮੁਤਾਬਕ ਕੀਤਾ। ਦੋਵਾਂ ਸੂਰਤਾਂ ਵਿਚ, ਭਾਵੇਂ ਬਹੁਮੱਤ ਸਰਾਭੇ ਦੇ ਹੱਕ ਵਿਚ ਹੋਇਆ ਹੋਵੇ ਜਾਂ ਨਾ; ਅੰਤਿਮ ਤੌਰ 'ਤੇ ਓਸੇ ਦੀ ਸਲਾਹ ਦਾ ਮੰਨੇ ਜਾਣਾ ਦੱਸਦਾ ਹੈ ਕਿ ਉਹਦੀ ਦਲੀਲ ਅਤੇ ਸ਼ਖ਼ਸੀਅਤ ਦਾ, ਉਹਦੇ ਆਪਣੇ ਸਾਥੀਆਂ ਉੱਤੇ, ਕਿੰਨਾਂ ਡੂੰਘਾ ਅਸਰ ਸੀ। ਆਪਣੀ ਗੱਲ ਨੂੰ ਦਲੀਲ ਨਾਲ ਮਨਵਾਉਣ ਅਤੇ ਸਾਥੀਆਂ ਨੂੰ ਆਪਣੇ ਨਾਲ ਖਿਚ ਕੇ ਜੋੜ ਲੈਣ ਦੀ ਮਿਕਨਾਤੀਸੀ ਕਸ਼ਿਸ਼ ਉਹਦੇ ਵੱਡੇ ਆਗੂ ਹੋਣ ਦਾ ਸਬੂਤ ਹੀ ਤਾਂ ਹੈ।

ਸਰਾਭੇ ਦੀ ਇਸੇ ਜਰਨੈਲੀ ਪ੍ਰਤਿਭਾ ਨੇ ਹੀ ਉਸਨੂੰ ਅੰਗਰੇਜ਼ ਹਕੂਮਤ ਦੀਆਂ ਨਜ਼ਰਾਂ ਵਿਚ 'ਸਭ ਤੋਂ ਖ਼ਤਰਨਾਕ ਬਾਗ਼ੀ' ਬਣਾ ਦਿੱਤਾ। ਸਰਕਾਰ ਦੀਆਂ ਨਜ਼ਰਾਂ ਵਿਚ ਉਸਦੇ 'ਏਨੇ ਖ਼ਤਰਨਾਕ' ਹੋਣ ਬਾਰੇ ਵੇਰਵਾ ਅਸੀਂ ਪਿੱਛੇ ਦੇ ਚੁੱਕੇ ਹਾਂ। ਇਥੇ ਅਸੀਂ ਵਾਇਸਰਾਏ ਵੱਲੋਂ ਨਾਮਜ਼ਦ ਕੌਂਸਲ ਦੇ ਮੈਂਬਰਾਂ ਵਿਚੋਂ ਹੋਮ ਡਿਪਾਰਟਮੈਂਟ ਦੇ ਮੈਂਬਰ ਸਰ ਕਰੈਡਰਾਕ ਦੀ ਰਾਇ ਨੂੰ ਹੀ ਪ੍ਰਤੀਨਿਧ ਰਾਇ ਸਮਝਦਿਆਂ ਇਕ ਵਾਰ ਫੇਰ ਤੁਹਾਡੇ ਨਾਲ ਸਾਂਝਾ ਕਰਦੇ ਹਾਂ।

'(ਇਹ) ਭਾਵੇਂ ਨੌਜਵਾਨ ਹੈ ਪਰ ਇਹ ਸਾਰੇ ਸਾਜਸ਼ੀਆਂ ਵਿਚੋਂ ਅੱਤ ਮਹੱਤਵਪੂਰਨ ਵਿਅਕਤੀਆਂ ਵਿਚੋਂ ਇੱਕ ਹੈ ਅਤੇ ਅਦਾਲਤ ਨੇ ਇਸਨੂੰ ਸਰਾਸਰ ਬੇਕਿਰਕ ਸ਼ੈਤਾਨ, ਜੋ ਆਪਣੀਆਂ ਕਰਤੂਤਾਂ 'ਤੇ ਫ਼ਖ਼ਰ ਕਰਦਾ ਹੈ, ਕਹਿ ਕੇ ਆਪਣੀ ਰਾਇ ਦਿੱਤੀ ਹੈ, ਭਾਵ ਇਹ ਕਿ ਇਸਦੀ ਸਜ਼ਾ ਘਟਾਉਣ ਦੀ ਤਾਂ ਗੱਲ ਕਰਨੀ ਵੀ ਨਹੀਂ ਬਣਦੀ।'

'ਮੈਂ ਪਹਿਲਾਂ ਵੀ ਉਸਨੂੰ ਰਹਿਮ ਦੀ ਬਿਨਾਅ 'ਤੇ ਰਿਆਇਤ ਦੀ ਸਿਫ਼ਾਰਸ਼ ਨਹੀਂ ਕੀਤੀ ਜਿਸ (ਰਹਿਮ) ਦੀ ਉਸਨੇ ਮੰਗ ਵੀ ਨਹੀਂ ਕੀਤੀ। ਪਰ ਮੈਂ ਉਸਦੇ ਕੇਸ ਨੂੰ ਕਈ ਵਾਰ ਪੜ੍ਹਨ ਤੋਂ ਬਾਅਦ ਵੀ ਇਸ ਸਪੱਸ਼ਟ ਨਤੀਜੇ 'ਤੇ ਪਹੁੰਚਿਆ ਹਾਂ ਕਿ ਇਸਦਾ ਕਿਸੇ ਹੋਰ ਦਾ ਅਸਰ ਕਬੂਲਣਾ ਤਾਂ ਕਿਤੇ ਦੂਰ ਦੀ ਗੱਲ, ਇਹ ਤਾਂ ਆਪ ਖ਼ੁਦ ਗ਼ਦਰ ਪਾਰਟੀ ਦੀ ਰੂਹੇ-ਰਵਾਂ ਸੀ। ਇਹ ਕਰਤਾਰ ਸਿੰਘ ਹੀ ਸੀ ਜਿਸਨੇ ਵਿਦਿਆਰਥੀਆਂ ਨੂੰ ਵਿਗਾੜਿਆ, ਪਿੰਗਲੇ ਨਾਲ ਛਾਉਣੀਆਂ ਵਿਚ ਘੁੰਮਿਆਂ ਅਤੇ ਸਾਜਿਸ਼ ਦੇ ਹਰ ਦੌਰ ਤੇ ਹਰ ਪਹਿਲੂ ਵਿਚ ਇਸਦਾ ਹੱਥ ਸੀ। ਮੈਂ ਇਥੋਂ ਤੱਕ ਕਹਿ ਸਕਦਾ ਹਾਂ ਕਿ ਇਸ ਮੁਕੱਦਮੇ ਦੇ ਅਦਾਲਤ ਵਿਚ ਆਉਣ ਤੋਂ ਪਹਿਲਾਂ ਹੀ ਉਹ ਇਸ ਅਡੰਬਰ ਦੇ ਅਤੀ ਖ਼ਤਰਨਾਕ ਵਿਅਕਤੀ ਵਜੋਂ ਜਾਣਿਆਂ ਜਾਂਦਾ ਸੀ ਅਤੇ ਇਸਦੀ ਸਰਗੋਧੇ ਫੌਜੀ ਰਸਾਲੇ ਤੋਂ ਹੋਈ ਗ੍ਰਿਫ਼ਤਾਰੀ ਨਾਲ ਉਨ੍ਹਾਂ ਸਾਰਿਆਂ ਸੁਖ ਦਾ ਸਾਹ ਲਿਆ ਜਿਹੜੇ ਇਸ ਸਾਜਿਸ਼ 'ਚੋਂ ਨਿਕਲਣ ਵਾਲੇ ਸਿੱਟਿਆਂ ਤੋਂ ਵਾਕਫ਼ ਸਨ। ਜਿਨ੍ਹਾਂ ਵਿਚ ਸਰਕਾਰੀ ਫੌਜਾਂ ਵਿਚ ਬਗ਼ਾਵਤ ਦੀ ਪੂਰੀ ਸੰਭਾਵਨਾ ਤੇ ਸਿੰਘਾਪੁਰ ਵਿਚ ਵਾਪਰੇ (ਫੌਜੀ ਬਗ਼ਾਵਤ) ਜਿਹੇ ਕਾਂਡ ਵਾਪਰ ਸਕਦੇ ਸਨ।'

ਜ਼ਾਹਿਰ ਹੈ ਸਰਾਭੇ ਦੀ 'ਜਰਨੈਲੀ ਪ੍ਰਤਿਭਾ' ਨੂੰ ਦੁਸ਼ਮਣ ਵੀ ਧੁਰ ਅੰਦਰੋਂ ਸਵੀਕਾਰ ਕਰਦਾ ਸੀ। ਪਰ ਇਸ ਵਿਚ ਵੀ ਸ਼ੱਕ ਨਹੀਂ ਕਿ ਕਰਤਾਰ ਸਿੰਘ ਸਰਾਭਾ ਆਪਣੀ ਆਗੂ ਹੈਸੀਅਤ ਦੇ ਬਾਵਜੂਦ ਆਪਣੀ ਸੀਮਾ ਨੂੰ ਪਛਾਣਦਾ ਤੇ ਸਵੀਕਾਰ ਵੀ ਕਰਦਾ ਸੀ। ਉਹ ਚਾਹੁੰਦਾ ਸੀ ਕਿ ਤਜਰਬੇਕਾਰ ਬੰਗਾਲੀ ਇਨਕਲਾਬੀ ਰਾਸ ਬਿਹਾਰੀ ਬੋਸ (ਜਿਹੜਾ ਸਰਾਭੇ ਹੁਰਾਂ ਦੇ ਸੱਦੇ 'ਤੇ ਪੰਜਾਬ ਆ ਗਿਆ ਸੀ) ਛੇਤੀ ਤੋਂ ਛੇਤੀ ਪੰਜਾਬ ਆ ਕੇ ਗ਼ਦਰ ਕਰਨ ਵਿਚ ਉਨ੍ਹਾਂ ਦੀ ਅਗਵਾਈ ਕਰੇ। ਉਹ ਸਾਨਿਆਲ ਨੂੰ ਅਕਸਰ ਪੁੱਛਦਾ ਰਹਿੰਦਾ, 'ਦਸੋ ਰਾਸ ਬਿਹਾਰੀ ਕਦੋਂ ਆਉਣਗੇ?'

ਰਾਸ ਬਿਹਾਰੀ ਬੋਸ ਨੂੰ ਪਾਰਟੀ ਦੀ ਅਗਵਾਈ ਸੌਂਪਣ ਲਈ ਕਰਤਾਰ ਸਿੰਘ ਵੱਲੋਂ ਜ਼ੋਰ ਦੇ ਕੇ ਰਾਸ ਬਿਹਾਰੀ ਬੋਸ ਨੂੰ ਪੰਜਾਬ ਮੰਗਾਉਣ ਦੀ ਹਕੀਕਤ ਦੱਸਦੀ ਹੈ ਕਿ ਕਰਤਾਰ ਸਿੰਘ ਵਿਚ ਇਨਕਲਾਬ ਦੀ ਸਫ਼ਲਤਾ ਪਹਿਲਾ ਨਿਸ਼ਾਨਾ ਸੀ। ਸਾਡੇ ਅੱਜ ਕੱਲ੍ਹ ਦੇ ਆਗੂਆਂ ਵਾਂਗ ਆਪਣੀ ਗੱਦੀ ਤੇ ਪ੍ਰਭੁਤਾ ਬਣਾਈ ਰੱਖਣ ਦੀ ਲਾਲਸਾ ਉਹਦਾ ਨਿਸ਼ਾਨਾ ਹਰਗਿਜ਼ ਨਹੀਂ ਸੀ। ਇਸਤੋਂ ਉਹਦੇ ਸੁਭਾਅ ਦੀ ਨਿਰਮਾਣਤਾ ਦਾ ਝਲਕਾਰਾ ਵੀ ਪੈਂਦਾ ਹੈ ਅਤੇ 'ਹਰ ਗੱਲ ਵਿਚ ਅੱਗੇ ਦਿਸਣ ਦੀ ਲਾਲਸਾ' ਦੀ ਹਉਮੈਂ ਤੋਂ ਮੁਕਤੀ ਦਾ ਪ੍ਰਮਾਣ ਵੀ ਮਿਲਦਾ ਹੈ।

-0-

# ਫ਼ਲਸਤੀਨ ਗਜ਼ਾ ਦਾ ਮਲਬਾ, ਹਥਿਆਰਾਂ ਦਾ ਮੁਨਾਫ਼ਾ ਅਤੇ ਗਲੋਬਲ ਸਰਮਾਏਦਾਰੀ ਦਾ ਖ਼ੂਨੀ ਚਿਹਰਾ


ਨੁਕਤਾ -ਏ- ਨਜ਼ਰ



ਗੁਰਪ੍ਰੀਤ ਸਿੰਘ ਬਿਲਿੰਗ
ਫੋਨ 75086-98066
gurpreetnews@gmail.com


***ਲੇਖ ਸਬੰਧੀ ਕੁਝ ਅਹਿਮ ਨੁਕਤੇ :- 1: ਅੰਤਰਰਾਸ਼ਟਰੀ ਕਾਨੂੰਨ ਅਨੁਸਾਰ ਇਸ ਨੂੰ ਸਿਰਫ਼ 'ਇਸਰਾਇਲ-ਗਜ਼ਾ ਜੰਗ' ਲਿਖਣਾ ਸਹੀ ਨਹੀਂ ਹੈ, ਸਗੋਂ 'ਇਸਰਾਇਲ ਬਨਾਮ ਫ਼ਲਸਤੀਨ-ਗਜ਼ਾ (ਹਮਾਸ) ਜੰਗ' ਲਿਖਣਾ ਕਾਨੂੰਨੀ ਤੌਰ 'ਤੇ ਦਰੁਸਤ ਹੈ। 7 ਅਕਤੂਬਰ 2023 ਨੂੰ ਸ਼ੁਰੂ ਹੋਈ ਇਹ ਜੰਗ ਅਜੇ ਵੀ ਸੀਮਿਤ ਸੀਜ਼ਫ਼ਾਇਰ ਦੇ ਨਾਲ ਲਗਾਤਾਰ ਜਾਰੀ ਹੈ। ਇਹ ਲੇਖ ਪਾਠਕਾਂ ਨੂੰ ਇਸ ਮਸਲੇ ਰਾਹੀਂ ਸੰਸਾਰ ਦੇ ਵੱਖ-ਵੱਖ ਦੇਸ਼ਾਂ, ਖਾੜੀ ਤੇ ਮੁਸਲਿਮ ਮੁਲਕਾਂ, ਮਨੁੱਖੀ ਅਧਿਕਾਰ ਸੰਸਥਾਵਾਂ ਅਤੇ ਸੰਯੁਕਤ ਰਾਸ਼ਟਰ (UN) ਦੇ ਦੋਹਰੇ ਚਿਹਰੇ ਨੂੰ ਸਮਝਣ ਵਿਚ ਮਦਦ ਕਰੇਗਾ। ਨਾਲ ਹੀ ਇਹ ਹਥਿਆਰ ਕੰਪਨੀਆਂ ਦੇ ਵਪਾਰ, ਮੀਡੀਆ ਦੀ ਭੂਮਿਕਾ ਅਤੇ ਭਾਰਤ ਦੀ ਬਦਲ ਰਹੀ ਵਿਦੇਸ਼ ਨੀਤੀ ਦਾ ਇੱਕ ਵਿਸ਼ਲੇਸ਼ਣ ਹੈ। 2: ਲੇਖ ਵਿਚ ਭਾਸ਼ਾ ਨਿਯਮਾਂ ਮੁਤਾਬਕ 'ਇਜ਼ਰਾਈਲ' ਨੂੰ 'ਇਸਰਾਇਲ' ਅਤੇ 'ਗਾਜ਼ਾ' ਨੂੰ 'ਗਜ਼ਾ' ਲਿਖਿਆ ਗਿਆ ਹੈ। ਗਜ਼ਾ ਇੱਕ ਛੋਟਾ ਜਿਹਾ ਖੇਤਰ ਹੈ, ਜਿਸ ਦੇ ਲਗਭਗ 64% ਹਿੱਸੇ 'ਤੇ ਇਸ ਵੇਲੇ ਇਸਰਾਇਲੀ ਫ਼ੌਜ ਦਾ ਕਬਜ਼ਾ ਹੋ ਚੁੱਕਾ ਹੈ। ਸੰਯੁਕਤ ਰਾਸ਼ਟਰ ਦੇ ਰਿਕਾਰਡ ਵਿਚ ਗਜ਼ਾ ਦੀ ਥਾਂ 'ਫ਼ਲਸਤੀਨ' ਨਾਂ ਦਰਜ ਹੈ, ਜਿਸ ਨੂੰ 'Non-member Observer State' ਦਾ ਰਸਮੀ ਦਰਜਾ ਪ੍ਰਾਪਤ ਹੈ। ਸੰਸਾਰ ਸਿਆਸਤ ਦੇ ਇਸ ਅਹਿਮ ਅਤੇ ਸੰਵੇਦਨਸ਼ੀਲ ਮਸਲੇ 'ਤੇ ਆਧਾਰਿਤ ਇਹ ਖੋਜ-ਪੱਤਰ ਪਾਠਕਾਂ ਦੀ ਨਜ਼ਰ ਹੈ।***

ਸਾਲ 2024 ਦੇ ਜਨਵਰੀ ਮਹੀਨੇ ਦੀ ਇੱਕ ਸਰਦ ਸਵੇਰ ਨੂੰ ਨੀਦਰਲੈਂਡ ਦੇ ਸ਼ਹਿਰ 'ਦ ਹੇਗ' ਵਿਖੇ ਸਥਿਤ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ (ਅੰਤਰਰਾਸ਼ਟਰੀ ਅਦਾਲਤ) ਦੇ ਬਾਹਰ ਹਜ਼ਾਰਾਂ ਲੋਕ ਇਸਰਾਇਲ ਵਲੋਂ ਫ਼ਲਸਤੀਨ ਗਜ਼ਾ ਵਿਚ ਹੋ ਰਹੀ ਨਸਲਕੁਸ਼ੀ ਦੇ ਵਿਰੋਧ ਵਿਚ ਇਕੱਠੇ ਹੋਏ ਸਨ। ਉਸ ਵੇਲੇ ਦੁਨੀਆ ਇਤਿਹਾਸਕ ਮੋੜ 'ਤੇ ਖੜ੍ਹੀ ਸੀ। ਦੂਜੇ ਪਾਸੇ, ਹਜ਼ਾਰਾਂ ਕਿਲੋਮੀਟਰ ਦੂਰ ਗਜ਼ਾ ਦੀ ਮਿੱਟੀ ਵਿਚ ਦੱਬੇ ਹੋਏ ਬੱਚੇ, ਮਾਵਾਂ, ਬਜ਼ੁਰਗ ਅਤੇ ਘਰ ਆਪਣੀ ਹੀ ਤਬਾਹੀ ਦਾ ਸਿੱਧਾ ਪ੍ਰਸਾਰਣ ਦੁਨੀਆ ਨੂੰ ਦਿਖਾ ਰਹੇ ਸਨ। ਇਹ ਮਨੁੱਖੀ ਇਤਿਹਾਸ ਦਾ ਸ਼ਾਇਦ ਪਹਿਲਾ ਐਸਾ ਮੰਜ਼ਰ ਸੀ, ਜਿੱਥੇ ਇੱਕ ਕੌਮ ਆਪਣੀ ਨਸਲਕੁਸ਼ੀ ਨੂੰ ਮੋਬਾਈਲ ਫ਼ੋਨਾਂ ਅਤੇ ਇੰਟਰਨੈੱਟ ਰਾਹੀਂ ਦੁਨੀਆ ਅੱਗੇ ਰੋਜ਼ ਲਾਈਵ ਕਰ ਰਹੀ ਸੀ, ਪਰ ਇਸ ਦੇ ਬਾਵਜੂਦ, ਦੁਨੀਆ ਦੇ ਵੱਡੇ ਦੇਸ਼, ਮਨੁੱਖੀ ਅਧਿਕਾਰਾਂ ਦੀਆਂ ਗੱਲਾਂ ਕਰਨ ਵਾਲੀਆਂ ਸਰਕਾਰਾਂ, ਲੋਕ ਸਮੂਹ, ਸੰਸਥਾਵਾਂ ਅਤੇ ਲੋਕਤੰਤਰ ਦੇ ਠੇਕੇਦਾਰ ਦੇਸ਼ ਜਾਂ ਤਾਂ ਚੁੱਪ ਸਨ ਜਾਂ ਉਨ੍ਹਾਂ ਨੇ ਇਸਰਾਇਲ ਲਈ ਹਥਿਆਰਾਂ ਦੀਆਂ ਸਪਲਾਈ ਲਾਈਨਾਂ ਖੁੱਲ੍ਹੀਆਂ ਰੱਖੀਆਂ ਹੋਈਆਂ ਸਨ।

ਇੰਗਲੈਂਡ ਅਤੇ ਆਇਰਲੈਂਡ ਵਿਚ ਬਤੌਰ ਵਕੀਲ ਸੇਵਾਵਾਂ ਨਿਭਾਉਂਦੀ ਅਤੇ ਵਿਸ਼ਵ ਵਿਚ ਮਨੁੱਖੀ ਅਧਿਕਾਰਾਂ ਦੀ ਚੋਟੀ ਦੀ ਹਮਾਇਤੀ, ਐਡਵੋਕੇਟ ਬਲਿੰਨੇ ਨੀ ਘਰਾਲੇਘ ਨੇ ਅਦਾਲਤ ਵਿਚ ਖੜ੍ਹ ਕੇ ਬਹੁਤ ਹੀ ਭਾਵੁਕ ਅਤੇ ਤਾਰਕਿਕ ਲਹਿਜ਼ੇ ਵਿਚ ਕਿਹਾ ਸੀ ਕਿ 'ਇਹ ਇਤਿਹਾਸ ਦੀ ਪਹਿਲੀ ਨਸਲਕੁਸ਼ੀ ਹੈ, ਜਿੱਥੇ ਪੀੜਤ ਲੋਕ ਆਪਣੀ ਤਬਾਹੀ ਨੂੰ ਖੁਦ ਲਾਈਵ ਪ੍ਰਸਾਰਿਤ ਕਰ ਰਹੇ ਹਨ।' ਉਸ ਸਮੇਂ ਹਰ ਦਿਨ ਔਸਤਨ 247 ਫ਼ਲਸਤੀਨੀ ਮਾਰੇ ਜਾ ਰਹੇ ਸਨ। ਹਰ ਦਿਨ 48 ਮਾਵਾਂ ਦਮ ਤੋੜ ਰਹੀਆਂ ਸਨ ਅਤੇ ਹਰ ਘੰਟੇ ਪੰਜ ਤੋਂ ਵੱਧ ਮਾਸੂਮ ਬੱਚੇ ਮਾਰੇ ਜਾ ਰਹੇ ਸਨ। ਹਾਲਾਤ ਦੀ ਭਿਆਨਕਤਾ ਨੂੰ ਦੇਖਦਿਆਂ ਡਾਕਟਰਾਂ ਨੇ ਇੱਕ ਨਵਾਂ ਡਾਕਟਰੀ ਸ਼ਬਦ ਬਣਾਇਆ ਸੀ। -WCNSF- ਮਤਲਬ 'Wounded Child, No Surviving Family' ਅਰਥਾਤ ਅਜਿਹਾ ਜ਼ਖ਼ਮੀ ਬੱਚਾ, ਜਿਸ ਦਾ ਸਾਰਾ ਪਰਿਵਾਰ ਜੰਗ ਵਿਚ ਮਾਰਿਆ ਜਾ ਚੁੱਕਾ ਹੋਵੇ)।

26 ਜਨਵਰੀ 2024 ਨੂੰ ਅੰਤਰਰਾਸ਼ਟਰੀ ਅਦਾਲਤ ਨੇ ਸੁਣਵਾਈ ਕਰਦਿਆਂ ਸਪਸ਼ਟ ਕਿਹਾ ਸੀ ਕਿ ਫ਼ਲਸਤੀਨ ਦੇ ਗਜ਼ਾ ਖੇਤਰ ਵਿਚ 'ਨਸਲਕੁਸ਼ੀ ਦਾ ਸੰਭਾਵੀ ਖ਼ਤਰਾ' ਮੌਜੂਦ ਹੈ ਅਤੇ ਸਾਰੇ ਦੇਸ਼ਾਂ ਨੂੰ ਉਨ੍ਹਾਂ ਦੇ ਮਨੁੱਖੀ ਫ਼ਰਜ਼ ਯਾਦ ਕਰਵਾਏ ਸਨ। ਪਰ ਉਸ ਤੋਂ ਬਾਅਦ ਕੀ ਹੋਇਆ? ਕੀ ਦੁਨੀਆ ਨੇ ਇਸਰਾਇਲ ਨੂੰ ਹਥਿਆਰ ਭੇਜਣੇ ਰੋਕ ਦਿੱਤੇ? ਕੀ ਮਨੁੱਖੀ ਅਧਿਕਾਰਾਂ ਦੇ ਵੱਡੇ-ਵੱਡੇ ਦਾਅਵੇ ਕਰਨ ਵਾਲੀਆਂ ਸਰਕਾਰਾਂ ਨੇ ਇਸਰਾਇਲ ਨੂੰ ਇੱਕਲਾ ਛੱਡ ਦਿੱਤਾ? ਜਵਾਬ ਹੈ—ਬਿਲਕੁਲ ਨਹੀਂ। ਅਸਲ ਵਿਚ, ਇਸ ਦੇ ਉਲਟ ਹੋਇਆ। ਅਦਾਲਤੀ ਆਦੇਸ਼ਾਂ ਨੂੰ ਛਿੱਕੇ ਟੰਗ ਕੇ ਹਥਿਆਰਾਂ ਦੀਆਂ ਖੇਪਾਂ ਹੋਰ ਵਧਾ ਦਿੱਤੀਆਂ ਗਈਆਂ।

ਅਲ-ਜਜ਼ੀਰਾ ਨਿਊਜ਼ ਗਰੁੱਪ ਦੀ ਮਈ 2026 ਵਿਚ ਪ੍ਰਕਾਸ਼ਿਤ ਹੋਈ ਇੱਕ ਲੰਬੀ ਖੋਜ ਰਿਪੋਰਟ ਨੇ ਹੈਰਾਨ ਅਤੇ ਆਮ ਮਨਾਂ ਨੂੰ ਪ੍ਰੇਸ਼ਾਨ ਕਰਨ ਵਾਲਾ ਵੱਡਾ ਖੁਲਾਸਾ ਕੀਤਾ। ਇਸਰਾਇਲੀ ਟੈਕਸ ਅਥਾਰਟੀ (ITA) ਅਤੇ ਕਸਟਮ ਵਿਭਾਗ ਦੇ ਅਧਿਕਾਰਤ ਅੰਕੜਿਆਂ ਮੁਤਾਬਕ, ਫ਼ਲਸਤੀਨ ਜੰਗ ਦੌਰਾਨ ਘੱਟੋ-ਘੱਟ 51 ਦੇਸ਼ਾਂ ਅਤੇ ਖ਼ੁਦਮੁਖ਼ਤਿਆਰ ਖੇਤਰਾਂ ਤੋਂ ਫ਼ੌਜੀ ਸਮਾਨ, ਹਥਿਆਰਾਂ ਦੇ ਪੁਰਜ਼ੇ, ਵਿਸਫੋਟਕ, ਗੋਲਾ-ਬਾਰੂਦ ਅਤੇ ਬਖਤਰਬੰਦ ਗੱਡੀਆਂ ਆਦਿ ਦੇ ਹਿੱਸੇ ਲਗਾਤਾਰ ਇਸਰਾਇਲ ਤੱਕ ਪਹੁੰਚਦੇ ਰਹੇ। ਇਹ ਸਿਰਫ਼ ਇਕੱਲੇ ਅਮਰੀਕਾ ਦੀ ਕਹਾਣੀ ਨਹੀਂ ਸੀ, ਬਲਕਿ ਇਸ ਖ਼ੂਨੀ ਖੇਡ ਵਿਚ ਭਾਰਤ, ਰੋਮਾਨੀਆ, ਤਾਈਵਾਨ, ਚੈੱਕ ਗਣਰਾਜ, ਜਰਮਨੀ, ਬਰਤਾਨੀਆ, ਫ਼ਰਾਂਸ, ਇਟਲੀ, ਕੈਨੇਡਾ, ਸਿੰਗਾਪੁਰ, ਤੁਰਕੀ ਅਤੇ ਹੋਰ ਕਈ ਦੇਸ਼ ਬਰਾਬਰ ਸ਼ਾਮਲ ਸਨ।

ਇਹ ਸਿਰਫ਼ ਹਥਿਆਰਾਂ ਦੀ ਸਾਧਾਰਨ ਵਿਕਰੀ ਦਾ ਮਾਮਲਾ ਨਹੀਂ ਸੀ, ਬਲਕਿ ਇੱਕ ਗਲੋਬਲ ਪੱਧਰੀ ਜੰਗੀ ਸਪਲਾਈ ਚੇਨ (Global War Supply Chain) ਸੀ, ਜਿਸ ਵਿਚ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ, ਸਭ ਤੋਂ ਵੱਡੀਆਂ ਅਰਥ-ਵਿਵਸਥਾਵਾਂ ਅਤੇ ਮਨੁੱਖੀ ਅਧਿਕਾਰਾਂ ਦੀ ਦੁਹਾਈ ਦੇਣ ਵਾਲੀਆਂ ਨਾਮਵਰ ਸਰਕਾਰਾਂ ਵੀ ਸ਼ਾਮਲ ਸਨ।

ਇਸਰਾਇਲੀ ਟੈਕਸ ਅਥਾਰਟੀ ਦੇ ਡਾਟਾ ਮੁਤਾਬਕ, ਅਕਤੂਬਰ 2023 ਤੋਂ ਅਕਤੂਬਰ 2025 ਤੱਕ 2,603 ਜੰਗੀ ਖੇਪਾਂ ਇਸਰਾਇਲ ਵਿਚ ਦਾਖ਼ਲ ਹੋਈਆਂ। ਇਨ੍ਹਾਂ ਦੀ ਕੁੱਲ ਕੀਮਤ 3.22 ਬਿਲੀਅਨ ਸ਼ੇਕਲ ਯਾਨੀ ਲਗਭਗ 885 ਮਿਲੀਅਨ ਡਾਲਰ ਸੀ। ਸਭ ਤੋਂ ਹੈਰਾਨੀ ਅਤੇ ਅਫ਼ਸੋਸ ਦੀ ਗੱਲ ਇਹ ਸੀ ਕਿ ਇਸ ਦਾ 91 ਫ਼ੀਸਦੀ ਹਿੱਸਾ ਉਸ ਸਮੇਂ ਤੋਂ ਬਾਅਦ ਆਇਆ, ਜਦੋਂ ਅੰਤਰਰਾਸ਼ਟਰੀ ਅਦਾਲਤ ਨੇ ਫ਼ਲਸਤੀਨ ਦੇ ਗਜ਼ਾ ਖੇਤਰ ਵਿਚ 'ਨਸਲਕੁਸ਼ੀ ਦੇ ਸੰਭਾਵੀ ਖ਼ਤਰੇ' ਦੀ ਗੱਲ ਨੂੰ ਸਵੀਕਾਰ ਕਰ ਲਿਆ ਸੀ। ਜੰਗ ਤੋਂ ਪਹਿਲਾਂ ਦੇ 20 ਮਹੀਨਿਆਂ ਵਿਚ ਇਹ ਆਯਾਤ 1.41 ਬਿਲੀਅਨ ਸ਼ੇਕਲ ਸੀ ਅਰਥਾਤ ਜੰਗ ਸ਼ੁਰੂ ਹੋਣ ਤੋਂ ਬਾਅਦ ਇਹ ਵਪਾਰ ਲਗਭਗ ਦੋਗੁਣੀ ਤੋਂ ਵੀ ਵੱਧ ਹੋ ਗਿਆ।

ਹੁਣ ਸਵਾਲ ਪੈਦਾ ਹੋਵੇਗਾ ਕਿ ਉਹ ਕਿਹੜੇ ਦੇਸ਼ ਹਨ, ਜੋ ਇਸਰਾਇਲ ਦੇ ਸਭ ਤੋਂ ਵੱਡੇ ਜੰਗੀ ਸਾਜ਼ੋ-ਸਾਮਾਨ ਦੇ ਸਪਲਾਇਰ ਸਨ? ਖੋਜ ਪੜਤਾਲ ਅਨੁਸਾਰ ਅਮਰੀਕਾ 42 ਫ਼ੀਸਦੀ, ਭਾਰਤ 26 ਫ਼ੀਸਦੀ, ਰੋਮਾਨੀਆ 8 ਫ਼ੀਸਦੀ, ਤਾਈਵਾਨ 4 ਫ਼ੀਸਦੀ ਅਤੇ ਚੈਕ ਗਣਰਾਜ 3 ਫ਼ੀਸਦੀ ਦੀ ਹਿੱਸੇਦਾਰੀ ਨਾਲ ਸਭ ਤੋਂ ਵੱਡੇ ਸਪਲਾਇਰ ਦੇਸ਼ ਰਹੇ। ਇਹ ਪੰਜੇ ਦੇਸ਼ ਮਿਲ ਕੇ ਇਸਰਾਇਲ ਦੇ ਕੁੱਲ ਜੰਗੀ ਆਯਾਤ ਦਾ ਲਗਭਗ 83 ਫ਼ੀਸਦੀ ਹਿੱਸਾ ਬਣਦੇ ਹਨ।

ਬਾਕੀ ਕੁਝ ਵੱਡੇ ਦੇਸ਼ ਇਸ ਪ੍ਰਕਾਰ ਹਨ—ਜਰਮਨੀ, ਬਰਤਾਨੀਆ, ਫ਼ਰਾਂਸ, ਇਟਲੀ, ਸਪੇਨ, ਕੈਨੇਡਾ, ਬੈਲਜੀਅਮ, ਨੀਦਰਲੈਂਡ, ਆਸਟਰੀਆ, ਹੰਗਰੀ, ਸਲੋਵਕੀਆ, ਬੁਲਗਾਰੀਆ, ਪੋਲੈਂਡ, ਸਿੰਗਾਪੁਰ, ਤੁਰਕੀ (ਰਿਪੋਰਟ ਮੁਤਾਬਕ ਤੁਰਕੀ ਦੇ ਜਨਤਕ ਤੌਰ 'ਤੇ ਸਖ਼ਤ ਬਿਆਨਬਾਜ਼ੀ ਅਤੇ ਵਪਾਰਕ ਪਾਬੰਦੀਆਂ ਦੇ ਬਾਵਜੂਦ ਕਸਟਮ ਰਿਕਾਰਡ ਵਿਚ ਉਸ ਦੇ ਖ਼ੁਫ਼ੀਆ ਸਪਲਾਈ ਲਿੰਕ ਸਾਹਮਣੇ ਆਏ), ਜਾਪਾਨ, ਦੱਖਣੀ ਕੋਰੀਆ, ਆਸਟ੍ਰੇਲੀਆ, ਬ੍ਰਾਜ਼ੀਲ ਅਤੇ ਦੱਖਣੀ ਅਫ਼ਰੀਕਾ ਆਦਿ ਦੇਸ਼ ਹਨ।

ਅਲ-ਜਜ਼ੀਰਾ ਗਰੁੱਪ ਨੇ ਆਪਣੀ ਰਿਪੋਰਟ ਵਿਚ ਸਪਸ਼ਟ ਕੀਤਾ ਹੈ ਕਿ ਇਨ੍ਹਾਂ 51 ਦੇਸ਼ਾਂ ਵਿਚੋਂ ਕਈਆਂ ਤੋਂ ਇਹ ਸਾਮਾਨ ਸਿੱਧਾ ਇਸਰਾਇਲ ਨਹੀਂ ਭੇਜਿਆ ਗਿਆ, ਬਲਕਿ 'ਥਰਡ-ਪਾਰਟੀ ਲਾਇਸੈਂਸ' (Third-Party License) ਜਾਂ 'ਇਨਕਾਰਪੋਰੇਸ਼ਨ ਲਾਇਸੈਂਸ' ਦੇ ਤਹਿਤ ਭੇਜਿਆ ਗਿਆ ਸੀ। ਇਸ ਦਾ ਮਤਲਬ ਹੈ ਕਿ ਹਥਿਆਰਾਂ ਦੇ ਪੁਰਜ਼ੇ ਪਹਿਲਾਂ ਕਿਸੇ ਦੂਜੇ ਦੇਸ਼ (ਜਿਵੇਂ ਅਮਰੀਕਾ ਜਾਂ ਜਰਮਨੀ) ਵਿਚ ਹਥਿਆਰ ਤਿਆਰ ਕਰਨ ਲਈ ਭੇਜੇ ਗਏ ਅਤੇ ਉੱਥੋਂ ਪੂਰੀ ਤਰ੍ਹਾਂ ਤਿਆਰ ਹੋ ਕੇ ਉਹ ਇਸਰਾਇਲ ਦੀ ਫ਼ੌਜ ਤੱਕ ਪਹੁੰਚੇ। ਇਹ ਅੰਕੜੇ ਸਿਰਫ਼ ਵਪਾਰਕ ਕਾਰੋਬਾਰ ਨਹੀਂ ਦਿਖਾਉਂਦੇ, ਬਲਕਿ ਇਹ ਦੱਸਦੇ ਹਨ ਕਿ ਫ਼ਲਸਤੀਨ ਦੇ ਗਜ਼ਾ ਉੱਤੇ ਡਿੱਗਣ ਵਾਲੇ ਬੰਬਾਂ ਦੀ ਖ਼ੂਨੀ ਲੜੀ ਦੁਨੀਆ ਭਰ ਦੇ ਕਾਰਖ਼ਾਨਿਆਂ, ਬੰਦਰਗਾਹਾਂ, ਹਵਾਈ ਅੱਡਿਆਂ ਅਤੇ ਕਾਰਪੋਰੇਟ ਜੰਗੀ ਉਦਯੋਗਾਂ ਨਾਲ ਕਿੰਨੀ ਡੂੰਘੀ ਜੁੜੀ ਹੋਈ ਸੀ।

ਇਸਰਾਇਲ ਬਨਾਮ ਫ਼ਲਸਤੀਨ ਦੀ ਜੰਗ ਨੇ ਇਹ ਵੀ ਸਾਬਤ ਕੀਤਾ ਕਿ ਆਧੁਨਿਕ ਜੰਗਾਂ ਹੁਣ ਸਿਰਫ਼ ਸਰਹੱਦਾਂ ਜਾਂ ਕੌਮਾਂ ਵਿਚਾਲੇ ਨਹੀਂ ਲੜੀਆਂ ਜਾਂਦੀਆਂ, ਸਗੋਂ ਇਹ ਗਲੋਬਲ ਅਰਥ-ਵਿਵਸਥਾ ਦਾ ਬਹੁਤ ਵੱਡਾ ਮੁਨਾਫ਼ੇ ਵਾਲਾ ਕਾਰੋਬਾਰ ਬਣ ਚੁੱਕੀਆਂ ਹਨ। ਯੂਰਪੀ ਸ਼ੇਅਰ ਬਾਜ਼ਾਰਾਂ ਵਿਚ ਜੰਗ ਦੌਰਾਨ ਵੱਡੀਆਂ ਰੱਖਿਆ (Defense) ਕੰਪਨੀਆਂ ਦੇ ਸ਼ੇਅਰ ਲਗਾਤਾਰ ਚੜ੍ਹਦੇ ਰਹੇ। ਲਾਕਹੀਡ ਮਾਰਟਿਨ , ਰੇਥੀਓਨ, ਨੌਰਥਰੋਪ ਗਰੁਮੈਨ ਅਤੇ ਬੀ.ਏ.ਈ ਸਿਸਟਮਜ਼ ਵਰਗੀਆਂ ਨਾਮਵਰ ਕੰਪਨੀਆਂ ਨੇ ਅਰਬਾਂ ਡਾਲਰ ਦੇ ਨਵੇਂ ਜੰਗੀ ਠੇਕੇ ਹਾਸਲ ਕੀਤੇ। ਜੰਗ ਜਿੰਨੀ ਲੰਮੀ ਖਿੱਚਦੀ ਗਈ, ਮਨੁੱਖੀ ਲਾਸ਼ਾਂ ਦੇ ਢੇਰਾਂ 'ਤੇ ਹਥਿਆਰ ਉਦਯੋਗ ਦਾ ਮੁਨਾਫ਼ਾ ਉਨਾ ਹੀ ਵਧਦਾ ਗਿਆ।

ਇਸ ਪੂਰੀ ਜਾਂਚ ਵਿਚ ਸਭ ਤੋਂ ਹੈਰਾਨੀਜਨਕ ਅਤੇ ਦੁਖਦਾਈ ਨਾਮ ਭਾਰਤ ਦਾ ਸੀ। ਭਾਰਤ—ਜੋ ਖੁਦ ਕਦੇ ਬ੍ਰਿਟਿਸ਼ ਉਪਨਿਵੇਸ਼ਵਾਦ ਦੇ ਖ਼ਿਲਾਫ਼ ਲੰਮੀ ਲੜਾਈ ਲੜਿਆ, ਜੋ ਜਵਾਹਰ ਲਾਲ ਨਹਿਰੂ ਦੇ ਵਕਤ 'ਗੁੱਟ ਨਿਰਲੇਪਤਾ ਸਿਧਾਂਤ' ਦਾ ਮੋਢੀ ਆਗੂ ਰਿਹਾ ਸੀ ਅਤੇ ਜੋ ਇਤਿਹਾਸਕ ਤੌਰ 'ਤੇ ਹਮੇਸ਼ਾ ਫ਼ਲਸਤੀਨ ਦੀ ਹਮਾਇਤ ਵਿਚ ਖੜ੍ਹਦਾ ਸੀ। ਉਹ ਹੁਣ ਇਸਰਾਇਲ ਦਾ ਦੂਜਾ ਸਭ ਤੋਂ ਵੱਡਾ ਜੰਗੀ ਸਪਲਾਇਰ ਬਣ ਚੁੱਕਾ ਸੀ। ਭਾਰਤੀ ਕੰਪਨੀਆਂ ਵੱਲੋਂ ਭੇਜੇ ਗਏ ਸਮਾਨ ਵਿਚ ਹੈਵੀ ਫਰਾਗ ਕੰਪੋਨੈਂਟ, 155 ਐਮਐਮ ਪ੍ਰੋਜੈਕਟਾਈਲ ਬਾਡੀਆਂ, ਬੂਸਟਰ ਪੈਲਟ ਅਤੇ ਗੋਲਾ-ਬਾਰੂਦ ਦੇ




ਧਾਤੂ ਹਿੱਸੇ ਸ਼ਾਮਲ ਸਨ। ਹਥਿਆਰਾਂ ਦੇ ਮਾਹਿਰਾਂ ਮੁਤਾਬਕ, ਇਹ ਉਹ ਘਾਤਕ ਹਿੱਸੇ ਹਨ ਜੋ ਧਮਾਕਿਆਂ ਦੌਰਾਨ ਬੰਬ ਦੇ ਧਾਤੂ ਟੁਕੜਿਆਂ (Splinters) ਨੂੰ ਬਹੁਤ ਵੱਡੇ ਖੇਤਰ ਵਿਚ ਫੈਲਾ ਕੇ ਵਧੇਰੇ ਜਾਨੀ ਨੁਕਸਾਨ ਕਰਦੇ ਹਨ। ਰਾਫੇਲ ਐਡਵਾਂਸ ਡਿਫੈਂਸ ਸਿਸਟਮ ਅਤੇ ਆਈ.ਐਮ.ਆਈ. ਸਿਸਟਮ ਵਰਗੀਆਂ ਇਸਰਾਇਲੀ ਕੰਪਨੀਆਂ ਨੂੰ ਭਾਰਤੀ ਕੰਪਨੀਆਂ ਵੱਲੋਂ ਸਿੱਧੇ ਤੌਰ 'ਤੇ ਹਥਿਆਰਾਂ ਦੇ ਭਾਗ ਭੇਜੇ ਗਏ।

ਇਹ ਸਿਰਫ਼ ਵਪਾਰ ਨਹੀਂ ਸੀ, ਬਲਕਿ ਭਾਰਤ ਦੀ ਵਿਦੇਸ਼ ਨੀਤੀ ਦੇ ਬਹੁਤ ਵੱਡੇ ਬਦਲਾਅ ਦਾ ਪ੍ਰਤੀਕ ਸੀ। ਜਿੱਥੇ ਇੱਕ ਪਾਸੇ ਭਾਰਤੀ ਸਰਕਾਰ ਸੰਸਾਰ ਮੰਚ 'ਤੇ 'ਵਸੁਧੈਵ ਕੁਟੁੰਬਕਮ' (ਸਾਰੀ ਦੁਨੀਆ ਇੱਕ ਪਰਿਵਾਰ ਹੈ) ਦੀ ਗੱਲ ਕਰਦਾ ਹੈ, ਉੱਥੇ ਦੂਜੇ ਪਾਸੇ ਉਸ ਦੇ ਉਦਯੋਗ ਇਸ ਭਿਆਨਕ ਜੰਗੀ ਅਰਥ-ਵਿਵਸਥਾ ਦਾ ਅਹਿਮ ਹਿੱਸਾ ਬਣਦੇ ਦਿਖਾਈ ਦਿੰਦੇ ਹਨ। ਇਹ ਸਵਾਲ ਸਿਰਫ਼ ਨੈਤਿਕ ਨਹੀਂ, ਬਲਕਿ ਡੂੰਘਾ ਰਾਜਨੀਤਕ ਵੀ ਹੈ। ਕੀ ਭਾਰਤ ਹੁਣ ਪੱਛਮੀ ਜੰਗੀ ਗਠਜੋੜ ਦਾ ਹਿੱਸਾ ਬਣਦਾ ਜਾ ਰਿਹਾ ਹੈ? ਕੀ ਹਿੰਦੂ ਰਾਸ਼ਟਰਵਾਦ ਅਤੇ ਜ਼ਾਇਓਨਿਸਟ ਰਾਜਨੀਤੀ ਵਿਚਾਲੇ ਬਣ ਰਹੀ ਵਿਚਾਰਧਾਰਕ ਨੇੜਤਾ ਦਾ ਇਹ ਸਿੱਧਾ ਨਤੀਜਾ ਹੈ? ਕੀ ਭਾਰਤੀ ਕਾਰਪੋਰੇਟ ਜੰਗੀ ਉਦਯੋਗ ਨੂੰ ਹੁਣ ਗਲੋਬਲ ਟਕਰਾਵਾਂ ਵਿਚ ਮੁਨਾਫ਼ਾ ਕਮਾਉਣ ਦੇ ਨਵੇਂ ਬਾਜ਼ਾਰ ਦਿਖ ਰਹੇ ਹਨ?

ਇਸਰਾਇਲ ਬਨਾਮ ਫ਼ਲਸਤੀਨ ਦੇ ਗਜ਼ਾ ਦੀ ਜੰਗ ਨੇ ਇਹ ਵੀ ਬੇਨਕਾਬ ਕੀਤਾ ਕਿ ਇੱਕੀਵੀਂ ਸਦੀ ਦਾ ਸਰਮਾਏਦਾਰ ਜੰਗੀ ਨਿਜ਼ਾਮ (Capitalist War Machine) ਹੁਣ ਸਿਰਫ਼ ਬੰਦੂਕਾਂ ਅਤੇ ਮਿਸਾਇਲਾਂ ਦਾ ਸਧਾਰਨ ਮਾਮਲਾ ਨਹੀਂ ਰਿਹਾ। ਸਗੋਂ ਇਹ ਬਹੁ-ਰਾਸ਼ਟਰੀ ਕਾਰਪੋਰੇਟ ਗਠਜੋੜਾਂ, ਨਿੱਜੀ ਰੱਖਿਆ ਉਦਯੋਗਾਂ, ਡਾਟਾ ਨਿਗਰਾਨੀ ਪ੍ਰਣਾਲੀਆਂ ਅਤੇ ਭੂ-ਰਾਜਨੀਤਕ ਸਾਂਝਾਂ ਦਾ ਇੱਕ ਬਹੁਤ ਵੱਡਾ ਅਤੇ ਗੁੰਝਲਦਾਰ ਜਾਲ ਬਣ ਚੁੱਕਿਆ ਹੈ।

ਪ੍ਰਸਿੱਧ ਅਮਰੀਕੀ ਵਿਦਵਾਨ ਨੋਆਮ ਚੌਮਸਕੀ ਕਈ ਸਾਲ ਪਹਿਲਾਂ ਲਿਖ ਚੁੱਕੇ ਹਨ ਕਿ ਆਧੁਨਿਕ ਜੰਗਾਂ ਹੁਣ 'ਲੋਕਤੰਤਰ ਦੀ ਰੱਖਿਆ' ਦੇ ਸੁੰਦਰ ਨਾਮ 'ਤੇ ਲੜੀਆਂ ਜਾਂਦੀਆਂ ਹਨ, ਪਰ ਅਸਲ ਵਿਚ ਉਹ ਗਲੋਬਲ ਸਰਮਾਏ ਦੀ ਹਿਫ਼ਾਜ਼ਤ ਅਤੇ ਮੁਨਾਫ਼ੇ ਲਈ ਹੁੰਦੀਆਂ ਹਨ। ਗਜ਼ਾ ਖੇਤਰ ਦੀ ਜੰਗ ਇਸੇ ਸਿਧਾਂਤ ਦੀ ਸਭ ਤੋਂ ਭਿਆਨਕ ਅਤੇ ਤਾਜ਼ਾ ਮਿਸਾਲ ਵਜੋਂ ਸਾਹਮਣੇ ਆਈ ਹੈ।

ਇੱਕ ਪਾਸੇ ਦੁਨੀਆ ਦੇ ਸਭ ਤੋਂ ਵੱਡੇ ਮੀਡੀਆ ਘਰਾਣੇ 'ਆਤਮ-ਰੱਖਿਆ' ਦੀ ਭਾਸ਼ਾ ਵਰਤ ਰਹੇ ਸਨ, ਜਦਕਿ ਦੂਜੇ ਪਾਸੇ ਉਨ੍ਹਾਂ ਦੇ ਆਪਣੇ ਮੁਲਕ ਇਸਰਾਇਲ ਨੂੰ ਗੋਲਾ-ਬਾਰੂਦ, ਜੰਗੀ ਜਹਾਜ਼ਾਂ ਦੇ ਹਿੱਸੇ, ਉੱਨਤ ਨਿਗਰਾਨੀ ਤਕਨਾਲੋਜੀ ਅਤੇ ਖ਼ੁਫ਼ੀਆ ਸਹਾਇਤਾ ਮੁਹੱਈਆ ਕਰਵਾ ਰਹੇ ਸਨ।

ਇਹ ਪੂਰਾ ਢਾਂਚਾ ਉਸ 'ਮਿਲਟਰੀ-ਇੰਡਸਟਰੀਅਲ ਕੰਪਲੈਕਸ' ਦੀ ਯਾਦ ਦਿਵਾਉਂਦਾ ਹੈ, ਜਿਸ ਬਾਰੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡਵਾਈਟ ਡੀ. ਆਈਜ਼ਨਹਾਵਰ ਨੇ 1961 ਵਿਚ ਬੜੀ ਦੂਰਅੰਦੇਸ਼ੀ ਨਾਲ ਚੇਤਾਵਨੀ ਦਿੱਤੀ ਸੀ। ਉਨ੍ਹਾਂ ਕਿਹਾ ਸੀ ਕਿ ਜੇਕਰ ਜੰਗੀ ਉਦਯੋਗ ਅਤੇ ਸਿਆਸੀ ਤਾਕਤ ਆਪਸ ਵਿਚ ਇੱਕ-ਮਿਕ ਹੋ ਗਏ ਤਾਂ ਲੋਕਤੰਤਰ ਸਿਰਫ਼ ਇੱਕ ਖ਼ਾਲੀ ਨਾਅਰਾ ਬਣ ਕੇ ਰਹਿ ਜਾਵੇਗਾ। ਗਜ਼ਾ ਵਿਚ ਬਿਲਕੁਲ ਉਹੀ ਹੁੰਦਾ ਦਿਖਿਆ, ਜਿੱਥੇ ਕਰੋੜਾਂ ਮਨੁੱਖੀ ਜਾਨਾਂ ਅਤੇ ਮਾਸੂਮਾਂ ਦੇ ਖ਼ੂਨ ਨਾਲੋਂ ਵਧੇਰੇ ਅਹਿਮੀਅਤ ਹਥਿਆਰਾਂ ਦੇ ਅਰਬਾਂ ਡਾਲਰ ਦੇ ਠੇਕਿਆਂ ਅਤੇ ਰਣਨੀਤਕ ਗਠਜੋੜਾਂ ਨੂੰ ਦਿੱਤੀ ਗਈ।

ਇਸੇ ਦੌਰਾਨ ਦੂਜੇ ਪਾਸੇ, ਯੂਰਪ ਦੀਆਂ ਸਰਕਾਰਾਂ ਸਭ ਤੋਂ ਵੱਧ ਦੋਹਰੇ ਚਿਹਰੇ ਨਾਲ ਸਾਹਮਣੇ ਆਈਆਂ। ਸਪੇਨ, ਫ਼ਰਾਂਸ, ਜਰਮਨੀ, ਬਰਤਾਨੀਆ, ਇਟਲੀ ਵਰਗੇ ਦੇਸ਼ ਜਨਤਕ ਮੰਚਾਂ 'ਤੇ ਜੰਗਬੰਦੀ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਦੇ ਰਹੇ, ਪਰ ਪਰਦੇ ਦੇ ਪਿੱਛੇ ਉਨ੍ਹਾਂ ਦੀ ਜੰਗੀ ਸਪਲਾਈ ਬੇਰੋਕ ਜਾਰੀ ਰਹੀ। ਇਸੇ ਲੜੀ 'ਚ ਕੇਨੈਡਾ ਵੀ ਸ਼ਾਮਿਲ ਹੈ।

ਬਰਤਾਨੀਆ ਨੇ ਸਤੰਬਰ 2024 ਵਿਚ ਦਿਖਾਵੇ ਲਈ ਕੁਝ ਹਥਿਆਰ ਲਾਇਸੈਂਸ ਸਸਪੈਂਡ (ਮੁਅੱਤਲ) ਕੀਤੇ, ਪਰ ਲਗਭਗ 350 ਬਾਕੀ ਅਹਿਮ ਲਾਇਸੈਂਸ ਚਾਲੂ ਰੱਖੇ। ਸਭ ਤੋਂ ਘਾਤਕ 'ਐਫ-35 ਜੰਗੀ ਜਹਾਜ਼ ਪ੍ਰੋਗਰਾਮ' ਲਈ ਪੁਰਜ਼ਿਆਂ ਦੀ ਸਪਲਾਈ ਨੂੰ ਬਿਲਕੁਲ ਨਹੀਂ ਰੋਕਿਆ ਗਿਆ। ਬਰਤਾਨੀਆ ਤੋਂ ਇਸਰਾਇਲ ਨੂੰ ਲੱਖਾਂ ਪੌਂਡਾਂ ਦੇ ਜਹਾਜ਼ੀ ਹਿੱਸੇ, ਆਧੁਨਿਕ ਨੇਵੀਗੇਸ਼ਨ ਸਿਸਟਮ ਅਤੇ ਟਾਰਗੇਟਿੰਗ (ਨਿਸ਼ਾਨਾ ਲਗਾਉਣ ਵਾਲੇ) ਉਪਕਰਣ ਲਗਾਤਾਰ ਭੇਜੇ ਗਏ। ਇਸ ਨਾਲ ਇੱਕ ਵੱਡਾ ਸਵਾਲ ਉੱਠਦਾ ਹੈ ਕਿ ਕੀ ਇਹ 'ਪਾਬੰਦੀਆਂ' ਸਿਰਫ਼ ਲੋਕਾਂ ਨੂੰ ਮੂਰਖ ਬਣਾਉਣ ਵਾਲੇ ਰਾਜਨੀਤਕ ਬਿਆਨ ਹੁੰਦੇ ਹਨ? ਕੀ ਸਰਕਾਰਾਂ ਜਨਤਕ ਗੁੱਸੇ ਨੂੰ ਠੰਡਾ ਕਰਨ ਲਈ ਅਜਿਹੇ ਪ੍ਰਤੀਕਾਤਮਕ ਐਲਾਨ ਕਰਦੀਆਂ ਹਨ, ਜਦਕਿ ਜੰਗੀ ਕਾਰੋਬਾਰ ਪਿੱਛੇ ਚੁੱਪਚਾਪ ਚਲਦਾ ਰਹਿੰਦਾ ਹੈ?

ਦੂਜੇ ਵਿਸ਼ਵ ਯੁੱਧ ਦੇ ਇਤਿਹਾਸਕ ਦੋਸ਼ਾਂ ਅਤੇ ਹੀਣਤਾ ਨੂੰ ਝੱਲਦਾ ਜਰਮਨੀ ਲੰਬੇ ਸਮੇਂ ਤੋਂ ਇਸਰਾਇਲ ਦਾ ਸਭ ਤੋਂ ਵੱਡਾ ਰਣਨੀਤਕ ਸਾਥੀ ਰਿਹਾ ਹੈ। ਗਜ਼ਾ ਖੇਤਰ ਦੀ ਪੂਰਨ ਤਬਾਹੀ ਤੋਂ ਬਾਅਦ ਵੀ ਜਰਮਨੀ ਨੇ ਹਥਿਆਰਾਂ ਦੀ ਸਪਲਾਈ ਨੂੰ ਬਿਲਕੁਲ ਬੰਦ ਨਹੀਂ ਕੀਤਾ, ਬਲਕਿ ਲਗਭਗ ਜੰਗ ਦੇ ਅੰਤ ਨੇੜੇ ਜਾ ਕੇ ਹੀ ਇਸ ਨੂੰ ਥੋੜ੍ਹਾ ਸੀਮਿਤ ਕੀਤਾ। ਫ਼ਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਜਨਤਕ ਤੌਰ 'ਤੇ ਹਥਿਆਰ ਰੋਕਣ ਦੀ ਗੱਲ ਕਹੀ, ਪਰ ਅਧਿਕਾਰਤ ਡਾਟਾ ਦਿਖਾਉਂਦਾ ਹੈ ਕਿ ਇਸ ਬਿਆਨ ਤੋਂ ਬਾਅਦ ਵੀ ਫ਼ਰਾਂਸੀਸੀ ਹਥਿਆਰਾਂ ਦੀਆਂ ਖੇਪਾਂ ਇਸਰਾਇਲ ਪਹੁੰਚਦੀਆਂ ਰਹੀਆਂ। ਇਟਲੀ ਨੇ ਵੀ 'ਅਸਥਾਈ ਰੋਕ' ਦਾ ਡਰਾਮਾ ਕੀਤਾ, ਪਰ ਪੁਰਾਣੇ ਸਾਰੇ ਲਾਇਸੰਸ ਜਾਰੀ ਰੱਖੇ ਗਏ। ਇਹ ਸਾਰੇ ਮਾਮਲੇ ਇਹ ਸਾਬਤ ਕਰਦੇ ਹਨ ਕਿ ਗਲੋਬਲ ਪੂੰਜੀਵਾਦੀ ਜੰਗੀ ਉਦਯੋਗ ਵਿਚ 'ਮਨੁੱਖੀ ਅਧਿਕਾਰ' ਅਤੇ 'ਅੰਤਰਰਾਸ਼ਟਰੀ ਕਾਨੂੰਨ' ਵਰਗੇ ਸ਼ਬਦ ਅਕਸਰ ਰਾਜਨੀਤਿਕ ਭਾਸ਼ਣਾਂ ਅਤੇ ਫ਼ਾਈਲਾਂ ਤੱਕ ਹੀ ਸੀਮਿਤ ਰਹਿੰਦੇ ਹਨ।

ਯੂਰਪੀ ਮੁਲਕਾਂ ਦੀ ਇਸ ਨਕਾਰਾਤਮਕ ਭੂਮਿਕਾ ਦਾ ਅਧਿਐਨ ਕਰਦੇ ਸਮੇਂ ਇੱਕ ਹੋਰ ਡੂੰਘੀ ਇਤਿਹਾਸਕ ਵਿਡੰਬਨਾ ਸਾਹਮਣੇ ਆਉਂਦੀ ਹੈ। ਜਿਹੜਾ ਯੂਰਪ ਕਦੇ ਮਨੁੱਖੀ ਹੱਕਾਂ, ਉਦਾਰ ਲੋਕਤੰਤਰ ਅਤੇ ਅੰਤਰਰਾਸ਼ਟਰੀ ਕਾਨੂੰਨ ਦਾ ਸਭ ਤੋਂ ਵੱਡਾ ਪੈਰੋਕਾਰ ਅਤੇ ਗੁਰੂ ਬਣਦਾ ਰਿਹਾ, ਉਹੀ ਯੂਰਪ ਇਸਰਾਇਲ ਬਨਾਮ ਫ਼ਲਸਤੀਨ-ਗਜ਼ਾ ਦੇ ਮਾਮਲੇ ਵਿਚ ਨੈਤਿਕ ਤੌਰ 'ਤੇ ਬੁਰੀ ਤਰ੍ਹਾਂ ਵੰਡਿਆ ਹੋਇਆ ਨਜ਼ਰ ਆਇਆ। ਜਰਮਨੀ ਵਰਗੇ ਮੁਲਕ, ਜੋ ਦੂਜੇ ਵਿਸ਼ਵ ਯੁੱਧ ਅਤੇ 'ਦਾ ਹੋਲੋਕਾਸਟ' (ਯਹੂਦੀ ਘੱਲੂਘਾਰਾ) ਦੀ ਇਤਿਹਾਸਕ ਯਾਦ ਅਤੇ ਪਛਤਾਵੇ ਨੂੰ ਆਪਣੀ ਸਿਆਸੀ ਨੈਤਿਕਤਾ ਦਾ ਕੇਂਦਰ ਮੰਨਦੇ ਹਨ, ਉਹ ਵੀ ਫ਼ਲਸਤੀਨੀ ਨਾਗਰਿਕਾਂ ਦੀ ਸਮੂਹਕ ਤਬਾਹੀ ਦੇ ਮਾਮਲੇ ਵਿਚ ਇੱਕ ਸਾਫ਼, ਸਪਸ਼ਟ ਅਤੇ ਮਜ਼ਬੂਤ ਮਨੁੱਖੀ ਰੁਖ਼ ਲੈਣ ਤੋਂ ਬੁਰੀ ਤਰ੍ਹਾਂ ਕਤਰਾਉਂਦੇ ਰਹੇ।

ਮਸ਼ਹੂਰ ਫ਼ਰਾਂਸੀਸੀ ਦਰਸ਼ਨ ਸ਼ਾਸਤਰੀ ਮਿਸ਼ੇਲ ਫੂਕੋ ਨੇ ਕਿਹਾ ਸੀ ਕਿ ਆਧੁਨਿਕ ਰਾਜ ਸਿਰਫ਼ ਕਾਨੂੰਨ ਨਾਲ ਨਹੀਂ, ਸਗੋਂ 'ਨਿਗਰਾਨੀ ਅਤੇ ਨਿਯੰਤਰਣ' ਦੇ ਵੱਖ-ਵੱਖ ਤੰਤਰਾਂ ਨਾਲ ਚੱਲਦੇ ਹਨ। ਗਜ਼ਾ ਖੇਤਰ ਇਸ ਸਿਧਾਂਤ ਦੀ ਜ਼ਿੰਦਾ ਅਤੇ ਬੇਹੱਦ ਭਿਆਨਕ ਪ੍ਰਯੋਗਸ਼ਾਲਾ ਬਣ ਗਿਆ, ਜਿੱਥੇ ਹਾਈ-ਟੈਕ ਡਰੋਨ ਨਿਗਰਾਨੀ, ਚਿਹਰਾ ਪਛਾਣ ਪ੍ਰਣਾਲੀ , ਡਿਜੀਟਲ ਟਰੈਕਿੰਗ ਅਤੇ ਸਖ਼ਤ ਸਰਹੱਦੀ ਕੰਟਰੋਲ ਰਾਹੀਂ ਪੂਰੀ ਹੱਸਦੀ-ਖੇਡਦੀ ਆਬਾਦੀ ਨੂੰ ਦੁਨੀਆ ਦੀ ਸਭ ਤੋਂ ਵੱਡੀ 'ਖੁੱਲ੍ਹੀ ਜੇਲ੍ਹ' ਵਿਚ ਤਬਦੀਲ ਕਰ ਦਿੱਤਾ ਗਿਆ। ਯੂਰਪ ਦੀਆਂ ਹਕੂਮਤਾਂ ਨੇ ਭਾਵੇਂ ਜਨਤਕ ਤੌਰ 'ਤੇ ਉੱਪਰੋਂ-ਉੱਪਰੋਂ 'ਚਿੰਤਾ' ਜ਼ਾਹਰ ਕੀਤੀ, ਪਰ ਉਨ੍ਹਾਂ ਦੇ ਰੱਖਿਆ ਉਦਯੋਗਾਂ, ਵੱਡੇ ਬੈਂਕਿੰਗ ਨੈੱਟਵਰਕਾਂ ਅਤੇ ਫੌਜੀ ਗਠਜੋੜਾਂ ਨੇ ਇਸਰਾਇਲ ਦੀ ਜੰਗੀ ਮਸ਼ੀਨ ਨੂੰ ਇੱਕ ਪਲ ਲਈ ਵੀ ਰੁਕਣ ਨਹੀਂ ਦਿੱਤਾ। ਇਹ ਉਹੀ ਦੋਹਰਾ ਚਿਹਰਾ ਹੈ ਜਿਸ ਵਿਚ ਮਨੁੱਖੀ ਅਧਿਕਾਰਾਂ ਦੀ ਭਾਸ਼ਾ ਵੀ ਬੋਲੀ ਜਾਂਦੀ ਹੈ ਅਤੇ ਨਾਲ ਦੀ ਨਾਲ ਅਰਬਾਂ ਡਾਲਰਾਂ ਦਾ ਜੰਗੀ ਕਾਰੋਬਾਰ ਵੀ ਚਲਾਇਆ ਜਾਂਦਾ ਹੈ।

ਇਸੇ ਤਰ੍ਹਾਂ, ਗਜ਼ਾ ਦੀ ਜੰਗ ਨੇ ਸਿਰਫ਼ ਪੱਛਮੀ ਦੁਨੀਆ ਦੀ ਨੈਤਿਕ ਕੰਗਾਲੀ ਨੂੰ ਹੀ ਨਹੀਂ, ਸਗੋਂ ਅਰਬ ਅਤੇ ਮੁਸਲਿਮ ਦੁਨੀਆ ਦੀ ਘੋਰ ਸਿਆਸੀ ਬੇਬਸੀ ਅਤੇ ਅੰਦਰੂਨੀ ਟੁੱਟ-ਫੁੱਟ ਨੂੰ ਵੀ ਬੁਰੀ ਤਰ੍ਹਾਂ ਨੰਗਾ ਕਰ ਦਿੱਤਾ। ਜਿਹੜੇ ਇਸਲਾਮਿਕ ਮੁਲਕ ਦਹਾਕਿਆਂ ਤੋਂ ਫ਼ਲਸਤੀਨ ਦੇ ਨਾਮ 'ਤੇ ਆਪਣੀ ਜਨਤਾ ਅੱਗੇ ਜਜ਼ਬਾਤੀ ਖ਼ਿਤਾਬ ਅਤੇ ਭਾਸ਼ਣ ਕਰਦੇ ਰਹੇ, ਉਨ੍ਹਾਂ ਵਿਚੋਂ ਬਹੁਤੇ ਜੰਗ ਦੇ ਸਭ ਤੋਂ ਭਿਆਨਕ ਦੌਰ ਵਿਚ ਸਿਰਫ਼ ਕਾਗਜ਼ੀ ਬਿਆਨਾਂ ਤੱਕ ਸੀਮਿਤ ਰਹਿ ਗਏ। ਅਰਬ ਲੀਗ ਦੀਆਂ ਕਈ ਮੀਟਿੰਗਾਂ ਹੋਈਆਂ, ਆਰਗੇਨਾਈਜ਼ੇਸ਼ਨ ਆਫ਼ ਇਸਲਾਮਿਕ ਕੋਪਰੇਸ਼ਨ ਨੇ ਵੱਡੇ-ਵੱਡੇ ਮਤੇ ਪਾਸ ਕੀਤੇ, ਪਰ ਗਜ਼ਾ ਖੇਤਰ ਦੀ ਬੇਰਹਿਮ ਤਬਾਹੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਲਈ ਕੋਈ ਵੀ ਸਾਂਝਾ, ਮਜ਼ਬੂਤ ਰਾਜਨੀਤਕ ਜਾਂ ਆਰਥਿਕ ਦਬਾਅ ਪੈਦਾ ਨਾ ਹੋ ਸਕਿਆ।

ਤੇਲ ਦੀ ਅਥਾਹ ਤਾਕਤ ਰੱਖਣ ਵਾਲੇ ਖਾੜੀ ਮੁਲਕ, ਜੋ ਜੇ ਚਾਹੁੰਦੇ ਤਾਂ ਆਪਣੀਆਂ ਨੀਤੀਆਂ ਨਾਲ ਪੂਰੀ ਦੁਨੀਆ ਦੀ ਅਰਥ-ਵਿਵਸਥਾ ਨੂੰ ਹਿਲਾ

***(ਬਾਕੀ ਅਗਲੇ ਸਫੇ 'ਤੇ)***

*(ਪਿਛਲੇ ਸਫੇ ਦਾ ਬਾਕੀ)*

ਸਕਦੇ ਸਨ, ਉਹ ਵੀ ਅਮਰੀਕੀ ਅਤੇ ਪੱਛਮੀ ਰਣਨੀਤਕ ਗਠਜੋੜਾਂ ਅਤੇ ਆਪਣੇ ਨਿੱਜੀ ਹਿੱਤਾਂ ਤੋਂ ਬਾਹਰ ਨਿਕਲਣ ਦੀ ਹਿੰਮਤ ਨਾ ਕਰ ਸਕੇ। ਪ੍ਰਸਿੱਧ ਫ਼ਲਸਤੀਨੀ-ਅਮਰੀਕੀ ਸਿਆਸੀ ਵਿਸ਼ਲੇਸ਼ਕ ਅਤੇ ਵਿਦਵਾਨ ਐਡਵਰਡ ਸਈਦ ਨੇ ਕਦੇ ਬਹੁਤ ਸਹੀ ਲਿਖਿਆ ਸੀ ਕਿ ਫ਼ਲਸਤੀਨ ਦਾ ਮਸਲਾ ਸਿਰਫ਼ ਜ਼ਮੀਨ ਦਾ ਇੱਕ ਟੁਕੜਾ ਹਾਸਲ ਕਰਨ ਦਾ ਮਸਲਾ ਨਹੀਂ, ਸਗੋਂ ਇਹ ਸਮੁੱਚੀ ਅਰਬ ਦੁਨੀਆ ਦੀ ਸਿਆਸੀ ਇਰਾਦਾ-ਸ਼ਕਤੀ ਦੀ ਸਭ ਤੋਂ ਵੱਡੀ ਕਸੌਟੀ ਵੀ ਹੈ। ਗਜ਼ਾ ਦੀ ਇਸ ਜੰਗ ਦੌਰਾਨ ਇਹ ਗੱਲ ਮੁੜ ਅੱਖਰ-ਅੱਖਰ ਸੱਚ ਸਾਬਤ ਹੋਈ, ਜਿੱਥੇ ਅਰਬ ਦੇਸ਼ਾਂ ਦੇ ਆਮ ਲੋਕ ਤਾਂ ਸੜਕਾਂ 'ਤੇ ਰੋਸ ਪ੍ਰਦਰਸ਼ਨ ਕਰ ਰਹੇ ਸਨ, ਪਰ ਉਨ੍ਹਾਂ ਦੀਆਂ ਹਕੂਮਤਾਂ ਆਪਣੇ ਸਵਾਰਥਾਂ ਲਈ ਇੱਕ ਗੂੜ੍ਹੀ ਰਣਨੀਤਕ ਖ਼ਾਮੋਸ਼ੀ ਵਿਚ ਡੁੱਬੀਆਂ ਹੋਈਆਂ ਸਨ। ਇਹ ਖ਼ਾਮੋਸ਼ੀ ਵੀ ਇਸ ਜੰਗ ਦੀ ਇੱਕ ਬੇਹੱਦ ਅਹਿਮ ਅਤੇ ਸ਼ਰਮਨਾਕ ਸਿਆਸੀ ਪਰਤ ਬਣ ਕੇ ਸਾਹਮਣੇ ਆਈ।

ਇਹ ਜੰਗ ਸਿਰਫ਼ ਆਧੁਨਿਕ ਗੋਲੀਆਂ, ਬੰਬਾਂ ਜਾਂ ਮਿਸਾਇਲਾਂ ਨਾਲ ਹੀ ਨਹੀਂ, ਬਲਕਿ ਭੁੱਖਮਰੀ ਵਰਗੇ ਅਣਮਨੁੱਖੀ ਹਥਿਆਰ ਨਾਲ ਵੀ ਲੜੀ ਗਈ। ਸਾਲ 2025 ਤੱਕ ਆਉਂਦੇ-ਆਉਂਦੇ ਗਜ਼ਾ ਖੇਤਰ ਵਿਚ ਭੁੱਖ ਨੂੰ ਇੱਕ ਯੁੱਧਨੀਤੀ ਵਜੋਂ ਵਰਤਿਆ ਗਿਆ। ਸੰਯੁਕਤ ਰਾਸ਼ਟਰ ਨੇ ਅਧਿਕਾਰਤ ਤੌਰ 'ਤੇ ਚੇਤਾਵਨੀ ਦਿੱਤੀ ਕਿ ਗਜ਼ਾ ਪੂਰੀ ਤਰ੍ਹਾਂ ਅਕਾਲ ਦੇ ਕਿਨਾਰੇ 'ਤੇ ਖੜ੍ਹਾ ਹੈ। ਮਾਸੂਮ ਲੋਕ ਖਾਣੇ ਦੇ ਪੈਕੇਟ ਅਤੇ ਰੋਟੀ ਵਾਸਤੇ ਲੰਮੀਆਂ ਲਾਈਨਾਂ ਵਿਚ ਖੜ੍ਹੇ-ਖੜ੍ਹੇ ਹੀ ਗੋਲੀਆਂ ਦੇ ਸ਼ਿਕਾਰ ਹੋ ਕੇ ਮਰ ਰਹੇ ਸਨ। ਸਹਾਇਤਾ ਕੇਂਦਰਾਂ ਕੋਲ ਬੇਸਹਾਰਾ ਲੋਕਾਂ 'ਤੇ ਸਿੱਧੀਆਂ ਗੋਲੀਆਂ ਚਲਾਈਆਂ ਜਾਂਦੀਆਂ ਸਨ।

ਉੱਥੋਂ ਦੇ ਇੱਕ 16 ਸਾਲਾ ਫ਼ਲਸਤੀਨੀ ਨੌਜਵਾਨ ਖਾਲਿਦ ਅਬੂ ਜਮਿਆ ਨੇ ਹੰਝੂਆਂ ਭਰੀਆਂ ਅੱਖਾਂ ਨਾਲ ਦੱਸਿਆ ਸੀ ਕਿ ਉਹ ਅਤੇ ਉਸ ਦੇ ਸਾਥੀ ਜਦੋਂ ਸਿਰਫ਼ ਖਾਣੇ ਦੀ ਖੋਜ ਵਿਚ ਬਾਹਰ ਗਏ ਸਨ, ਉਦੋਂ ਅਚਾਨਕ ਹੀ ਇਸਰਾਈਲੀ ਫ਼ੌਜ ਵੱਲੋਂ ਗੋਲੀਆਂ ਚੱਲਣ ਲੱਗੀਆਂ, ਜਿਨ੍ਹਾਂ ਦੀ ਲਪੇਟ ਵਿਚ ਆਉਣ ਨਾਲ ਉਸ ਦਾ ਪਿਆਰਾ ਦੋਸਤ ਨਾਦਰ ਮੌਕੇ 'ਤੇ ਹੀ ਮਾਰਿਆ ਗਿਆ। ਮਈ 2025 ਤੋਂ ਅਕਤੂਬਰ 2025 ਦੇ ਸਿਰਫ਼ ਛੇ ਮਹੀਨਿਆਂ ਦੇ ਅੰਦਰ, ਆਪਣੇ ਪਰਿਵਾਰ ਲਈ ਖਾਣਾ ਲੈਣ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰਦੇ ਹੋਏ 2,600 ਤੋਂ ਵੱਧ ਫ਼ਲਸਤੀਨੀ ਨਾਗਰਿਕ ਬੇਰਹਿਮੀ ਨਾਲ ਮਾਰੇ ਗਏ। ਇਹ ਸਿਰਫ਼ ਦੋ ਫ਼ੌਜਾਂ ਵਿਚਕਾਰ ਜੰਗ ਨਹੀਂ ਸੀ, ਬਲਕਿ ਇੱਕ ਨਿਹੱਥੀ ਆਬਾਦੀ ਨੂੰ ਦਿੱਤੀ ਜਾ ਰਹੀ ਇੱਕ ਯੋਜਨਾਬੱਧ ਸਮੂਹਿਕ ਸਜ਼ਾ ਸੀ।

ਜੇਕਰ ਸਮਾਜ ਸ਼ਾਸਤਰ ਅਤੇ ਰਾਜਨੀਤਿਕ ਅਰਥਸ਼ਾਸਤਰ ਦੀ ਨਜ਼ਰ ਨਾਲ ਡੂੰਘਾਈ ਵਿਚ ਵੇਖਿਆ ਜਾਵੇ, ਤਾਂ ਗਜ਼ਾ ਖੇਤਰ ਦੀ ਜੰਗ ਸਿਰਫ਼ ਇੱਕ ਰਵਾਇਤੀ ਫੌਜੀ ਹਮਲਾ ਨਹੀਂ ਸੀ, ਸਗੋਂ ਇਹ ਮਨੁੱਖੀ 'ਜੀਵਨ ਦੀਆਂ ਸਭ ਤੋਂ ਬੁਨਿਆਦੀ ਸ਼ਰਤਾਂ' ਉੱਤੇ ਮੁਕੰਮਲ ਕਬਜ਼ਾ ਕਰਨ ਦੀ ਕਰੂਰ ਜੰਗ ਸੀ। ਪਾਣੀ, ਰੋਟੀ, ਦਵਾਈ, ਬਿਜਲੀ ਅਤੇ ਇੰਟਰਨੈੱਟ-ਸੰਚਾਰ ਪ੍ਰਣਾਲੀ ਉੱਤੇ ਪੂਰਨ ਕਾਬੂ ਹਾਸਲ ਕਰਕੇ, ਇੱਕ ਪੂਰੀ ਸਵੈ-ਅਭਿਮਾਨੀ ਆਬਾਦੀ ਨੂੰ ਮਨੋਵਿਗਿਆਨਕ, ਸਰੀਰਕ ਅਤੇ ਸਮਾਜਿਕ ਤੌਰ 'ਤੇ ਪੂਰੀ ਤਰ੍ਹਾਂ ਢਾਹੁਣ ਅਤੇ ਤੋੜਨ ਦੀ ਕੋਸ਼ਿਸ਼ ਕੀਤੀ ਗਈ।

ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਨੁਸਾਰ ਸਾਲ 2025 ਤੱਕ ਗਜ਼ਾ ਖੇਤਰ ਦੀ 90 ਫ਼ੀਸਦੀ ਤੋਂ ਵੱਧ ਆਬਾਦੀ ਪੂਰੀ ਤਰ੍ਹਾਂ ਬੇਘਰ ਹੋ ਚੁੱਕੀ ਸੀ। ਮਾਸੂਮ ਬੱਚਿਆਂ ਵਿਚ ਭੁੱਖ ਅਤੇ ਕੁਪੋਸ਼ਣ ਦੀ ਦਰ ਇਤਿਹਾਸ ਦੇ ਸਭ ਤੋਂ ਉੱਚੇ ਅਤੇ ਖ਼ਤਰਨਾਕ ਪੱਧਰ 'ਤੇ ਪਹੁੰਚ ਗਈ ਸੀ। ਹਸਪਤਾਲਾਂ ਬੇਹੋਸ਼ੀ ਦੀਆਂ ਬੁਨਿਆਦੀ ਦਵਾਈਆਂ ਤੱਕ ਖ਼ਤਮ ਹੋ ਚੁੱਕੀਆਂ ਸਨ ਅਤੇ ਮਜਬੂਰਨ ਡਾਕਟਰਾਂ ਨੂੰ ਬਿਨਾਂ ਸੁੰਨ ਕੀਤੇ ਹੀ ਮਾਸੂਮ ਬੱਚਿਆਂ ਦੇ ਅੰਗ ਕੱਟਣੇ ਪੈ ਰਹੇ ਸਨ। ਇਹ ਦ੍ਰਿਸ਼ ਸਿਰਫ਼ ਜੰਗ ਦੀ ਆਮ ਤਬਾਹੀ ਨਹੀਂ, ਸਗੋਂ ਇੱਕ ਯੋਜਨਾਬੱਧ ਸਮਾਜਿਕ ਟੁੱਟ-ਫੁੱਟ ਦੀ ਉਹ ਭਿਆਨਕ ਤਸਵੀਰ ਪੇਸ਼ ਕਰਦੇ ਹਨ, ਜਿੱਥੇ ਲੋਕਾਂ ਤੋਂ ਨਾ ਸਿਰਫ਼ ਉਨ੍ਹਾਂ ਦੇ ਪੁਰਖਿਆਂ ਦੀ ਜ਼ਮੀਨ, ਬਲਕਿ ਉਨ੍ਹਾਂ ਦੇ ਅੰਦਰੋਂ ਜਿਉਣ ਦੀ ਆਖ਼ਰੀ ਇੱਛਾ ਵੀ ਖੋਹ ਲੈਣ ਦੀ ਸਾਜ਼ਿਸ਼ ਰਚੀ ਗਈ।

ਸੰਯੁਕਤ ਰਾਸ਼ਟਰ ਸੈਟੇਲਾਈਟ ਸੈਂਟਰ ਦੀ ਅਧਿਕਾਰਤ ਰਿਪੋਰਟ ਮੁਤਾਬਕ, ਅਕਤੂਬਰ 2025 ਤੱਕ ਗਜ਼ਾ ਖੇਤਰ ਦੀਆਂ ਲਗਭਗ 81 ਫ਼ੀਸਦੀ ਇਮਾਰਤਾਂ, ਘਰ ਅਤੇ ਬੁਨਿਆਦੀ ਢਾਂਚਾ ਪੂਰੀ ਤਰ੍ਹਾਂ ਤਬਾਹ ਜਾਂ ਨੁਕਸਾਨਗ੍ਰਸਤ ਹੋ ਚੁੱਕੇ ਸਨ। ਇਸ ਛੋਟੇ ਜਿਹੇ ਖੇਤਰ ਉੱਤੇ ਤਕਰੀਬਨ 200,000 ਟਨ ਤੋਂ ਵੱਧ ਆਧੁਨਿਕ ਧਮਾਕਾਖੇਜ਼ ਸਮੱਗਰੀ ਸੁੱਟੀ ਗਈ। ਇਹ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਮਨੁੱਖੀ ਇਤਿਹਾਸ ਵਿਚ ਸਭ ਤੋਂ ਭਿਆਨਕ ਸ਼ਹਿਰੀ ਤਬਾਹੀਆਂ ਵਿਚੋਂ ਇੱਕ ਸੀ। ਫ਼ਲਸਤੀਨ-ਗਜ਼ਾ ਵਿਚ ਸਕੂਲ, ਯੂਨੀਵਰਸਿਟੀਆਂ, ਹਸਪਤਾਲ, ਸਦੀਆਂ ਪੁਰਾਣੀਆਂ ਮਸਜਿਦਾਂ, ਸੰਯੁਕਤ ਰਾਸ਼ਟਰ ਦੇ ਸ਼ਰਨਾਰਥੀ ਕੈਂਪ ਅਤੇ ਪਾਣੀ ਦੇ ਸਾਫ਼ ਕਰਨ ਵਾਲੇ ਪਲਾਂਟ ਕੁਝ ਵੀ ਇਸਰਾਈਲੀ ਬੰਬਾਰੀ ਤੋਂ ਸੁਰੱਖਿਅਤ ਨਹੀਂ ਰਿਹਾ। ਇੱਥੋਂ ਤੱਕ ਕਿ ਇਸਰਾਈਲੀ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਖ਼ੁਦ ਹੰਕਾਰ ਵਿਚ ਸੋਸ਼ਲ ਮੀਡੀਆ 'ਤੇ ਲਿਖਿਆ ਸੀ ਕਿ 'ਗਜ਼ਾ ਸੜ ਰਿਹਾ ਹੈ।' ਇਹ ਸਿਰਫ਼ ਆਮ ਸਿਆਸੀ ਬਿਆਨ ਨਹੀਂ ਸੀ, ਬਲਕਿ ਇਹ ਉਸ ਕਰੂਰ ਨਸਲਕੁਸ਼ੀ ਮਨੋਵਿਗਿਆਨ ਦੀ ਸਿੱਧੀ ਝਲਕ ਸੀ, ਜਿਸ ਵਿਚ ਇੱਕ ਪੂਰੀ ਜਿਊਂਦੀ-ਜਾਗਦੀ ਆਬਾਦੀ ਨੂੰ ਸਿਰਫ਼ 'ਦੁਸ਼ਮਣ ਖੇਤਰ' ਵਿਚ ਬਦਲ ਕੇ ਮਿਟਾ ਦੇਣਾ ਜਾਇਜ਼ ਮੰਨ ਲਿਆ ਜਾਂਦਾ ਹੈ।

ਗਜ਼ਾ ਦੀ ਇਸ ਬੇਅੰਤ ਤਬਾਹੀ ਨੂੰ ਸਿਰਫ਼ ਮਲਬੇ, ਮੌਤਾਂ ਦੇ ਅੰਕੜਿਆਂ ਅਤੇ ਧਮਾਕਿਆਂ ਦੀ ਗਿਣਤੀ ਨਾਲ ਕਦੇ ਵੀ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ। ਇਹ ਅਸਲ ਵਿਚ ਇੱਕ ਪੂਰੀ ਜਿਊਂਦੀ ਕੌਮ ਦੀ ਮਨੋਵਿਗਿਆਨਕ ਅਤੇ ਸਭਿਆਚਾਰਕ ਯਾਦਾਸ਼ਤ ਉੱਤੇ ਕੀਤਾ ਗਿਆ ਯੋਜਨਾਬੱਧ ਹਮਲਾ ਸੀ। ਜਦੋਂ ਕਿਸੇ ਸਮਾਜ ਦੇ ਸਕੂਲ ਤਬਾਹ ਹੁੰਦੇ ਹਨ, ਇਤਿਹਾਸਕ ਲਾਇਬ੍ਰੇਰੀਆਂ ਸਾੜ ਦਿੱਤੀਆਂ ਜਾਂਦੀਆਂ ਹਨ, ਯੂਨੀਵਰਸਿਟੀਆਂ ਨਾਮੋ-ਨਿਸ਼ਾਨ ਤੋਂ ਮਿਟਾਈਆਂ ਜਾਂਦੀਆਂ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਹੀ ਪੁਰਖਿਆਂ ਦੇ ਘਰਾਂ ਤੋਂ ਹਮੇਸ਼ਾ ਲਈ ਬੇਦਖ਼ਲ ਕਰ ਦਿੱਤੀਆਂ ਜਾਂਦੀਆਂ ਹਨ, ਉਦੋਂ ਸਿਰਫ਼ ਇੱਟਾਂ-ਗਾਰੇ ਦੀਆਂ ਇਮਾਰਤਾਂ ਨਹੀਂ ਡਿੱਗਦੀਆਂ, ਸਗੋਂ ਉਸ ਸਮਾਜ ਦੀ ਸਾਂਝੀ ਇਤਿਹਾਸਕ ਯਾਦ, ਮੂਲ ਪਛਾਣ ਅਤੇ ਉਸ ਦਾ ਭਵਿੱਖ ਵੀ ਪੂਰੀ ਤਰ੍ਹਾਂ ਟੁੱਟ ਜਾਂਦਾ ਹੈ। ਸੰਯੁਕਤ ਰਾਸ਼ਟਰ ਦੀਆਂ ਰਿਪੋਰਟਾਂ ਮੁਤਾਬਕ, ਗਜ਼ਾ ਖੇਤਰ ਵਿਚ ਲੱਖਾਂ ਮਾਸੂਮ ਬੱਚੇ ਗੰਭੀਰ ਮਾਨਸਿਕ ਸਦਮੇ, ਅੰਨ੍ਹੇ ਡਰ, ਨੀਂਦ ਦੀ ਕਮੀ ਅਤੇ ਸਥਾਈ ਜੰਗੀ ਤਣਾਅ ਨਾਲ ਜੂਝ ਰਹੇ ਹਨ। ਮਾਨਸਿਕ ਸਿਹਤ ਦੇ ਮਾਹਿਰਾਂ ਅਤੇ ਮਨੋਵਿਗਿਆਨੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਗਜ਼ਾ ਦੀ ਪੂਰੀ ਇੱਕ ਨਵੀਂ ਪੀੜ੍ਹੀ ਨੂੰ 'ਸਥਾਈ ਜੰਗੀ ਮਨੋਦਸ਼ਾ' ਦੇ ਅੰਧਕਾਰ ਵਿਚ ਧੱਕਿਆ ਜਾ ਰਿਹਾ ਹੈ। ਮਹਾਨ ਫ਼ਲਸਤੀਨੀ ਕਵੀ ਮਹਿਮੂਦ ਦਰਵੇਸ਼ ਨੇ ਕਦੇ ਬਹੁਤ ਦਰਦ ਨਾਲ ਲਿਖਿਆ ਸੀ ਕਿ 'ਜਦੋਂ ਕਿਸੇ ਕੌਮ ਤੋਂ ਉਸ ਦੀ ਧਰਤੀ ਖੋਹ ਲਈ ਜਾਂਦੀ ਹੈ, ਉਦੋਂ ਉਹ ਸਭ ਤੋਂ ਪਹਿਲਾਂ ਆਪਣੀਆਂ ਯਾਦਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦੀ ਹੈ।'

ਪਰ ਗਜ਼ਾ ਵਿਚ ਅੱਜ ਇਹ ਯਾਦਾਂ ਵੀ ਹੌਲੀ-ਹੌਲੀ ਬੰਬਾਂ ਦੇ ਮਲਬੇ ਹੇਠ ਦੱਬਦੀਆਂ ਨਜ਼ਰ ਆ ਰਹੀਆਂ ਹਨ। ਇਸ ਲਈ ਇਹ ਜੰਗ ਸਿਰਫ਼ ਭੂਗੋਲ ਦੀ ਜਾਂ ਹੱਦ ਸਰਹੱਦ ਦੀ ਨਹੀਂ, ਸਗੋਂ ਇਤਿਹਾਸ, ਸਭਿਆਚਾਰ ਅਤੇ ਇੱਕ ਕੌਮ ਦੀ ਸਮੂਹਿਕ ਚੇਤਨਾ ਨੂੰ ਜੜ੍ਹੋਂ ਮਿਟਾਉਣ ਦੀ ਜੰਗ ਬਣ ਗਈ ਸੀ।

ਅੱਜ ਸਭ ਤੋਂ ਵੱਡਾ ਅਤੇ ਅਹਿਮ ਸਵਾਲ ਇਹ ਨਹੀਂ ਹੈ ਕਿ ਗਜ਼ਾ ਖੇਤਰ ਵਿਚ ਕੀ-ਕੀ ਭਿਆਨਕ ਹਾਦਸੇ ਹੋਏ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਦੁਨੀਆ ਦੀ ਸਾਰੀ ਮਨੁੱਖਤਾ ਨੇ ਇਸ ਭਿਆਨਕ ਕਾਂਡ ਨੂੰ ਆਪਣੀਆਂ ਅੱਖਾਂ ਸਾਹਮਣੇ ਹੋਣ ਕਿਉਂ ਦਿੱਤਾ? ਜੇਕਰ ਸੰਸਾਰ ਦੀ ਸਭ ਤੋਂ ਉੱਚੀ ਅੰਤਰਰਾਸ਼ਟਰੀ ਅਦਾਲਤ ਦੀ ਸਖ਼ਤ ਚੇਤਾਵਨੀ ਤੋਂ ਬਾਅਦ ਵੀ ਵੱਖ-ਵੱਖ ਦੇਸ਼ਾਂ ਤੋਂ ਇਸਰਾਈਲ ਨੂੰ ਹਥਿਆਰਾਂ ਦੀ ਸਪਲਾਈ ਬੇਰੋਕ ਜਾਂਦੀ ਰਹੀ ਤਾਂ ਫਿਰ ਇਸ ਅੰਤਰਰਾਸ਼ਟਰੀ ਕਾਨੂੰਨ ਦੀ ਅਸਲੀ ਤਾਕਤ ਅਤੇ ਹੋਂਦ ਕੀ ਹੈ? ਜੇ 'ਨਸਲਕੁਸ਼ੀ ਦੇ ਪ੍ਰਤੱਖ ਸੰਭਾਵੀ ਖ਼ਤਰੇ' ਦੇ ਬਾਵਜੂਦ ਸ਼ਕਤੀਸ਼ਾਲੀ ਸਰਕਾਰਾਂ ਆਪਣਾ ਜੰਗੀ ਵਪਾਰ ਜਾਰੀ ਰੱਖਦੀਆਂ ਹਨ, ਤਾਂ ਕੀ ਸੰਯੁਕਤ ਰਾਸ਼ਟਰ ਸਿਰਫ਼ ਇੱਕ ਕਾਗਜ਼ੀ ਅਤੇ ਦੰਦ-ਹੀਣ ਸੰਸਥਾ ਬਣ ਕੇ ਰਹਿ ਗਿਆ ਹੈ? ਜੇ ਮਨੁੱਖੀ ਅਧਿਕਾਰਾਂ ਦੇ ਨਿਯਮ ਸਿਰਫ਼ ਗਰੀਬ ਅਤੇ ਕਮਜ਼ੋਰ ਦੇਸ਼ਾਂ 'ਤੇ ਹੀ ਜ਼ਬਰਦਸਤੀ ਲਾਗੂ ਹੁੰਦੇ ਹਨ ਅਤੇ ਤਾਕਤਵਰ ਦੇਸ਼ਾਂ ਜਾਂ ਉਨ੍ਹਾਂ ਦੇ ਚਹੇਤੇ ਸਾਥੀਆਂ 'ਤੇ ਨਹੀਂ, ਤਾਂ ਕੀ ਇਹ ਮੰਨ ਲਿਆ ਜਾਵੇ ਕਿ ਦੁਨੀਆ ਇੱਕ ਵਾਰ ਫਿਰ ਇੱਕ ਨਵੇਂ ਕਿਸਮ ਦੇ ਉਪਨਿਵੇਸ਼ੀ ਕਾਨੂੰਨ ਵੱਲ ਤੇਜ਼ੀ ਨਾਲ ਵਧ ਰਹੀ ਹੈ?

ਇਕ ਵਾਰ ਲੰਡਨ ਵਿਖੇ ਸਥਿਤ ਵਿਸ਼ਵ-ਪ੍ਰਸਿੱਧ ਸੰਸਥਾ 'ਲੰਡਨ ਸਕੂਲ ਆਫ਼ ਇਕਨਾਮਿਕਸ' ਦੇ ਅੰਤਰਰਾਸ਼ਟਰੀ ਕਾਨੂੰਨ ਦੇ ਉੱਘੇ ਵਿਦਵਾਨ ਸਟੀਫ਼ਨ ਹਮਫ਼ਰੀਜ਼ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਗੰਭੀਰ ਬਿਆਨ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਇਸਰਾਈਲ ਨੂੰ ਇਸ ਨਸਲਕੁਸ਼ੀ ਦੇ ਦੌਰਾਨ ਹਥਿਆਰ ਦੇਣ ਵਾਲੇ ਸਾਰੇ ਦੇਸ਼ 'ਅੰਤਰਰਾਸ਼ਟਰੀ ਕਾਨੂੰਨ ਮੁਤਾਬਕ ਜੰਗੀ ਅਪਰਾਧਾਂ ਅਤੇ ਮਨੁੱਖਤਾ ਵਿਰੁੱਧ ਅਪਰਾਧਾਂ ਵਿਚ ਉਸ ਦੇ ਸਿੱਧੇ ਸਹਿ-ਦੋਸ਼ੀ' ਬਣਦੇ ਹਨ। ਇਹ ਬਹੁਤ ਵੱਡਾ ਅਤੇ ਇਤਿਹਾਸਕ ਦੋਸ਼ ਹੈ, ਜੋ ਇਕੱਲੇ ਇਸਰਾਈਲ ਉੱਤੇ ਨਹੀਂ, ਬਲਕਿ ਅੱਜ ਦੀ ਪੂਰੀ ਗਲੋਬਲ ਸਿਆਸੀ ਪ੍ਰਣਾਲੀ ਦੇ ਮੂੰਹ 'ਤੇ ਇੱਕ ਕਰਾਰੀ ਚਪੇੜ ਵੀ ਹੈ।

ਪਰ ਇਸ ਘੋਰ ਜੰਗੀ ਹਨੇਰੇ ਅਤੇ ਨਿਰਾਸ਼ਾ ਦੇ ਵਿਚਕਾਰ ਇੱਕ ਉਮੀਦ ਦੀ ਕਿਰਨ ਵਾਲੀ ਤਸਵੀਰ ਵੀ ਦੇਖਣ ਨੂੰ ਮਿਲੀ। ਲੰਡਨ, ਨਿਊਯਾਰਕ, ਟੋਰਾਂਟੋ, ਪੈਰਿਸ, ਇਸਤਾਂਬੁਲ, ਮੈਡਰਿਡ ਅਤੇ ਦਿੱਲੀ ਤੱਕ, ਦੁਨੀਆ ਭਰ ਦੇ ਕੋਨੇ-ਕੋਨੇ ਵਿਚ ਲੱਖਾਂ ਆਮ ਲੋਕ ਇਸ ਜ਼ੁਲਮ ਦੇ ਰੋਸ ਵਜੋਂ ਸਵੈ-ਇੱਛਾ ਨਾਲ ਸੜਕਾਂ 'ਤੇ ਨਿਕਲੇ। ਬਹਾਦਰ ਵਿਦਿਆਰਥੀਆਂ ਨੇ ਵੱਡੀਆਂ-ਵੱਡੀਆਂ ਯੂਨੀਵਰਸਿਟੀਆਂ ਦੇ ਕੈਂਪਸ ਘੇਰੇ ਅਤੇ ਉੱਥੇ ਧਰਨੇ ਦਿੱਤੇ। ਵੱਖ-ਵੱਖ ਬੰਦਰਗਾਹਾਂ ਦੇ ਡਾਕ ਵਰਕਰਾਂ ਨੇ ਆਪਣੀ ਜ਼ਮੀਰ ਦੀ ਆਵਾਜ਼ ਸੁਣ ਕੇ ਇਸਰਾਈਲ ਜਾਣ ਵਾਲੇ ਜੰਗੀ ਜਹਾਜ਼ਾਂ ਨੂੰ ਲੋਡ ਕਰਨ ਤੋਂ ਸਾਫ਼ ਮਨ੍ਹਾ ਕਰ ਦਿੱਤਾ ਅਤੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਕਈ ਨਿਰਪੱਖ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਆਪਣੀਆਂ ਹੀ ਸਰਕਾਰਾਂ ਦੇ ਖ਼ਿਲਾਫ਼ ਅਦਾਲਤਾਂ ਵਿਚ ਕੇਸ ਦਰਜ ਕੀਤੇ। ਇਹ ਸਭ ਕੁਝ ਸਾਬਤ ਕਰਦਾ ਹੈ ਕਿ ਦੁਨੀਆ ਦੀਆਂ ਸਵਾਰਥੀ ਸਰਕਾਰਾਂ ਅਤੇ ਆਮ ਲੋਕ ਹਮੇਸ਼ਾਂ ਇੱਕੋ ਜਿਹੇ ਨਹੀਂ ਹੁੰਦੇ। ਆਮ ਮਨੁੱਖ ਦੇ ਅੰਦਰ ਅਜੇ ਵੀ ਇਨਸਾਨੀਅਤ ਜ਼ਿੰਦਾ ਹੈ।

ਹੁਣ ਇਸਰਾਈਲ ਬਨਾਮ ਫ਼ਲਸਤੀਨ-ਗਜ਼ਾ ਦੀ ਇਹ ਲੜਾਈ ਸਿਰਫ਼ ਫ਼ਲਸਤੀਨ ਦੀ ਇੱਕ ਸਥਾਨਕ ਭੂਗੋਲਿਕ ਲੜਾਈ ਨਹੀਂ ਰਹਿ ਗਈ ਹੈ। ਇਹ ਅਸਲ ਵਿਚ ਸਮੁੱਚੀ ਵਿਸ਼ਵ ਨੈਤਿਕਤਾ, ਅੰਤਰਰਾਸ਼ਟਰੀ ਕਾਨੂੰਨ ਦੀ ਹੋਂਦ, ਮੁੱਖ ਧਾਰਾ ਦੇ ਮੀਡੀਆ ਦੀ ਭੂਮਿਕਾ, ਕਾਰਪੋਰੇਟ ਜੰਗੀ ਉਦਯੋਗ ਦੇ ਨੈੱਟਵਰਕ ਅਤੇ ਸਮੁੱਚੀ ਮਨੁੱਖੀ ਜ਼ਮੀਰ ਦੀ ਸਭ ਤੋਂ ਵੱਡੀ ਅੰਤਿਮ ਕਸੌਟੀ ਬਣ ਚੁੱਕੀ ਹੈ।

ਇਹ ਬਿਨਾਂ ਕਿਸੇ ਝਿਜਕ ਦੇ ਮੰਨਣਾ ਪਵੇਗਾ ਕਿ ਗਜ਼ਾ ਖੇਤਰ ਅੱਜ ਸਿਰਫ਼ ਨਕਸ਼ੇ 'ਤੇ ਇੱਕ ਜਗ੍ਹਾ ਦਾ ਨਾਮ ਨਹੀਂ ਹੈ, ਬਲਕਿ ਇਹ ਅੱਜ ਦੀ ਦੁਨੀਆ ਦਾ ਇੱਕ ਨਿਸ਼ਛਲ ਸ਼ੀਸ਼ਾ ਹੈ। ਗਜ਼ਾ ਦੀ ਸਵਾਹ ਵਿਚ ਸਿਰਫ਼ ਫ਼ਲਸਤੀਨੀਆਂ ਦੇ ਬੇਸ਼ੁਮਾਰ ਘਰ ਨਹੀਂ ਸੜੇ, ਬਲਕਿ ਉਸ ਸਵਾਹ ਵਿਚ ਪੱਛਮ ਦੇ ਅੰਤਰਰਾਸ਼ਟਰੀ ਕਾਨੂੰਨ ਦੀ ਰਹੀ-ਸਹੀ ਭਰੋਸੇਯੋਗਤਾ ਵੀ ਪੂਰੀ ਤਰ੍ਹਾਂ ਸੜ ਕੇ ਕੋਲਾ ਹੋ ਚੁੱਕੀ ਹੈ। ਉੱਥੇ ਮਨੁੱਖੀ ਅਧਿਕਾਰਾਂ ਦੇ ਵੱਡੇ-ਵੱਡੇ ਦਾਅਵਿਆਂ ਦੀ ਖੋਖਲੀ ਨੈਤਿਕਤਾ ਵੀ ਸੜ ਚੁੱਕੀ ਹੈ। ਗਜ਼ਾ ਦੀ ਜੰਗ ਵਿਚ ਉਹ ਸਾਰੀ ਆਧੁਨਿਕ ਵਿਸ਼ਵ ਵਿਵਸਥਾ ਪੂਰੀ ਤਰ੍ਹਾਂ ਨੰਗੀ ਹੋ ਗਈ ਹੈ, ਜੋ ਮੰਚਾਂ ਤੋਂ 'ਕਾਨੂੰਨ ਅਤੇ ਸ਼ਾਂਤੀ' ਦੀ ਗੱਲ ਤਾਂ ਬਹੁਤ ਉੱਚੀ ਆਵਾਜ਼ ਵਿਚ ਕਰਦੀ ਹੈ, ਪਰ ਅਰਬਾਂ ਡਾਲਰਾਂ ਦੇ ਹਥਿਆਰਾਂ ਦੇ ਵਪਾਰ ਅਤੇ ਮੁਨਾਫ਼ੇ ਅੱਗੇ ਗੋਡੇ ਟੇਕ ਕੇ ਚੁੱਪ ਹੋ ਜਾਂਦੀ ਹੈ। ਗਜ਼ਾ ਅੱਜ ਉਹ ਇਤਿਹਾਸਕ ਸ਼ੀਸ਼ਾ ਹੈ, ਜਿਸ ਵਿਚ ਦੁਨੀਆ ਦੀਆਂ ਸਰਕਾਰਾਂ ਜੇ ਚਾਹੁਣ ਤਾਂ ਆਪਣਾ ਅਸਲੀ ਕਰੂਰ ਅਤੇ ਦੋਹਰਾ ਚਿਹਰਾ ਸਾਫ਼ ਵੇਖ ਸਕਦੀਆਂ ਹਨ।

ਇਸਰਾਈਲ ਬਨਾਮ ਫ਼ਲਸਤੀਨ-ਗਜ਼ਾ ਦੀ ਇਸ ਜੰਗ ਨੇ ਸੰਯੁਕਤ ਰਾਸ਼ਟਰ ਪ੍ਰਣਾਲੀ ਅਤੇ ਦੂਜੇ ਵਿਸ਼ਵ ਯੁੱਧ ਦੀ ਸਮਾਪਤੀ ਤੋਂ ਬਾਅਦ ਬਣੇ ਸਮੁੱਚੇ ਗਲੋਬਲ ਕਾਨੂੰਨੀ ਢਾਂਚੇ ਦੀਆਂ ਸੀਮਾਵਾਂ ਅਤੇ ਨਾਕਾਮੀਆਂ ਨੂੰ ਪੂਰੀ ਤਰ੍ਹਾਂ ਜਨਤਕ ਤੌਰ 'ਤੇ ਬੇਨਕਾਬ ਕਰ ਦਿੱਤਾ ਹੈ। ਸਾਲ 1945 ਤੋਂ ਬਾਅਦ ਸੰਸਾਰ ਦੇ ਆਮ ਲੋਕਾਂ ਨੂੰ ਇਹ ਯਕੀਨ ਦਿਵਾਇਆ ਗਿਆ ਸੀ ਕਿ ਹੁਣ ਦੁਨੀਆ ਵਿਚ 'ਕਦੇ ਵੀ ਨਸਲਕੁਸ਼ੀ ਨਹੀਂ ਹੋਣ ਦਿੱਤੀ ਜਾਵੇਗੀ।' ਪਰ ਰਵਾਂਡਾ ਦੇਸ਼ ਵਿਚਲੀ ਭਿਆਨਕ ਨਸਲਕੁਸ਼ੀ ਤੋਂ ਲੈ ਕੇ ਬੋਸਨੀਆ ਦੀ ਨਸਲਕੁਸ਼ੀ ਅਤੇ ਹੁਣ ਗਜ਼ਾ ਦੇ ਇਸ ਮਹਾਂ-ਕਤਲੇਆਮ ਤੱਕ, ਇਤਿਹਾਸ ਨੇ ਵਾਰ-ਵਾਰ ਇਹ ਕੌੜਾ ਸੱਚ ਦਿਖਾਇਆ ਹੈ ਕਿ ਜਦੋਂ ਵੀ ਸੰਸਾਰ ਦੀਆਂ ਮਹਾਂਸ਼ਕਤੀਆਂ ਦੇ ਨਿੱਜੀ ਰਣਨੀਤਕ ਅਤੇ ਆਰਥਿਕ ਹਿੱਤ ਦਾਅ 'ਤੇ ਲੱਗੇ ਹੋਣ, ਤਾਂ ਅੰਤਰਰਾਸ਼ਟਰੀ ਕਾਨੂੰਨ ਅਕਸਰ ਇੱਕ ਬੇਬਸ ਖਿਡੌਣਾ ਬਣ ਕੇ ਰਹਿ ਜਾਂਦਾ ਹੈ।

ਅਮਰੀਕਾ ਨੇ ਵਾਰ-ਵਾਰ ਆਪਣੀ ਅੰਨ੍ਹੀ ਤਾਕਤ ਦਾ ਪ੍ਰਦਰਸ਼ਨ ਕਰਦੇ ਹੋਏ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿਚ ਗਜ਼ਾ ਜੰਗਬੰਦੀ ਨਾਲ ਜੁੜੇ ਹਰ ਇੱਕ ਮਹੱਤਵਪੂਰਨ ਪ੍ਰਸਤਾਵ ਉੱਤੇ ਬਿਨਾਂ ਕਿਸੇ ਸ਼ਰਮ ਦੇ ਆਪਣੀ 'ਵੀਟੋ ਪਾਵਰ' ਦੀ ਵਰਤੋਂ ਕੀਤੀ ਹੈ। ਇਸ ਪੱਖਪਾਤੀ ਰੁਖ਼ ਨਾਲ ਇਹ ਵੀ ਬਿਲਕੁਲ ਸਪਸ਼ਟ ਹੋ ਗਿਆ ਕਿ ਮੌਜੂਦਾ ਵਿਸ਼ਵ ਵਿਵਸਥਾ ਵਿਚ ਇਨਸਾਫ਼ ਦਾ ਮਾਪਦੰਡ ਸਭ ਲਈ ਇੱਕੋ ਜਿਹਾ ਬਿਲਕੁਲ ਨਹੀਂ ਹੈ। ਕਮਜ਼ੋਰ ਅਤੇ ਗਰੀਬ ਮੁਲਕਾਂ ਉੱਤੇ ਤਾਂ ਮਾਮੂਲੀ ਗੱਲ 'ਤੇ ਵੀ ਤੁਰੰਤ ਸਖ਼ਤ ਆਰਥਿਕ ਅਤੇ ਰਾਜਨੀਤਕ ਪਾਬੰਦੀਆਂ ਲਗਾ ਦਿੱਤੀਆਂ ਜਾਂਦੀਆਂ ਹਨ, ਪਰ ਜਦੋਂ ਗੱਲ ਤਾਕਤਵਰ ਮੁਲਕਾਂ ਅਤੇ ਉਨ੍ਹਾਂ ਦੇ ਚਹੇਤੇ ਸਾਥੀਆਂ ਦੀ ਆਉਂਦੀ ਹੈ, ਤਾਂ ਕਾਨੂੰਨ ਦੀਆਂ ਪਰਿਭਾਸ਼ਾਵਾਂ ਅਤੇ ਵਿਆਖਿਆਵਾਂ ਰਾਤੋ-ਰਾਤ ਬਦਲ ਦਿੱਤੀਆਂ ਜਾਂਦੀਆਂ ਹਨ। ਇਸ ਕੌੜੀ ਹਕੀਕਤ ਨੇ ਅੱਜ 'ਗਲੋਬਲ ਸਾਊਥ' - ਵਿਕਾਸਸ਼ੀਲ ਅਤੇ ਗਰੀਬ ਦੇਸ਼ਾਂ) ਦੇ ਕਈ ਮੁਲਕਾਂ ਅਤੇ ਉੱਥੋਂ ਦੇ ਲੋਕਾਂ ਵਿਚ ਇਹ ਭਾਵਨਾ ਹੋਰ ਜ਼ਿਆਦਾ ਪੱਕੀ ਅਤੇ ਮਜ਼ਬੂਤ ਕਰ ਦਿੱਤੀ ਹੈ ਕਿ ਮੌਜੂਦਾ ਅੰਤਰਰਾਸ਼ਟਰੀ ਨਿਜ਼ਾਮ ਅਸਲ ਵਿਚ ਨਿਆਂ ਦੇ ਉੱਚ ਅਸੂਲਾਂ ਉੱਤੇ ਨਹੀਂ, ਸਗੋਂ ਸਿਰਫ਼ ਅਤੇ ਸਿਰਫ਼ ਜਿਸਦੀ ਲਾਠੀ ਉਸਦੀ ਮੱਝ (ਤਾਕਤ ਦੇ ਸੰਤੁਲਨ) ਉੱਤੇ ਚੱਲਦਾ ਹੈ।

ਗਜ਼ਾ ਖੇਤਰ ਦੀ ਇਸ ਜੰਗ ਨੇ ਸੰਸਾਰ ਦੇ ਮੁੱਖ ਧਾਰਾ ਦੇ ਮੀਡੀਆ, ਵੱਡੇ ਬੌਧਿਕ ਵਰਗ ਅਤੇ ਜਾਣਕਾਰੀ ਦੇ ਨਿਯੰਤਰਣ ਦੇ ਪਿੱਛੇ ਕੰਮ ਕਰਦੀਆਂ ਗੰਧਲੀਆਂ ਸਾਜ਼ਿਸ਼ਾਂ ਨੂੰ ਵੀ ਬਹੁਤ ਡੂੰਘਾਈ ਨਾਲ ਬੇਨਕਾਬ ਕੀਤਾ ਹੈ। ਪੱਛਮੀ ਮੀਡੀਆ ਦੇ ਇੱਕ ਬਹੁਤ ਵੱਡੇ ਅਤੇ ਪ੍ਰਭਾਵਸ਼ਾਲੀ ਹਿੱਸੇ ਨੇ ਜੰਗ ਦੇ ਸ਼ੁਰੂਆਤੀ ਮਹੀਨਿਆਂ ਵਿਚ ਇਸਰਾਈਲੀ ਸਰਕਾਰ ਦੀ ਪੱਖਪਾਤੀ ਬਿਆਨਬਾਜ਼ੀ ਨੂੰ ਲਗਭਗ ਬਿਨਾਂ ਕੋਈ ਸਵਾਲ ਕੀਤੇ ਅੰਨ੍ਹੇਵਾਹ ਦੁਹਰਾਇਆ। ਜਦਕਿ ਦੂਜੇ ਪਾਸੇ, ਹਜ਼ਾਰਾਂ ਫ਼ਲਸਤੀਨੀ ਨਾਗਰਿਕਾਂ ਅਤੇ ਮਾਸੂਮ ਬੱਚਿਆਂ ਦੀਆਂ ਦਰਦਨਾਕ ਮੌਤਾਂ ਨੂੰ ਅਕਸਰ 'ਸਹਾਇਕ ਨੁਕਸਾਨ' ਜਾਂ 'ਸੁਰੱਖਿਆ ਕਾਰਵਾਈ' ਦੀ ਚਾਲਾਕ ਭਾਸ਼ਾ ਵਿਚ ਲੁਕਾ ਕੇ ਪੇਸ਼ ਕੀਤਾ ਗਿਆ।

ਪਰ ਇਸ ਦੇ ਬਾਵਜੂਦ, ਅੱਜ ਦੇ ਆਧੁਨਿਕ ਸੋਸ਼ਲ ਮੀਡੀਆ ਅਤੇ ਸੁਤੰਤਰ ਨਾਗਰਿਕ ਪੱਤਰਕਾਰਿਤਾ ਨੇ ਮੀਡੀਆ ਦੇ ਇਸ ਇੱਕ-ਪੱਖੀ ਝੂਠੇ ਕਥਾ-ਪ੍ਰਸੰਗ ਨੂੰ ਬਹੁਤ ਵੱਡੀ ਚੁਣੌਤੀ ਦਿੱਤੀ। ਗਜ਼ਾ ਦੇ ਸਥਾਨਕ ਬਹਾਦਰ ਪੱਤਰਕਾਰ ਜਾਨ ਦੀ ਪਰਵਾਹ ਨਾ ਕਰਦੇ ਹੋਏ, ਬੰਬਾਂ ਦੇ ਮਲਬੇ ਅਤੇ ਲਾਸ਼ਾਂ ਦੇ ਵਿਚਕਾਰੋਂ ਸਿੱਧੀਆਂ ਤਸਵੀਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ ਰਾਹੀਂ ਦੁਨੀਆ ਤੱਕ ਭੇਜ ਰਹੇ ਸਨ। ਸਾਲ 2025 ਤੱਕ ਆਉਂਦੇ-ਆਉਂਦੇ, ਸੱਚ ਨੂੰ ਦੁਨੀਆ ਤੱਕ ਪਹੁੰਚਾਉਣ ਦੀ ਕੀਮਤ ਚੁਕਾਉਂਦੇ ਹੋਏ ਗਜ਼ਾ ਵਿਚ 200 ਤੋਂ ਵੱਧ ਪੱਤਰਕਾਰ ਇਸਰਾਈਲੀ ਹਮਲਿਆਂ ਵਿਚ ਮਾਰੇ ਜਾ ਚੁੱਕੇ ਸਨ, ਜਿਸ ਨੂੰ ਦੁਨੀਆ ਭਰ ਦੀਆਂ ਕਈ ਪ੍ਰਮੁੱਖ ਮਨੁੱਖੀ ਹੱਕ ਸੰਸਥਾਵਾਂ ਅਤੇ ਪ੍ਰੈਸ ਫੋਰਮਾਂ ਨੇ ਆਧੁਨਿਕ ਇਤਿਹਾਸ ਵਿਚ ਪੱਤਰਕਾਰਾਂ ਲਈ ਸਭ ਤੋਂ ਖ਼ਤਰਨਾਕ ਅਤੇ ਖ਼ੂਨੀ ਜੰਗੀ ਦੌਰ ਐਲਾਨਿਆ ਹੈ।

ਗਜ਼ਾ ਖੇਤਰ ਦੀ ਇਸ ਲੰਮੀ ਜੰਗ ਨੇ ਭਵਿੱਖ ਵਿਚ ਉੱਭਰ ਰਹੇ ਨਵੇਂ ਵਿਸ਼ਵ ਕ੍ਰਮ ਦੀ ਦਿਸ਼ਾ ਅਤੇ ਦਸ਼ਾ ਬਾਰੇ ਵੀ ਦੁਨੀਆ ਭਰ ਦੇ ਚਿੰਤਕਾਂ ਅੱਗੇ ਕਈ ਡੂੰਘੇ ਅਤੇ ਚਿੰਤਾਜਨਕ ਸਵਾਲ ਖੜ੍ਹੇ ਕੀਤੇ ਹਨ। ਯੂਨਾਈਟਡ ਸਟੇਟਸ (ਅਮਰੀਕਾ), ਚੀਨ ਅਤੇ ਰੂਸ ਵਿਚਾਲੇ ਵਧ ਰਹੇ ਭੂ-ਰਾਜਨੀਤਕ ਟਕਰਾਅ ਦੇ ਇਸ ਨਵੇਂ ਦੌਰ ਵਿਚ, ਫ਼ਲਸਤੀਨ ਇੱਕ ਵਾਰ ਫਿਰ ਸੰਸਾਰ ਦੀਆਂ ਇਨ੍ਹਾਂ ਸੁਆਰਥੀ ਮਹਾਸ਼ਕਤੀਆਂ ਦੀ ਰਣਨੀਤਕ ਸ਼ਤਰੰਜ ਦੀ ਖੇਡ ਦਾ ਇੱਕ ਮੋਹਰਾ ਅਤੇ ਖ਼ੂਨੀ ਮੈਦਾਨ ਬਣਦਾ ਦਿਖ ਰਿਹਾ ਹੈ। ਇੱਕ ਪਾਸੇ ਜਿੱਥੇ ਅਮਰੀਕਾ ਨੇ ਅੰਨ੍ਹੇਵਾਹ ਇਸਰਾਈਲ ਦੀ ਹਰ ਤਰ੍ਹਾਂ ਦੀ ਫੌਜੀ, ਆਰਥਿਕ ਅਤੇ ਕੂਟਨੀਤਕ ਹਿਮਾਇਤ ਜਾਰੀ ਰੱਖੀ ਹੋਈ ਹੈ, ਉੱਥੇ ਦੂਜੇ ਪਾਸੇ ਚੀਨ ਅਤੇ ਰੂਸ ਨੇ ਪੱਛਮੀ ਦੇਸ਼ਾਂ ਦੇ ਇਸ ਦੋਹਰੇ ਮਾਪਦੰਡਾਂ ਉੱਤੇ ਸੰਸਾਰ ਮੰਚਾਂ 'ਤੇ ਤਿੱਖੇ ਸਵਾਲ ਤਾਂ ਜ਼ਰੂਰ ਚੁੱਕੇ, ਪਰ ਉਹ ਖ਼ੁਦ ਵੀ ਆਪਣੀਆਂ ਸਿਆਸੀ ਹੱਦਾਂ ਕਾਰਨ ਇਸ ਭਿਆਨਕ ਜੰਗ ਨੂੰ ਰੋਕਣ ਲਈ ਕੋਈ ਠੋਸ ਜਾਂ ਨਿਰਣਾਇਕ ਗਲੋਬਲ ਢਾਂਚਾ ਖੜ੍ਹਾ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਹੇ ਹਨ।ਇਸ ਜੰਗ ਨੇ ਇਹ ਪੂਰੀ ਤਰ੍ਹਾਂ ਸਾਬਤ ਕਰ ਦਿੱਤਾ ਹੈ ਕਿ ਆਉਣ ਵਾਲੇ ਦੌਰ ਦੀ ਵਿਸ਼ਵ ਰਾਜਨੀਤੀ ਵਿਚ 'ਮਨੁੱਖੀ ਅਧਿਕਾਰ' ਅਤੇ 'ਇਨਸਾਨੀਅਤ' ਵਰਗੀ ਸੁੰਦਰ ਭਾਸ਼ਾ ਦੀ ਵਰਤੋਂ ਤਾਂ ਸਿਰਫ਼ ਭਾਸ਼ਣਾਂ ਨੂੰ ਚਮਕਾਉਣ ਲਈ ਬਹੁਤ ਕੀਤੀ ਜਾਵੇਗੀ, ਪਰ ਜ਼ਮੀਨ 'ਤੇ ਅਸਲ ਫ਼ੈਸਲੇ ਸਿਰਫ਼ ਦੇਸ਼ਾਂ ਦੇ ਆਪਣੇ ਰਣਨੀਤਕ ਹਿੱਤਾਂ, ਹਥਿਆਰਾਂ ਦੇ ਅਰਬਾਂ ਡਾਲਰ ਦੇ ਬਾਜ਼ਾਰਾਂ, ਤੇਲ-ਊਰਜਾ ਦੇ ਲੰਘਣ ਵਾਲੇ ਰੂਟਾਂ ਅਤੇ ਨਵੇਂ ਭੂ-ਰਾਜਨੀਤਕ ਗਠਜੋੜਾਂ ਦੇ ਨਫ਼ੇ-ਨੁਕਸਾਨ ਦੇ ਆਧਾਰ 'ਤੇ ਹੀ ਲਏ ਜਾਣਗੇ। ਇਸ ਇਤਿਹਾਸਕ ਅਰਥ ਵਿਚ, ਗਜ਼ਾ ਸਿਰਫ਼ ਇੱਕ ਆਮ ਖੇਤਰੀ ਜੰਗ ਨਹੀਂ ਹੈ, ਸਗੋਂ ਇਹ ਇੱਕ ਅਜਿਹੀ ਭਿਆਨਕ ਇਤਿਹਾਸਕ ਪ੍ਰਯੋਗਸ਼ਾਲਾ ਬਣ ਗਿਆ ਹੈ, ਜਿੱਥੇ ਇੱਕੀਵੀਂ ਸਦੀ ਦੇ ਬੇਰਹਿਮ ਨਵੇਂ ਵਿਸ਼ਵ ਨਿਜ਼ਾਮ ਦੀਆਂ ਕਰੂਰ ਹਕੀਕਤਾਂ ਪੂਰੀ ਤਰ੍ਹਾਂ ਖੁੱਲ੍ਹ ਕੇ ਦੁਨੀਆ ਦੇ ਸਾਹਮਣੇ ਆਈਆਂ ਹਨ।

ਸਭ ਤੋਂ ਵੱਡਾ ਅਤੇ ਬੁਨਿਆਦੀ ਸਵਾਲ ਸਿਰਫ਼ ਇਹ ਨਹੀਂ ਹੈ ਕਿ ਇਸਰਾਈਲ ਨੇ ਗਜ਼ਾ ਖੇਤਰ ਵਿਚ ਕੀ-ਕੀ ਅਣਮਨੁੱਖੀ ਕਾਰੇ ਕੀਤੇ ਹਨ। ਅਸਲ ਸਵਾਲ ਇਹ ਵੀ ਹੈ ਕਿ ਇਸ ਸੰਸਾਰ ਦੀ ਵਿਵਸਥਾ ਵਿਚ ਕਿਸ-ਕਿਸ ਨੇ ਪਰਦੇ ਦੇ ਪਿੱਛੇ ਰਹਿ ਕੇ ਉਸ ਨੂੰ ਇਹ ਸਭ ਕੁਝ ਕਰਨ ਦੀ ਖੁੱਲ੍ਹ ਦਿੱਤੀ? ਕਿਸਨੇ ਉਸ ਨੂੰ ਮਾਸੂਮਾਂ ਨੂੰ ਮਾਰਨ ਲਈ ਆਧੁਨਿਕ ਹਥਿਆਰ ਦਿੱਤੇ? ਕਿਸਨੇ ਉਸ ਨੂੰ ਅੰਤਰਰਾਸ਼ਟਰੀ ਨਿਯਮਾਂ ਨੂੰ ਤੋੜਨ ਦੇ ਅਧਿਕਾਰ ਦਿੱਤੇ? ਕਿਸਨੇ ਉਸ ਦੇ ਅੰਦਰਖਾਤੇ ਬਣੇ ਵਪਾਰਕ ਅਤੇ ਰਾਜਨੀਤਕ ਹਮਾਇਤੀਆਂ ਨੂੰ ਇੱਕ ਖ਼ੂੰਖਾਰ ਅਤੇ ਗੁਨਾਹਗਾਰ ਚੁੱਪ ਦਿੱਤੀ? ਅਤੇ ਕਿਸਨੇ ਬੜੀ ਚਾਲਾਕੀ ਨਾਲ ਦੁਨੀਆ ਨੂੰ ਨੈਤਿਕਤਾ, ਵਿਸ਼ਵ ਭਲਾਈ, ਲੋਕਤੰਤਰ, 'ਸਾਰਾ ਸੰਸਾਰ ਇੱਕ ਪਰਿਵਾਰ ਹੈ', ਦਹਿਸ਼ਤਗਰਦੀ ਦਾ ਖ਼ਾਤਮਾ ਅਤੇ ਭਲੇਮਾਣਸੀ ਦਾ ਪਾਠ ਉੱਚੀ-ਉੱਚੀ ਪੜ੍ਹਾਉਣ ਦੀ ਪਖੰਡੀ ਚਾਲਾਕੀ ਦਿੱਤੀ? ਅਤੇ ਕਿਸਨੇ ਮਨੁੱਖਤਾ ਦੇ ਨਾਮ 'ਤੇ ਸਿਰਫ਼ ਕਾਗਜ਼ੀ ਬਿਆਨ ਜਾਰੀ ਕਰਕੇ ਆਪਣੇ ਫ਼ਰਜ਼ਾਂ ਤੋਂ ਪੱਲਾ ਝਾੜ ਲਿਆ?

ਸਵਾਲ ਬਹੁਤ ਹਨ ਅਤੇ ਬੇਹੱਦ ਗੰਭੀਰ ਵੀ ਹਨ, ਪਰ ਅੱਜ ਦੀ ਇਸ ਪੂੰਜੀਵਾਦੀ ਅਤੇ ਤਾਕਤ-ਪ੍ਰਸਤ ਦੁਨੀਆ ਦਾ ਸਭ ਤੋਂ ਵੱਡਾ ਕੌੜਾ ਸੱਚ ਇਹੀ ਹੈ ਕਿ ਇੱਥੇ ਅਮੀਰ ਅਤੇ ਸ਼ਕਤੀਸ਼ਾਲੀ ਸਦਾ ਸਹੀ ਕਿਉਂ ਹੁੰਦਾ ਹੈ? ਜਿਵੇਂ ਸਾਡੇ ਬਜ਼ੁਰਗ ਕਹਿੰਦੇ ਆਏ ਹਨ ਕਿ ਜਿਸ ਦੇ ਘਰ ਦਾਣੇ ਹੁੰਦੇ ਹਨ, ਉਸ ਦੇ ਕਮਲੇ (ਝੱਲੇ) ਵੀ ਦੁਨੀਆ ਨੂੰ ਸਿਆਣੇ ਕਿਉਂ ਲੱਗਦੇ ਹਨ? ਠੀਕ ਇਦਾਂ ਹੀ ਅਮਰੀਕਾ ਦਾ ਇਸਰਾਈਲ ਸਭ ਨੂੰ 100% ਸਹੀ ਲੱਗ ਰਿਹਾ ਹੈ ਅਤੇ ਦੂਜੇ ਪਾਸੇ ਫ਼ਲਸਤੀਨ ਦੇ ਮਰਦੇ ਬਾਲਕ ਗਾਜਰ ਮੂਲੀ ਲੱਗ ਰਹੇ ਹਨ। ਗਜ਼ਾ ਦੀ ਜੰਗ ਨੇ ਇਸ ਲੋਕ-ਸਿਆਣਪ ਦੇ ਪਿੱਛੇ ਲੁਕੇ ਸੰਸਾਰ ਰਾਜਨੀਤੀ ਦੇ ਸਭ ਤੋਂ ਕਰੂਰ ਸੱਚ ਨੂੰ ਸਾਡੇ ਸਾਹਮਣੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ।

## *ਮਹਾਰਾਣੀ ਜਿੰਦ ਕੌਰ ਦਾ ਇਤਿਹਾਸਕ ਹਾਰ ਸ. ਪੀਟਰ ਸਿੰਘ ਵਿਰਦੀ ਨੇ 88,000 ਡਾਲਰ ਵਿਚ ਖਰੀਦਿਆ*




ਪਿਛਲੇ ਦਿਨੀਂ ਇੰਗਲੈਂਡ ਵਿਚ ਮਹਾਰਾਣੀ ਜਿੰਦ ਕੌਰ ਜੀ ਦੇ ਇਤਿਹਾਸਕ ਹਾਰ ਦੀ ਨਿਲਾਮੀ ਦੌਰਾਨ ਸਿੱਖ ਕੌਮ ਲਈ ਮਾਣ ਵਾਲਾ ਪਲ ਉਸ ਵੇਲੇ ਬਣਿਆ, ਜਦੋਂ ਸ. ਪੀਟਰ ਸਿੰਘ ਵਿਰਦੀ ਜੀ ਨੇ ਇਸ ਅਮਾਨਤ ਨੂੰ 88,000 ਡਾਲਰ ਵਿਚ ਖਰੀਦ ਕੇ ਆਪਣੇ ਹਿੱਸੇ ਲਿਆ।

ਉਨ੍ਹਾਂ ਨੇ ਕਿਹਾ ਕਿ ਇਹ ਸਿਰਫ਼ ਇੱਕ ਹਾਰ ਨਹੀਂ, ਸਗੋਂ ਸਾਡੀ ਕੌਮ ਦੇ ਸ਼ਾਨਦਾਰ ਇਤਿਹਾਸ, ਸਵੈਮਾਨ ਅਤੇ ਵਿਰਾਸਤ ਦੀ ਨਿਸ਼ਾਨੀ ਹੈ।

ਜਿਹੜੀਆਂ ਚੀਜ਼ਾਂ ਸਾਡੀਆਂ ਰੂਹਾਂ ਅਤੇ ਇਤਿਹਾਸ ਨਾਲ ਜੁੜੀਆਂ ਹੋਣ, ਉਨ੍ਹਾਂ ਦਾ ਆਪਣੇ ਲੋਕਾਂ ਕੋਲ ਵਾਪਸ ਆਉਣਾ ਇਕ ਮਾਣ ਅਤੇ ਜ਼ਿੰਮੇਵਾਰੀ ਦੋਵੇਂ ਹੁੰਦੇ ਹਨ। ਮਹਾਰਾਣੀ ਜਿੰਦ ਕੌਰ ਜੀ ਸਿੱਖ ਰਾਜ ਦੀ ਦਲੇਰੀ, ਅਡਿੱਗਤਾ ਅਤੇ ਸਨਮਾਨ ਦੀ ਪ੍ਰਤੀਕ ਸਨ। ਉਨ੍ਹਾਂ ਨਾਲ ਜੁੜੀ ਹਰ ਨਿਸ਼ਾਨੀ ਸਾਡੀ ਪੀੜ੍ਹੀਆਂ ਨੂੰ ਆਪਣੇ ਇਤਿਹਾਸ ਨਾਲ ਜੋੜਨ ਦਾ ਕੰਮ ਕਰਦੀ ਹੈ।

# ਟੁੱਟੀ ਡੰਡੀ ਵਾਲਾ ਕੱਪ

## ਸ਼ਬਦ ਜੋਤ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਮਾਰਚ ਦਾ ਕੋਸਾ ਕੋਸਾ ਦਿਨ। ਮੈਂ ਜਲਦੀ ਹੀ ਯੂਨੀਵਰਸਿਟੀ ਚਲੇ ਗਿਆ ਕਿਉਂਕਿ ਕ੍ਰਿਏਟਿਵ ਇੰਗਲਿਸ਼ ਰਾਈਟਿੰਗ ਦੇ ਪ੍ਰੋਫੈਸਰ ਅਤੇ ਵਿਭਾਗ ਦੇ ਚੇਅਰ, ਡਾ. ਐਡਮ ਨੂੰ ਸਟਾਰਬੱਕਸ ਕਾਫ਼ੀ ਹਾਊਸ ਵਿਚ ਦੋ ਵਜੇ ਮਿਲਣਾ ਸੀ। ਜਦ ਮੈਂ ਕੌਫ਼ੀ ਹਾਊਸ ਵਿਚ ਪੰਜ ਕੁ ਮਿੰਟ ਪਹਿਲਾਂ ਪਹੁੰਚਿਆ ਤਾਂ ਡਾ. ਐਡਮ ਨੁੱਕਰ ਦੇ ਟੇਬਲ 'ਤੇ ਆਪਣਾ ਕੌਫ਼ੀ ਦਾ ਕੱਪ ਲਈ ਬੈਠੇ, ਮੇਰੀ ਉਡੀਕ ਕਰ ਰਹੇ ਸਨ। ਦਰਅਸਲ ਇਸ ਮੁਲਕ ਵਿਚ ਹਰ ਵਿਅਕਤੀ ਸਮੇਂ ਦੀ ਬਹੁਤ ਕਦਰ ਕਰਦਾ ਅਤੇ ਨਿਸ਼ਚਿਤ ਸਮੇਂ ਤੋਂ ਕਦੇ ਵੀ ਲੇਟ ਨਹੀਂ ਹੁੰਦਾ। ਹਰੇਕ ਲਈ ਆਪਣਾ ਇਕ ਇਕ ਮਿੰਟ ਕੀਮਤੀ ਹੁੰਦਾ। ਵੈਸੇ ਵੀ ਯੂਨੀਵਰਸਿਟੀ ਵਿਚ ਚੇਅਰ ਵਾਸਤੇ ਆਪਣੇ ਅਕਾਦਮਿਕ ਰੁਝੇਵਿਆਂ ਤੋਂ ਇਲਾਵਾ ਬਹੁਤ ਸਾਰੇ ਪ੍ਰਬੰਧਕੀ ਕਾਰਜ ਵੀ ਹੁੰਦੇ ਹਨ। ਅਸੀਂ ਬੜੇ ਤਪਾਕ ਨਾਲ ਇਕ ਦੂਜੇ ਨੂੰ ਮਿਲੇ। ਦਰਅਸਲ ਅਸੀਂ ਇਕ ਵਾਰ ਪਹਿਲਾਂ ਵੀ ਮਿਲ ਚੁੱਕੇ ਸਾਂ ਜਦ ਮੈਂ ਆਪਣੇ ਚੋਣਵੇਂ ਲੇਖਾਂ ਦੀ ਅੰਗਰੇਜ਼ੀ ਵਿਚ ਅਨੁਵਾਦਤ ਕਿਤਾਬ ਉਨ੍ਹਾਂ ਨੂੰ ਦਿੱਤੀ ਸੀ। ਅੱਜ ਉਸ ਕਿਤਾਬ 'ਤੇ ਡਾ. ਐਡਮ ਦੇ ਵਿਚਾਰ ਅਤੇ ਪ੍ਰਤੀਕਰਮ ਜਾਨਣ ਲਈ ਮਿਲਣ ਦਾ ਸਬੱਬ ਬਣਾਇਆ ਸੀ।

ਮਿਲ ਬੈਠਣ ਲਈ ਇਹ ਥਾਂ ਸਭ ਤੋਂ ਵਧੀਆ ਹੁੰਦੀ ਕਿਉਂਕਿ ਤੁਸੀਂ ਕੌਫ਼ੀ ਦੇ ਘੁੱਟ ਭਰਦੇ ਅਕਾਦਮਿਕ ਵਿਸ਼ਿਆਂ 'ਤੇ ਡੂੰਘੀ ਤੇ ਗੰਭੀਰ ਚਰਚਾ ਕਰ ਸਕਦੇ ਹੋ। ਮੈਂ ਜਦ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਕਿਹੜੀ ਕੌਫ਼ੀ ਪੀਵੋਗੇ ਤਾਂ ਉਸਨੇ ਕਿਹਾ, 'ਮੈਂ ਤਾਂ ਆਪਣੀ ਕੌਫ਼ੀ ਪੀ ਰਿਹਾ ਹਾਂ। ਮੈਂ ਕੌਫ਼ੀ ਪੀਂਦਿਆਂ ਆਪਣੇ ਦਫ਼ਤਰ ਵਿਚ ਰੁੱਝਿਆ ਹੋਇਆ ਸਾਂ। ਫਿਰ ਮੈਨੂੰ ਆਪਣੀ ਮੀਟਿੰਗ ਦਾ ਖ਼ਿਆਲ ਆਇਆ ਤਾਂ ਮੈਂ ਆਪਣਾ ਕੌਫ਼ੀ ਦਾ ਕੱਪ ਨਾਲ ਹੀ ਲੈ ਕੇ ਆ ਗਿਆ।' ਅਸਲ ਹਰ ਪ੍ਰੋਫੈਸਰ ਕੌਫ਼ੀ ਦੀ ਮਸ਼ੀਨ ਆਪਣੇ ਕਮਰੇ ਵਿਚ ਰੱਖਦਾ ਅਤੇ ਜਦੋਂ ਵੀ ਚਿੱਤ ਕਰੇ ਆਪਣੀ ਕੌਫ਼ੀ ਖ਼ੁਦ ਬਣਾ ਕੇ ਪੀ ਲੈਂਦਾ। ਐਸਾ ਨਹੀਂ ਕਿ ਸੇਵਾਦਾਰ ਨੂੰ ਹਾਕ ਮਾਰੋ ਕਿ ਮੇਰੀ ਲਈ ਚਾਹ ਜਾਂ ਕੌਫ਼ੀ ਲੈ ਕੇ ਆ। ਮੈਨੂੰ ਪਹਿਲੀ ਵਾਰ ਬਹੁਤ ਅਚੰਭਾ ਲੱਗਾ ਸੀ ਜਦ ਮੈਂ ਡੀਨ ਸਾਇੰਸਿਜ਼, ਡਾ. ਵਾਈਟ ਨੂੰ ਪਹਿਲੀ ਵਾਰ ਉਸਦੇ ਦਫ਼ਤਰ ਮਿਲਣ ਗਿਆ ਤਾਂ ਉਸਨੇ ਆਪਣੇ ਹੱਥੀਂ ਮੇਰੇ ਅਤੇ ਆਪਣੇ ਲਈ ਕੌਫ਼ੀ ਬਣਾਈ। ਕੌਫ਼ੀ ਪੀਂਦਿਆਂ ਹੀ ਉਸਨੇ ਮੇਰੇ ਬਾਰੇ ਜਾਣਕਾਰੀ ਲੈਣ ਤੋਂ ਬਾਅਦ ਕਿਹਾ ਕਿ ਸਾਨੂੰ ਇਕ ਫ਼ਿਜ਼ਿਕਸ ਦੇ ਟੀਚਰ ਦੀ ਲੋੜ ਹੈ ਜਿਹੜਾ ਕੁਝ ਕੋਰਸ ਪੜ੍ਹਾ ਸਕੇ।

ਡਾ. ਐਡਮ ਉਠਦਿਆਂ ਹੋਇਆਂ ਕਹਿਣ ਲੱਗਾ ਕਿ ਚੱਲੋ! ਤੁਹਾਡੇ ਲਈ ਕੌਫ਼ੀ ਲੈ ਆਈਏ ਤੇ ਫਿਰ ਬੈਠਦੇ ਹਾਂ। ਇਥੇ ਇਹ ਵੀ ਰਿਵਾਜ਼ ਹੈ ਕਿ ਹਰ ਵਿਅਕਤੀ ਆਪਣੀ ਕੌਫ਼ੀ ਦੇ ਪੈਸੇ ਖ਼ੁਦ ਦਿੰਦਾ ਹੈ। ਜਦ ਮੈਂ ਆਪਣੀ ਕੌਫੀ ਲੈ ਕੇ ਟੇਬਲ 'ਤੇ ਬੈਠਾ ਤਾਂ ਚਾਣਚੱਕ ਹੀ ਮੇਰੀ ਨਿਗਾਹ ਉਸਦੇ ਕੌਫ਼ੀ ਦੇ ਕੱਪ 'ਤੇ ਪਈ ਜਿਸਦੀ ਡੰਡੀ ਹੀ ਨਹੀਂ ਸੀ। ਉਹ ਪੂਰ ਖ਼ਲੂਸ ਅੰਦਾਜ਼ ਵਿਚ ਆਪਣੇ ਕੱਪ ਵਿਚ ਕੌਫ਼ੀ ਦਾ ਅਨੰਦ ਮਾਣਦਾ, ਮੇਰੀ ਕਿਤਾਬ ਬਾਰੇ ਆਪਣੇ ਵਿਚਾਰ ਦੱਸਣ ਲੱਗਾ। ਦੱਸਣ ਲੱਗਾ ਕਿ ਮੈਨੂੰ ਇਹ ਜਾਣ ਕੇ ਬੜੀ ਖ਼ੁਸ਼ੀ ਹੋਈ ਕਿ ਕੋਈ ਫ਼ਿਜ਼ਿਕਸ ਦਾ ਪ੍ਰੋਫੈਸਰ ਫਿਲਾਸਫ਼ੀ, ਮਨੋਵਿਗਿਆਨ, ਸਮਾਜਿਕ ਵਿਗਿਆਨ, ਵਿਗਿਆਨ, ਮਾਨਵੀ ਕਦਰਾਂ-ਕੀਮਤਾਂ, ਵਿਅਕਤੀਤਵ ਵਿਕਾਸ, ਜ਼ਿੰਦਗੀ, ਮਨੁੱਖੀ ਭਾਵਨਾਵਾਂ, ਧਰਮ, ਕੁਦਰਤ ਆਦਿ ਦੇ ਸੁੰਦਰ ਤੇ ਵੱਖਰੇ ਸੁਮੇਲ ਰਾਹੀਂ ਆਪਣੇ ਖ਼ਿਆਲਾਂ ਨੂੰ ਕਾਵਿਕ ਰੂਪ ਵਿਚ ਪ੍ਰਗਟ ਕਰ ਸਕਦਾ। ਭਾਵੇਂ ਮੈਂ ਪੰਜਾਬੀ ਰਹਿਤਲ ਬਾਰੇ ਕੁਝ ਨਹੀਂ ਜਾਣਦਾ ਪਰ ਇਸ ਕਿਤਾਬ ਨੂੰ ਪੜ੍ਹਨ ਤੋਂ ਬਾਅਦ ਮੈਨੂੰ ਲੱਗਦਾ ਕਿ ਮੈਂ ਬੜਾ ਕੁਝ ਉਸ ਵਿਰਾਸਤ ਅਤੇ ਸਮਾਜ ਬਾਰੇ ਜਾਣ ਲਿਆ ਹੈ। ਮੈ ਕੋਸ਼ਿਸ਼ ਕਰਾਂਗਾ ਕਿ ਕਿਸੇ ਦਿਨ ਇੰਗਲਿਸ਼ ਕ੍ਰਿਏਟਿਵ ਰਾਈਟਿੰਗ ਵਾਲੇ ਵਿਦਿਆਰਥੀਆਂ ਨਾਲ ਤੁਹਾਡਾ ਰੂਬਰੂ ਕਰਵਾਇਆ ਜਾਵੇ ਤਾਂ ਕਿ ਤੁਹਾਡੀ ਲਿਖਣ ਪ੍ਰਕਿਰਿਆ ਅਤੇ ਤੁਹਾਡੇ ਨਾਲ ਵਿਚਾਰ ਵਟਾਂਦਰੇ ਨਾਲ ਉਹ ਆਪਣੀ ਲਿਖਣ ਪ੍ਰਤਿਭਾ ਨੂੰ ਨਿਖਾਰ ਸਕਣ। ਵੈਸੇ ਵੀ ਅੰਗਰੇਜ਼ੀ ਤੋਂ ਵੱਖਰੀ ਸਾਹਿਤਕ ਲੇਖਣੀ ਪੜ੍ਹਨ ਨਾਲ ਤੁਹਾਨੂੰ ਕਈ ਪਸਾਰ ਅਜੇਹੇ ਮਿਲ ਜਾਂਦੇ ਜਿਨ੍ਹਾਂ ਬਾਰੇ ਕਈ ਵਾਰ ਅਸੀਂ ਨਹੀਂ ਜਾਣਦੇ ਹੁੰਦੇ। ਬਹੁਤ ਹੀ ਲਾਹੇਵੰਦ ਰਹੀ ਇਹ ਗੱਲਬਾਤ ਅਤੇ ਫਿਰ ਮਿਲਣ ਦਾ ਵਾਅਦਾ ਕਰਕੇ ਅਸੀਂ ਘੰਟੇ ਦੀ ਮਿਲਣੀ ਤੋਂ ਬਾਅਦ ਆਪੋ-ਆਪਣੇ ਵਿਭਾਗਾਂ ਨੂੰ ਤੁਰ ਪਏ।

ਡਾ. ਐਡਮ ਦੀ ਸ਼ਖ਼ਸੀਅਤ ਕਮਾਲ ਦੀ, ਨਿਰਉਚੇਚ, ਆਪਣੀ ਮਸਤੀ ਵਿਚ ਰੰਗਿਆ। ਤੁਹਾਨੂੰ ਅਹਿਸਾਸ ਹੀ ਨਹੀਂ ਹੁੰਦਾ ਕਿ ਇੰਨੇ ਵੱਡੇ ਰੁਤਬੇ ਵਾਲਾ ਸ਼ਖ਼ਸ ਤੁਹਾਡੇ ਨਾਲ ਬੜੇ ਸਹਿਜ ਨਾਲ ਉਚ-ਦਰਜੇ ਦੀ ਗੱਲਬਾਤ ਕਰ ਰਿਹਾ। ਅਜੇਹੇ ਲੋਕ ਹੀ ਦਰਅਸਲ ਆਪਣੀ ਸਾਦਗੀ ਤੇ ਹਲੀਮੀ ਵਿਚੋਂ ਆਪਣੀ ਮਹਾਨਤਾ ਦੇ ਦਰਸ਼ ਕਰਵਾਉਂਦੇ। ਉਨ੍ਹਾਂ ਲਈ ਟੁੱਟੀ ਡੰਡੀ ਵਾਲਾ ਕੱਪ ਕੋਈ ਮਹੱਤਵ ਨਹੀਂ ਰੱਖਦਾ। ਸਗੋਂ ਮਹੱਤਵ ਰੱਖਦਾ ਹੈ ਕਿ ਤੁਸੀਂ ਕੌਣ ਹੋ, ਤੁਹਾਡਾ ਕਿਰਦਾਰ ਕੀ ਹੈ, ਤੁਸੀਂ ਆਪਣੀ ਵਡੱਤਣ ਨੂੰ ਕਿਵੇਂ ਮਿਣਦੇ ਹੋ ਅਤੇ ਤੁਹਾਡੀਆਂ ਤਰਜੀਹਾਂ ਕੀ ਹਨ?

ਯਾਦ ਰਹੇ ਕਿ ਕੱਪ ਅਹਿਮ ਨਹੀਂ ਹੁੰਦਾ ਸਗੋਂ ਅਹਿਮ ਹੁੰਦਾ ਕਿ ਕੱਪ ਵਿਚਲੀ ਚਾਹ ਜਾਂ ਕੌਫ਼ੀ ਕਿਸਨੇ ਤਿਆਰ ਕੀਤੀ? ਕਿਹੜੀਆਂ ਭਾਵਨਾਵਾਂ ਇਸ ਵਿਚ ਸਮੋਈਆਂ? ਇਸ ਕੱਪ ਸਦਕਾ ਕਿਹੜੇ ਮੁੱਲਵਾਨ ਵਿਚਾਰਾਂ ਨੇ ਜਨਮ ਲਿਆ? ਕਿਹੜੀ ਲਿਖਤ ਦਾ ਵਿਚਾਰ ਮਨ ਵਿਚ ਪਨਪਿਆ? ਕਿਹੜੇ ਖ਼ਿਆਲਾਂ ਨੇ ਉਡਾਣ ਭਰੀ? ਕਿਹੜੀਆਂ ਤਰਜੀਹਾਂ ਨੇ ਤਦਬੀਰਾਂ ਦਾ ਰੂਪ ਵਟਾਉਣ ਲਈ ਉਸਲਵਾਟੇ ਲਏ ਜਿਨ੍ਹਾਂ ਨੇ ਆਖਰ ਨੂੰ ਤਕਦੀਰ ਬਣਨਾ?

ਅਜੇਹੇ ਹੀ ਵੱਡੇ ਲੋਕ ਹੁੰਦੇ ਜਿਹੜੇ ਆਮ ਹੁੰਦਿਆਂ ਵੀ ਖਾਸ ਹੁੰਦੇ। ਜਿਹੜੇ ਸਧਾਰਨ ਹੁੰਦਿਆਂ ਵੀ ਬਹੁਤ ਅਸਧਾਰਨ ਹੁੰਦੇ। ਜਿਨ੍ਹਾਂ ਦੀ ਜ਼ਹੀਨ ਸੋਚ ਸੰਕੀਰਨਤਾ ਵਿਚ ਕੈਦ ਨਹੀਂ ਹੁੰਦੀ ਸਗੋਂ ਉਨ੍ਹਾਂ ਦੀ ਸੋਚ ਦਾ ਫੈਲਾਅ ਅੰਬਰ ਤੀਕ ਹੁੰਦਾ। ਅਜੇਹੇ ਲੋਕ ਉਹ ਹੁੰਦੇ ਜਿਨ੍ਹਾਂ ਦੀ ਕੌਫ਼ੀ ਬਹੁਤੀ ਵਾਰ ਠੰਢੀ ਹੋ ਜਾਂਦੀ ਕਿਉਂਕਿ ਉਨ੍ਹਾਂ ਲਈ ਕੌਫ਼ੀ ਜਾਂ ਚਾਹ ਭੁੱਲ ਹੀ ਜਾਂਦੀ। ਉਨ੍ਹਾਂ ਦੇ ਮਨ ਵਿਚ ਆਇਆ ਵਿਚਾਰਾਂ ਦਾ ਪ੍ਰਵਾਹ, ਨਵੇਂ ਖ਼ਿਆਲਾਂ ਦਾ ਫੈਲਾਅ ਜਾਂ ਮਸਤਕ ਵਿਚ ਫੁੱਰ ਰਹੇ ਫੁਰਨਿਆਂ ਦਾ ਅਜਿਹਾ ਜਲਵਾ ਹੁੰਦਾ ਕਿ ਉਹ ਆਪਣੇ ਆਪ ਵਿਚ ਗਵਾਚੇ ਚੌਗਿਰਦੇ ਤੋਂ ਬੇਖ਼ਬਰ, ਆਪਣੀ ਭਵਿੱਖਮੁਖੀ ਸੋਚ, ਵਿਲੱਖਣ ਨਜ਼ਰੀਏ ਅਤੇ ਚੇਤੰਨ ਦਿੱਬ-ਦ੍ਰਿਸ਼ਟੀ ਰਾਹੀਂ ਅਜੇਹਾ ਚਿੱਤਵ ਜਾਂਦੇ ਜਿਸ ਬਾਰੇ ਆਮ ਵਿਅਕਤੀ ਤਾਂ ਸੋਚ ਹੀ ਨਹੀਂ ਸਕਦਾ।



ਬੜੇ ਥੋੜੇ ਹੁੰਦੇ ਉਹ ਲੋਕ ਜੋ ਦਿਖਾਵੇ ਦਾ ਪ੍ਰਪੰਚ ਰਚਾ ਕੇ ਖ਼ੁਦ ਨੂੰ ਵੱਡਾ ਕਰਦੇ। ਮਹਿੰਗੇ ਕੱਪ-ਪਲੇਟਾਂ ਤੇ ਚਮਚਿਆਂ ਨਾਲ ਚਾਹ ਜਾਂ ਕੌਫ਼ੀ ਪੀਣ ਦਾ ਢੱਕਵੰਜ ਕਰਨ ਵਾਲੇ ਅੰਦਰੋਂ ਬਹੁਤ ਖੋਖਲੇ ਹੁੰਦੇ। ਉਹ ਦਿਖਾਵੇ ਰਾਹੀਂ ਹੀ ਕਿਸੇ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕਰਦੇ ਜਦ ਕਿ ਮਹਾਨ ਲੋਕ ਦਿਖਾਵਾ ਨਹੀਂ ਕਰਦੇ। ਉਨ੍ਹਾਂ ਦਾ ਕਾਰਜ ਹੀ ਉਨ੍ਹਾਂ ਦਾ ਕਰਮ ਹੁੰਦਾ। ਉਹ ਕੁਝ ਵੀ ਨਾ ਦੱਸ/ਦਿਖਾ ਕੇ ਕੁਝ ਅਜੇਹਾ ਕਰ ਜਾਂਦੇ ਕਿ ਸਮਾਜ ਨੂੰ ਉਨ੍ਹਾਂ ਦੀ ਅਹਿਮੀਅਤ ਅਤੇ ਅਸਲੀਅਤ ਦਾ ਪਤਾ ਲੱਗ ਜਾਂਦਾ।

ਪਹਿਲੇ ਸਮਿਆਂ ਵਿਚ ਪਿੱਤਲ ਦੇ ਗਲਾਸਾਂ ਜਾਂ ਮਿੱਟੀ ਦੇ ਕਸੋਰਿਆਂ ਵਿਚ ਚਾਹ ਪੀਣ ਵਾਲੇ ਵੀ ਬਹੁਤ ਮਹਾਨ ਲੋਕ ਹੋਏ। ਕਿਸੇ ਖਾਸ ਮਹਿਮਾਨ ਜਾਂ ਵਿਅਕਤੀ ਲਈ ਕੱਪ ਹੁੰਦੇ ਸਨ। ਪਰ ਅਸੀਂ ਪੰਜਾਬੀ ਦਿਖਾਵੇ ਵਿਚ ਅਜੇਹੇ ਉਲਝ ਗਏ ਕਿ ਇਹ ਸਾਡੀ ਜ਼ਿੰਦਗੀ ਲਈ ਜ਼ੰਜਾਲ ਬਣ ਗਿਆ। ਸਾਨੂੰ ਕੁਝ ਤਾਂ ਇਸ ਸਮਾਜ ਕੋਲੋਂ ਸਿੱਖਣਾ ਚਾਹੀਦਾ ਕਿ ਆਮ ਰਹਿ ਕੇ ਵੀ ਖਾਸ ਬਣਿਆ ਜਾ ਸਕਦਾ ਬਸ਼ਰਤੇ ਕਿ ਬੰਦੇ ਵਿਚ ਮਨੁੱਖੀ ਗੁਣ ਹੋਣ। ਉਸਦੇ ਵਿਅਕਤੀਤਵ ਦਾ ਪ੍ਰਤਾਪ ਹੋਵੇ। ਉਸਦੇ ਸ਼ਖ਼ਸੀ ਕਿਰਦਾਰ ਦਾ ਜਲੌਅ ਹੋਵੇ। ਉਸਦੇ ਮਨ ਵਿਚ ਕਿਸੇ ਲਈ ਦਰਦ-ਭਾਵਨਾ ਹੋਵੇ। ਕਿਸੇ ਦੀ ਪੀੜਾ ਦੇਖ ਅੱਖ ਵਿਚ ਹੰਝੂ ਆ ਜਾਣ ਜਾਂ ਕਿਸੇ ਦੀਆਂ ਤੜਫਦੀਆਂ ਆਂਦਰਾਂ ਲਈ ਮਰ੍ਹਮ ਬਣਨ ਦਾ ਉਦਮ ਹੋਵੇ।

30 ਸਾਲ ਤੋਂ ਜ਼ਿਆਦਾ ਪੰਜਾਬ ਦੇ ਕਾਲਜਾਂ ਵਿਚ ਪੜ੍ਹਾਉਣ ਤੋਂ ਬਾਅਦ ਪਿਛਲੇ ਦਸ ਸਾਲਾਂ ਤੋਂ ਅਮਰੀਕਾ ਦੀ ਯੂਨੀਵਰਸਿਟੀ ਵਿਚ ਪੜ੍ਹਾ ਰਿਹਾ ਹਾਂ। ਪਤਾ ਲੱਗਦਾ ਹੈ ਕਿ ਅਸੀਂ ਕਿਥੇ ਖੜ੍ਹੇ ਹਾਂ? ਇਹ ਦੇਸ਼ ਇੰਨਾ ਉਨਤ ਕਿਉਂ ਹੈ? ਸਭ ਤੋਂ ਪ੍ਰਮੁੱਖ ਹੈ ਅਧਿਆਪਕ/ਪ੍ਰੋਫੈਸਰ ਦਾ ਕਿਰਦਾਰ ਜੋ ਇੰਨਾ ਉਚਾ ਤੇ ਸੁੱਚਾ ਹੈ ਕਿ ਕੋਈ ਵੀ ਉਸ 'ਤੇ ਉਂਗਲ ਨਹੀਂ ਚੁੱਕ ਸਕਦਾ। ਉਹ ਖ਼ੁਦ ਇਮਤਿਹਾਨਾਂ ਦੇ ਪੇਪਰ ਤਿਆਰ ਕਰਦਾ, ਖ਼ੁਦ ਨੰਬਰ ਦਿੰਦਾ ਅਤੇ ਸਮੈਸਟਰ ਦੇ ਅਖ਼ੀਰ ਵਿਚ ਗਰੇਡ ਦਿੰਦਾ ਜਿਸ ਵਿਚ ਯੂਨੀਵਰਸਿਟੀ ਦਾ ਪ੍ਰੈਜ਼ੀਡੈਂਟ ਵੀ ਦਖ਼ਲ-ਅੰਦਾਜ਼ੀ ਨਹੀਂ ਕਰ ਸਕਦਾ ਅਤੇ ਨਾ ਹੀ ਗਰੇਡ ਬਦਲਣ ਨੂੰ ਕਹੇਗਾ। ਕੀ ਅਜੇਹਾ ਪੰਜਾਬ ਵਿਚ ਸੰਭਵ ਹੋ ਸਕਦਾ। ਕਲਾਸ ਵਿਚ ਕੋਈ ਪ੍ਰੋਫੈਸਰ ਇਕ ਮਿੰਟ ਲੇਟ ਨਹੀਂ ਹੁੰਦਾ। ਜੇ ਉਸ ਨੇ ਛੁੱਟੀ ਲੈਣੀ ਹੈ ਤਾਂ ਉਸਨੂੰ ਅਗਾਉਂ ਦੱਸਣਾ ਪਵੇਗਾ ਕਿ ਕੋਈ ਦੂਸਰਾ ਪ੍ਰੋ. ਉਸਦੀ ਕਲਾਸ ਵਿਚ ਜਾਵੇ ਤਾਂ ਕਿ ਵਿਦਿਆਰਥੀਆਂ ਦੀ ਪੜ੍ਹਾਈ ਦਾ ਇਕ ਦਿਨ ਵੀ ਖ਼ਰਾਬ ਨਾ ਹੋਵੇ। ਕੋਈ ਵੀ ਵਿਦਿਆਰਥੀ ਐਮਰਜੈਂਸੀ ਦੀ ਹਾਲਤ ਵਿਚ ਆਪਣਾ ਇਮਤਿਹਾਨ ਮਿੱਥੀ ਤਰੀਖ ਤੋਂ ਬਾਅਦ ਵੀ ਆਪਣੇ ਪ੍ਰੋਫੈਸਰ ਦੀ ਸਹਿਮਤੀ ਨਾਲ ਦੇ ਸਕਦਾ ਪਰ ਉਹ ਇੰਨਾ ਦਿਆਨਤਦਾਰ ਹੁੰਦਾ ਕਿ ਪਹਿਲੇ ਹੋਏ ਇਮਤਿਹਾਨ ਬਾਰੇ ਉਸਨੂੰ ਕੋਈ ਵੀ ਇਲਮ ਨਹੀਂ ਹੁੰਦਾ। ਕੋਈ ਵੀ ਵਿਦਿਆਰਥੀ ਘੱਟ ਗਰੇਡ ਦੀ ਸ਼ੱਕ ਪੈਣ 'ਤੇ ਆਪਣੇ ਪੇਪਰ ਕਿਸੇ ਵੇਲੇ ਵੀ ਦੇਖ ਸਕਦਾ। ਵੈਸੇ ਉਸਨੂੰ ਆਪਣੇ ਗਰੇਡਾਂ ਦਾ ਖ਼ੁਦ ਵੀ ਪਤਾ ਹੁੰਦਾ ਕਿ ਕਿਸ ਵੇਲੇ ਉਸਦਾ ਕਿਹੜਾ ਗਰੇਡ ਹੈ ਅਤੇ ਆਪਣੇ ਗਰੇਡਾਂ ਨੂੰ ਕਿਵੇਂ ਸੁਧਾਰਨਾ ਹੈ? ਇਹ ਸਭ ਕੁਝ ਯੂਨੀਵਰਸਿਟੀ ਦੇ ਬਲੈਕਬੋਰਡ 'ਤੇ ਪ੍ਰੋਫੈਸਰ ਨੇ ਨਾਲੋ-ਨਾਲ ਆਨ-ਲਾਈਨ ਅੱਪਡੇਟ ਕਰਨਾ ਹੁੰਦਾ। ਪ੍ਰੋਫੈਸਰ ਬਹੁਤ ਹੀ ਪਾਰਦਰਸ਼ੀ ਹੁੰਦਾ ਅਤੇ ਇਸ ਕਰਕੇ ਹਰ ਵਿਦਿਆਰਥੀ ਆਪਣੇ ਪ੍ਰੋਫੈਸਰ ਦਾ ਬਹੁਤ ਅਦਬ ਅਤੇ ਸਤਿਕਾਰ ਕਰਦਾ। ਉਹ ਸਰ ਨਹੀਂ ਸਗੋਂ ਤੁਹਾਡਾ ਨਾਮ ਲੈ ਕੇ ਮਿੱਤਰ ਵਾਂਗ ਤੁਹਾਨੂੰ ਸੰਬੋਧਨ ਕਰਦਾ। ਕਈ ਵਾਰ ਕੁਝ ਵਿਦਿਆਰਥੀ ਆਪਣੀਆਂ ਨਿੱਜੀ ਪ੍ਰੇਸ਼ਾਨੀਆਂ ਜਾਂ ਮਜਬੂਰੀਆਂ ਵੀ ਆਪਣੇ ਪ੍ਰੋਫੈਸਰ ਨਾਲ ਸਾਂਝੀਆਂ ਕਰਦੇ ਹਨ ਤਾਂ ਕਿ ਉਨ੍ਹਾਂ ਨੂੰ ਪਤਾ ਹੋਵੇ ਕਿ ਫਲਾਣਾ ਵਿਦਿਆਰਥੀ ਕਲਾਸ ਵਿਚ ਕੁਝ ਦਿਨਾਂ ਲਈ ਗੈਰ-ਹਾਜ਼ਰ ਕਿਉਂ ਸੀ? ਪੰਜਾਬ ਦੇ ਵਿਦਿਅਕ ਅਦਾਰਿਆਂ 'ਤੇ ਕਾਬਜ਼ ਕੁਝ ਕੁ ਬਿਮਾਰ ਮਾਨਸਿਕਤਾ ਵਾਲੇ ਲੋਕ ਪੀਐਚਡੀ ਤੱਕ ਦੀਆਂ ਡਿਗਰੀਆਂ ਦਿਵਾਉਣ ਲਈ ਵਿਦਿਆਰਥੀਆਂ ਦਾ ਸਰੀਰਕ, ਮਾਨਸਿਕ ਅਤੇ ਆਰਥਿਕ ਸ਼ੋਸ਼ਣ ਕਰਦੇ ਹਨ? ਪ੍ਰੋਫੈਸਰ/ਅਧਿਆਪਕ ਦੇ ਕਿਰਦਾਰ 'ਤੇ ਉਠੇ ਪ੍ਰਸ਼ਨ ਕਿਸੇ ਸਿਸਟਮ ਨੂੰ ਪਲੀਤ ਹੋਣ ਤੋਂ ਕਿਵੇਂ ਬਚਾਵੇਗਾ?

ਟੁੱਟੀ ਡੰਡੀ ਵਾਲਾ ਕੱਪ ਖਾਸ ਨਹੀਂ ਸੀ ਸਗੋਂ ਖਾਸ ਸੀ ਮਿਲ-ਬੈਠਣ ਦਾ ਸਬੱਬ। ਉਸ ਵਕਤ ਦੌਰਾਨ ਹੋਈ ਬਹੁਤ ਹੀ ਲਾਹੇਵੰਦ ਗੱਲਬਾਤ। ਇਕ ਦੂਜੇ ਨੂੰ ਸਮਝਣ ਦੀ ਸੋਝੀ। ਇਕ ਦੂਜੇ ਦੇ ਸਭਿਆਚਾਰ ਦੀਆਂ ਪਰਤਾਂ ਨੂੰ ਫਰੋਲਣਾ ਅਤੇ ਸਾਹਿਤਕ ਸਬੰਧਾਂ ਰਾਹੀਂ ਸਹਿਤਕ ਉਤਪਤੀ ਦਾ ਮੌਕਾ ਸਿਰਜਣਾ। ਇਕ ਦੂਜੇ ਦੀਆਂ ਭਾਵਨਾਵਾਂ ਨੂੰ ਸਮਝਣਾ ਅਤੇ ਉਨ੍ਹਾਂ ਦੀ ਕਦਰ ਕਰਨੀ। ਆਹਮੋ-ਸਾਹਮਣੇ ਬੈਠ ਕੇ ਵਿਚਾਰਾਂ ਦਾ ਆਦਾਨ-ਪ੍ਰਦਾਨ। ਇਸ ਰਾਹੀਂ ਅਜੇਹਾ ਸਿੱਟਾ ਕੱਢਣਾ ਤਾਂ ਕਿ ਨਵੀਂ ਕਲਮਕਾਰੀ ਅਜੇਹੀ ਲਿਖਤ ਨੂੰ ਜਨਮ ਦੇਵੇ ਜੋ ਜਾਤੀ ਵੱਖਰੇਵਿਆਂ ਅਤੇ ਸਭਿਆਚਾਰਕ ਵਿਭਿੰਨਤਾ ਤੋਂ ਉਪਰ ਉਠ ਕੇ ਆਪਣੀ ਨਰੋਈ ਪਛਾਣ ਬਣਾਵੇ। ਇਕ ਦੂਜੇ ਨੂੰ ਉਤਸ਼ਾਹਿਤ ਅਤੇ ਪ੍ਰੇਰਤ ਕਰਨ ਦਾ ਉਦਮ। ਇਕ ਦੂਜੇ ਦੀਆਂ ਕੀਰਤੀਆਂ ਵਿਚੋਂ ਆਪਣੇ ਆਪ ਨੂੰ ਪਛਾਨਣ ਦਾ ਹੁਨਰ। ਇਹੀ ਹੁਨਰ ਦਰਅਸਲ ਸਾਡੇ ਵਿਅਕਤੀਤਵ ਵਿਕਾਸ ਦਾ ਸੱਭ ਤੋਂ ਪ੍ਰਮੁੱਖ ਸਰੋਤ। ਇਸ ਤੋਂ ਅਸੀਂ ਪੱਛੜ ਗਏ ਕਿਉਂਕਿ ਅਸੀਂ ਸਾਹਿਤਕ ਖੇਤਰ ਵਿਚ ਨਿੱਕੇ-ਨਿੱਕੇ ਸੌੜੇ ਦਾਇਰਿਆਂ ਵਿਚ ਸਿਮਟ ਗਏ। ਆਪਣੀ ਹਉਮੈ ਨੂੰ ਪੱਠੇ ਪਾਉਣ ਅਤੇ ਖ਼ੁਦ ਦੀ ਉਸਤਤੀ ਕਰਵਾਉਣ ਤੀਕ ਹੀ ਸੀਮਤ ਹੋ ਗਏ। ਤਾਂ ਹੀ ਸਾਡੀਆਂ ਸਾਹਿਤਕ ਲਿਖਤਾਂ ਦਾ ਮਿਆਰ ਉਹ ਨਹੀਂ ਬਣ ਸਕਿਆ ਜਿਹੜਾ ਸੁਚਿਆਰੀ ਅਤੇ ਨਿਆਰੀ ਪਰਖ-ਪੜਚੋਲ ਨੂੰ ਅਪਣਾ ਕੇ, ਆਪਣੀਆਂ ਕਮੀਆਂ ਨੂੰ ਆਪਣੀ ਤਾਕਤ ਬਣਾ ਕੇ ਅਤੇ ਹਰ ਵਰਤਾਰੇ ਨੂੰ ਵੱਖਰੇ ਨਜ਼ਰੀਏ ਤੋਂ ਦੇਖ ਅਤੇ ਸਮਝ ਕੇ ਕਿਸੇ ਸਾਹਿਤਕ ਸੋਚ ਨੂੰ ਸ਼ਬਦਾਂ ਵਿਚ ਪਰੋਇਆ ਜਾਂਦਾ।

ਸਧਾਰਨਤਾ ਅਤੇ ਹਲੀਮੀ ਰੁਤਬਿਆਂ ਅਤੇ ਅਮੀਰੀ ਨਾਲੋਂ ਵੀ ਜ਼ਿਆਦਾ ਖ਼ੁਸ਼ੀ ਅਤੇ ਖੇੜਾ ਤੁਹਾਡੀ ਝੋਲੀ ਪਾਉਂਦੀ ਜਿਹੜਾ ਧਨ ਨਾਲ ਨਹੀਂ ਖ਼ਰੀਦਿਆ ਜਾ ਸਕਦਾ।

ਹਲੀਮੀ ਤੁਹਾਡੀ ਤਰੱਕੀ ਦਾ ਸਭ ਤੋਂ ਵੱਡਾ ਰਾਜ਼। ਜਦ ਬੰਦੇ ਦੇ ਮਨ ਵਿਚ ਆ ਜਾਵੇ ਕਿ ਉਹ ਸਰਬ ਕਲਾ ਸੰਪੂਰਨ ਅਤੇ ਸਮਰੱਥ ਹੈ ਤਾਂ ਸਮਝੋ ਉਸਨੇ ਆਪਣੇ ਵਿਅਕਤੀਤਵ ਦੇ ਵਿਕਾਸ ਨੂੰ ਰੋਕ ਲਿਆ ਹੈ।

ਸਾਦਗੀ ਵਿਚ ਹੰਕਾਰ ਨਹੀਂ ਹੁੰਦਾ। ਹਲੀਮੀ ਵਿਚ ਗਰੂਰ ਨਹੀਂ ਹੋ ਸਕਦਾ ਅਤੇ ਅਪਣੱਤ ਵਿਚ ਦਵੈਸ਼ ਨਹੀਂ ਹੁੰਦਾ। ਪਰ ਇਸ ਵਿਚ ਬੰਦਿਆਈ ਅਤੇ ਭਲਿਆਈ ਦਾ ਗੂੜ੍ਹਾ ਰੰਗ ਹੁੰਦਾ ਜਿਹੜਾ ਮਨੁੱਖੀ ਚੰਗਿਆਈ ਦਾ ਮੂਲ ਅਧਾਰ ਬਣਦਾ।

ਬੰਦੇ ਦਾ ਵਰਤਾਰਾ ਕਠੋਰ ਹੈ ਜਾਂ ਨਰਮ, ਉਸਦੀ ਬੋਲਬਾਣੀ ਕੌੜੀ ਜਾਂ ਮਿੱਠੀ। ਉਸਦੀ ਦਿੱਖ ਵਿਚ ਕਰੂਰਤਾ ਜਾਂ ਮਾਸੂਮੀਅਤ। ਉਸਦੇ ਨਜ਼ਰੀਏ ਵਿਚ ਸਾਵਾਂਪਣ ਜਾਂ ਅਸਾਵਾਂਪਣ। ਇਹ ਸਭ ਕੁਝ ਉਸਦੇ ਅੰਦਰ ਦਾ ਪ੍ਰਗਟਾਵਾ ਜਿਸ ਤੋਂ ਬੰਦਾ ਖ਼ੁਦ ਹੀ ਪਰਦਾ ਹਟਾ ਦਿੰਦਾ ਅਤੇ ਉਸਦਾ ਸੱਚ ਜੱਗ-ਜ਼ਾਹਰ ਹੋ ਜਾਂਦਾ। ਲੋੜ ਹੈ ਕਿ ਆਪਣੇ ਅੰਦਰਲੇ ਸੁੱਚਮ, ਸਾਦਗੀ ਅਤੇ ਹਲੀਮੀ ਨੂੰ ਜੀਵਨ ਦਾ ਨਜ਼ਰੀਆ ਬਣਾਓ, ਜ਼ਿੰਦਗੀ ਵਿਚ ਤੁਹਾਡੇ ਕਿਰਦਾਰ ਦੀ ਮਹਿਕ ਆਵੇਗੀ।

ਸਾਦਗੀ ਵਿਚ ਸਭ ਤੋਂ ਪ੍ਰਮੁੱਖ ਹੁੰਦਾ ਆਤਮ-ਸਨਮਾਨ ਜਿਹੜਾ ਹੋਰ ਨਿਖਰਦਾ। ਇਸਦੇ ਰੌਸ਼ਨ ਪੱਖ ਵਿਚ ਤੁਸੀਂ ਆਪਣੀਆਂ ਰਾਹਾਂ ਨੂੰ ਚਾਨਣ-ਰੰਗੀਆਂ ਕਰ ਲੈਂਦੇ।

ਸਧਾਰਨਤਾ ਕੋਈ ਮਾਨਵੀ ਕਮਜ਼ੋਰੀ ਨਹੀਂ ਸਗੋਂ ਇਹ ਉਹ ਤਾਕਤ ਹੈ ਜਿਸ ਸਾਹਵੇਂ ਆਕੜ-ਖਾਂ ਵੀ ਸਿਰ ਝੁਕਾਉਣ ਲਈ ਮਜਬੂਰ ਹੋ ਜਾਂਦੇ। ਹਲੀਮੀ ਤਾਂ ਸਵੈ-ਬੰਦਗੀ ਦਾ ਉਹ ਰੂਪ ਜਿਹੜਾ ਤੁਹਾਡੀ ਆਤਮਿਕ ਉਚਾਈ ਦਾ ਸਿਖਰ ਹੁੰਦੀ।

ਖਦੇ-ਕਦੇ ਖ਼ੁਦ ਨੂੰ ਮਿਲਣਾ ਅਤੇ ਸੋਚਣਾ ਕਿ ਮੈਂ ਨਿਰਮਾਣਤਾ ਅਤੇ ਸਧਾਰਨਤਾ ਵਿਚੋਂ ਕਿੰਨਾ ਸੁਖਨ ਅਤੇ ਸਕੂਨ ਹਾਸਲ ਕੀਤਾ ਹੈ? ਕਦੇ ਖ਼ੁਦ ਨੂੰ ਅਮਰੂ ਨਿਮਾਣਾ, ਨਤਾਣਾ ਤੇ ਨਥਾਵਾਂ ਸਮਝਣ ਵਾਲੇ ਮਾਰਗ ਨੂੰ ਆਪਣੀ ਸੋਚ ਵਿਚ ਛੋਟੀ ਜਿਹੀ ਜਗਾ ਦੇਣੀ। ਉਚੇਚ ਨਾ ਕਰੋ ਆਪਣੀ ਨਿਰਮਾਣਤਾ ਦਾ ਸਗੋਂ ਆਪਣੀ ਸੋਚ ਤੇ ਮਨ ਦੀ ਧਾਰਨਾ ਨਾਲ ਆਪਣੇ ਆਪ ਨੂੰ ਛੋਟਾ ਸਮਝਣਾ। ਤੁਹਾਡੀ ਕਿਰਤਕਾਰੀ ਨੇ ਤੁਹਾਡੀ ਵਡੱਤਣ ਨੂੰ ਆਪਣੇ ਆਪ ਹੀ ਫੈਲਾਅ ਦੇਣਾ। ਐਵੇਂ ਕਾਹਤੋਂ ਆਪਣੇ ਆਪ ਨੂੰ ਅਡੰਬਰੀ ਸੰਸਾਰ ਵਿਚ ਉਲਝਾਉਂਦੇ ਹੋ। ਕਦੇ ਦਿਖਾਵੇ ਤੋਂ ਬਾਹਰ ਨਿਕਲਣਾ, ਦੇਖਣਾ ਤੁਹਾਨੂੰ ਕਿੰਨੀ ਮਾਨਸਿਕ ਖ਼ੁਸ਼ੀ ਮਿਲੇਗੀ।

## ਕਾਵਿ-ਕਿਆਰੀ

### ਗੁਰੂ ਅੰਗ ਸੰਗ ਹੈ, ਅਨੰਦ ਹੀ ਅਨੰਦ ਹੈ

ਸਿਹਤ ਰਾਜ਼ੀ ਬਾਜ਼ੀ ਆ ਤੇ, ਹੁੰਦੀ ਭਾਜੀ ਭਾਜੀ ਆ
ਗੁੱਡੀ ਚੜੀ ਹੋਈ ਆ, ਤੇ ਮੁੱਛ ਖੜੀ ਹੋਈ ਆ
ਗੰਨ ਭਰੀ ਹੋਈ ਆ ਤੇ ਹੌਸਲੇ ਬੁਲੰਦ ਆ
ਗੁਰੂ ਅੰਗ ਸੰਗ ਆ, ਅਨੰਦ ਹੀ ਅਨੰਦ ਆ

ਯਾਰ ਖੜੇ ਨਾਲ ਆ, ਗੁਰੂ ਵੀ ਦਿਆਲ ਆ
ਸਾਨਾਂ ਜਿਹਾ ਜ਼ੋਰ ਆ ਤੇ, ਸ਼ੇਰਾਂ ਜਿਹੀ ਚਾਲ ਆ
ਨੀਵੇਂ ਹੋ ਕੇ ਰਹਿਨੇ ਆਂ ਤੇ, ਦਬਕਾ ਨ ਸਹਿਨੇ ਆਂ
ਰੱਬ ਹੱਥ ਡੋਰ ਉਚੀ, ਚੜੀਓ ਪੰਤਗ ਆ
ਗੁਰੂ ਅੰਗ ਸੰਗ ਆ ਅਨੰਦ ਹੀ ਅਨੰਦ ਆ

ਸਿੱਧੇ ਜਿਹੇ ਬੰਦੇ ਆਂ ਤੇ, ਗੁਰੂਆਂ ਦੇ ਚੰਗੇ ਆਂ
ਮਿੱਤਰਾਂ ਲਈ ਫੁੱਲ ਅਸੀਂ, ਵੈਰੀਆਂ ਲਈ ਕੰਡੇ ਆਂ
ਦਬਕਾ ਨੀ ਮਾਰਿਆ ਤੇ, ਰੋਹਬ ਨੀ ਸਹਾਰਿਆ

ਇਹੀ ਆ ਤਸੀਰ ਸਾਡੀ, ਇਹੀ ਸਾਡਾ ਢੰਗ ਆ
ਗੁਰੂ ਅੰਗ ਸੰਗ ਆ ਅਨੰਦ ਹੀ ਅਨੰਦ ਆ।
ਅਣਖਾਂ ਦੇ ਪੁੱਤ ਅਸੀਂ, ਪਤਾ ਚਮਕੌਰ ਨੂੰ
ਸਾਡੀਆਂ ਤਸੀਰਾਂ ਬਾਰੇ, ਪੁੱਛਿਓ ਲਹੌਰ ਨੂੰ

ਕਾਬਲ ਕੰਧਾਰ ਫਤਹਿ, ਕੀਤਿਓ ਮੈਦਾਨ ਨੇ
ਕਿਲੇ ਜਮਰੌਦ ਦੀਆਂ, ਕੰਧਾਂ 'ਤੇ ਨਿਸ਼ਾਨ ਨੇ
ਸ਼ੇਰਾਂ ਦੇ ਜਬਾੜਿਆਂ 'ਚ ਹੱਥ ਪਾਣਾ ਜਾਣਦੇ
ਹਾਥੀਆਂ ਨੂੰ ਨੇਜਿਆਂ ਦੀ, ਨੱਥ ਪਾਣਾ ਜਾਣਦੇ।

ਸਾਡਿਆਂ ਦੁਮਾਲਿਆਂ ਦੇ, ਨੀਲੇ ਪੀਲੇ ਰੰਗ ਆ
'ਸਾਹਿਤਿਆ' ਓ ਵੈਰੀ ਸਾਥੋਂ, ਤਾਹਿਓਂ ਅੱਜ ਤੰਗ ਆ
ਜਿੱਤਣੀ ਆ ਜੰਗ ਅਸੀਂ, ਹੌਸਲੇ ਬੁਲੰਦ ਆ
ਗੁਰੂ ਅੰਗ ਸੰਗ ਆ, ਅਨੰਦ ਹੀ ਅਨੰਦ ਆ

*-ਕੁਲਵੀਰ ਸਿੰਘ ਡਾਨਸੀਵਾਲ*
*ਫੋਨ: 778-863-2472*

---

### ਬੇਨਾਮ ਜਿਹੀ

ਲੁਕ ਲੁਕ ਦੁਨੀਆਂ ਪਿੱਠ 'ਤੇ ਵਾਰ ਕਰੇ,
ਕਿਹੜੀ ਗੱਲ ਤੋਂ ਗੈਰਾਂ 'ਤੇ ਇਤਬਾਰ ਕਰੇ।

ਇਸ਼ਕ ਸਿਰੇ ਨਾ ਚੜ੍ਹਦੈ ਇਤਿਹਾਸ ਗਵਾਹ,
ਮਿਰਜ਼ਾ, ਸੋਹਣੀ ਦੇਖਾਂ ਬਦਲੇ ਪਿਆਰ ਮਰੇ।

ਕਰੇ ਮੂਰਖ ਗੱਲ ਅਵੱਲੀ ਬੋਲੇ ਬਿਨ ਸੋਚੇ,
ਸਿਆਣਾ ਬੋਲਣ ਤੋਂ ਪਹਿਲੇ ਸੌ ਵਿਚਾਰ ਕਰੇ।

ਆਵਾ ਊਤਿਆ ਖ਼ੁਦਗਰਜ਼ੀ ਨੇ ਪਾਏ ਪੰਗੇ,
ਵਿਰਲਾ-ਵਿਰਲਾ ਅੱਜ ਕੋਈ ਉਪਕਾਰ ਕਰੇ।

ਕਿਉਂ ਜਾਣ ਟੱਪ ਕੇ ਸਰਹੱਦਾਂ ਵਿਚ ਵਿਦੇਸ਼ਾਂ,
ਤਰੱਕੀ ਕਰੇ ਦੇਸ਼ ਜੇ ਘਰੇ ਰੁਜ਼ਗਾਰ ਸਰੇ।

ਗਿਆ ਅਜਾਈਂ ਡੁੱਲ੍ਹਿਆ ਖ਼ੂਨ ਸ਼ਹੀਦਾਂ ਦਾ,
ਵਤਨ ਵਿਚ ਨੇਤਾਵਾਂ ਦੇ ਕਿਰਦਾਰ ਮਰੇ।

ਲੋਕੀਂ ਅਜ-ਕੱਲ੍ਹ ਆਸਾਂ ਲਾ ਕੇ ਬੈਠੇ ਨੇ,
ਮੁਫ਼ਤ ਰਾਸ਼ਨ ਸਰਕਾਰੀ ਦਾ ਇੰਤਜ਼ਾਰ ਕਰੇ।

ਅਮੀਰਾਂ-ਗਰੀਬਾਂ ਦੇ ਵਿਚ ਪਾੜਾ ਵਧਿਆ ਹੈ,
ਰਿਸ਼ਵਤਖੋਰੀ ਜੰਮ ਕੇ ਮਾਰੋ ਮਾਰ ਕਰੇ।

ਕਾਹਦਾ ਹਾਕਮ ਜੇ ਉਹ ਦਇਆ ਕਰੇ,
ਪਰਜਾ ਸਮਝ ਕੇ ਜੰਤਾ ਨੂੰ ਹਰ ਵਾਰ ਕਰੇ।

*-ਸੇਵਾ ਸਿੰਘ 'ਨੂਰਪੁਰੀ'*

# ਫ਼ਿਲਮ ਲੋਕ

## ਧਰਮਿੰਦਰ ਦੇ ਇੱਕ ਗਾਣੇ ਨੇ ਖ਼ਤਮ ਕਰ ਦਿੱਤਾ ਸੀ ਰਾਜੇਸ਼ ਖੰਨਾ ਦਾ ਜਲਵਾ

ਕੈਲਾਸ਼ ਸਿੰਘ




ਸਾਲ 1969 ਭਾਰਤੀ ਹਿੰਦੀ ਸਿਨੇਮਾ ਲਈ ਬਹੁਤ ਮਹੱਤਵਪੂਰਨ ਰਿਹਾ। ਇਸ ਸਮੇਂ ਬਾਲੀਵੁੱਡ 'ਚ ਇਕ ਨਿਰਣਾਇਕ ਮੋੜ ਆਇਆ। ਇਸ ਸਾਲ ਦੇ ਨਵੰਬਰ ਮਹੀਨੇ ਵਿਚ ਫ਼ਿਲਮ 'ਆਰਾਧਨਾ' ਰਿਲੀਜ਼ ਹੋਈ ਸੀ, ਜਿਸ ਦੀ ਬਦੌਲਤ ਬਾਲੀਵੁੱਡ ਨੂੰ ਸਹੀ ਮਾਇਨਿਆਂ ਵਿਚ ਆਪਣਾ ਪਹਿਲਾ ਸੁਪਰ ਸਟਾਰ ਮਿਲਿਆ ਸੀ, ਰਾਜੇਸ਼ ਖੰਨਾ ਦੇ ਰੂਪ ਵਿਚ। ਉਸ ਦਾ ਸਟਾਰਡਮ ਇਸ ਤਰ੍ਹਾਂ ਦਾ ਸੀ, ਜੋ ਉਸ ਤੋਂ ਪਹਿਲਾਂ ਅਤੇ ਉਸ ਤੋਂ ਬਾਅਦ ਫ਼ਿਲਮਾਂ ਵਿਚ ਅੱਜ ਤੱਕ ਕਿਸੇ ਨੂੰ ਨਹੀਂ ਮਿਲਿਆ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਉਸ ਦੀ ਇਕ ਝਲਕ ਦੇਖਣ ਲਈ ਬੇਤਾਬ ਰਹਿੰਦੇ ਸਨ। ਕੁੜੀਆਂ ਵਿਚ ਤਾਂ ਉਸ ਪ੍ਰਤੀ ਦੀਵਾਨਗੀ ਵੱਖਰੇ ਹੀ ਪੱਧਰ 'ਤੇ ਸੀ। ਹੋਸਟਲ ਵਿਚ ਕੁੜੀਆਂ ਉਸ ਦੀ ਤਸਵੀਰ ਆਪਣੇ ਸਿਰਹਾਣੇ ਹੇਠਾਂ ਰੱਖ ਕੇ ਸੌਂਦੀਆਂ ਸਨ ਅਤੇ ਜਿਸ ਥਾਂ ਤੋਂ ਰਾਜੇਸ਼ ਖੰਨਾ ਦੀ ਗੱਡੀ ਲੰਘ ਜਾਵੇ, ਉਥੇ ਦੀ ਮਿੱਟੀ ਚੁੱਕ ਕੇ ਕੁੜੀਆਂ ਆਪਣੀ ਮਾਂਗ ਵਿਚ 'ਸੰਧੂਰ' ਦੀ ਤਰ੍ਹਾਂ ਭਰ ਲੈਂਦੀਆਂ ਸਨ। ਇਸ ਲਈ ਇਹ ਹੈਰਾਨੀਜਨਕ ਨਹੀਂ ਸੀ ਕਿ ਰਾਜੇਸ਼ ਖੰਨਾ ਦੀਆਂ ਲਗਾਤਾਰ 15 ਫ਼ਿਲਮਾਂ ਹਿੱਟ ਹੋਈਆਂ। ਨਿਰਮਾਤਾਂ ਉਸ ਦੇ ਘਰ ਲਾਈਨ ਲਗਾਉਂਦੇ ਸਨ ਕਿ ਉਹ ਉਨ੍ਹਾਂ ਦੀਆਂ ਫ਼ਿਲਮਾਂ ਵਿਚ ਮੂੰਹ ਮੰਗੀ ਕੀਮਤ 'ਤੇ ਕੰਮ ਕਰਨ ਲਈ ਤਿਆਰ ਹੋ ਜਾਏ। ਜਿਧਰ ਦੇਖੋ ਉਧਰ ਨੌਜਵਾਨ ਉਨ੍ਹਾਂ ਦੇ ਪਹਿਰਾਵੇ ਤੇ ਵਾਲਾਂ ਦੇ ਸਟਾਈਲ ਦੀ ਨਕਲ ਕਰਿਆ ਕਰਦੇ ਹੋਏ 'ਰਾਜੇਸ਼ ਖੰਨਾ' ਬਣੇ ਫਿਰਦੇ ਸਨ। ਬਾਕੀ ਅਦਾਕਾਰ ਉਨ੍ਹਾਂ ਦੇ ਸਾਹਮਣੇ ਇਕਦਮ ਫਿੱਕੇ ਪੈ ਚੁੱਕੇ ਸਨ। ਰਾਜੇਸ਼ ਖੰਨਾ ਦੇ ਇਸ ਸੁਪਰ ਸਟਾਰਡਮ ਵਿਚ ਕਿਸ਼ੋਰ ਕੁਮਾਰ ਦੀ ਆਵਾਜ਼ ਅਤੇ ਐਸ.ਡੀ. ਬਰਮਨ ਤੇ ਬਾਅਦ ਵਿਚ ਉਨ੍ਹਾਂ ਦੇ ਪੁੱਤਰ ਆਰ.ਡੀ. ਬਰਮਨ ਦੇ ਸੰਗੀਤ ਦਾ ਬਹੁਤ ਵੱਡਾ ਯੋਗਦਾਨ ਸੀ।



ਕਿਸ਼ੋਰ ਕੁਮਾਰ ਖ਼ੁਦ ਨੂੰ ਦੇਵ ਆਨੰਦ ਦੀ ਆਵਾਜ਼ ਸਮਝਦੇ ਸਨ, ਇਸ ਲਈ ਉਹ ਬਹੁਤ ਮੁਸ਼ਕਿਲ ਨਾਲ ਰਾਜੇਸ਼ ਖੰਨਾ ਲਈ ਗਾਉਣ ਲਈ ਤਿਆਰ ਹੋਏ, ਪਰ ਇਕ ਵਾਰ ਜਦੋਂ ਉਹ ਸਹਿਮਤ ਹੋ ਗਏ ਤਾਂ ਉਨ੍ਹਾਂ ਨੇ ਰਾਜੇਸ਼ ਖੰਨਾ ਦੇ ਨਾਲ ਮਿਲ ਕੇ ਪਰਦੇ 'ਤੇ ਕਮਾਲ ਦਾ ਜਾਦੂ ਕੀਤਾ। ਰਾਜੇਸ਼ ਖੰਨਾ ਨੂੰ ਵੀ ਲਗਦਾ ਸੀ ਕਿ ਉਨ੍ਹਾਂ ਦੀ ਕਾਮਯਾਬੀ ਦਾ ਰਾਜ਼ ਕਿਸ਼ੋਰ ਕੁਮਾਰ ਦੀ ਹੀ ਆਵਾਜ਼ ਹੈ, ਜੋ ਉਨ੍ਹਾਂ ਦੀ ਅਭਿਨੈ ਸ਼ੈਲੀ ਨਾਲ ਜ਼ਿਆਦਾ ਮੇਲ ਖਾਂਦੀ ਹੈ। ਇਸ ਲਈ ਉਹ ਖ਼ੁਦ 'ਤੇ ਫ਼ਿਲਮਾਏ ਗਏ ਗੀਤਾਂ . ਲਈ ਕਿਸ਼ੋਰ ਕੁਮਾਰ ਦੀ ਆਵਾਜ਼ ਨੂੰ ਹੀ ਪਹਿਲ ਦਿੰਦੇ ਸਨ। ਇਹ ਵੱਖਰੀ ਗੱਲ ਹੈ ਕਿ ਰਾਜੇਸ਼ ਖੰਨਾ ਲਈ ਮੁਹੰਮਦ ਰਫ਼ੀ ਨੇ ਵੀ ਯਾਦਗਾਰ ਗੀਤ ਗਾਏ, ਜਿਨ੍ਹਾਂ ਨੂੰ ਅੱਜ ਤੱਕ ਲੋਕ ਗੁਣਗੁਣਾਉਂਦੇ ਹਨ, ਜਿਵੇਂ 'ਗੁਲਾਬੀ ਆਂਖੇਂ ਜੋ ਤੇਰੀ ਦੇਖੀਂ'' (ਦ ਟ੍ਰੇਨ, 1970), 'ਯੇ ਰੇਸ਼ਮੀ ਜ਼ੁਲਫ਼ੇਂ, ਯੇ-ਸ਼ਰਬਤੀ ਆਂਖੇਂ'' (ਦੋ ਰਾਸਤੇ, 1969), 'ਅਕੇਲੇ ਹੈਂ ਚਲੇ ਆਓ ਜਹਾਂ ਹੋ' (ਰਾਜ਼, 1967), 'ਗੁਨ ਗੁਨਾ ਰਹੇ ਹੈਂ ਭੰਵਰੇ (ਅਰਾਧਨਾ, 1969), 'ਯੂਹੀ ਤੁਮ ਮੁਝਸੇ ਬਾਤ ਕਰਤੀ ਹੋ' (ਸੱਚਾ ਝੂਠਾ, 1970) ਆਦਿ।ਪਰ ਰਾਜੇਸ਼ ਖੰਨਾ ਕਿਸ਼ੋਰ ਕੁਮਾਰ ਨੂੰ ਹੀ ਆਪਣੀ ਆਵਾਜ਼ ਸਮਝਦੇ ਸਨ। ਇਹੀ ਵਜ੍ਹਾ ਸੀ ਕਿ ਫ਼ਿਲਮ 'ਹਾਥੀ ਮੇਰੇ ਸਾਥੀ' (1971) ਦੇ ਸਾਰੇ ਗੀਤ ਰਾਜੇਸ਼ ਖੰਨਾ ਲਈ ਗਾਉਣ ਲਈ ਕਿਸ਼ੋਰ ਕੁਮਾਰ ਨੂੰ ਇਕਰਾਰਬੱਧ ਕੀਤਾ ਗਿਆ ਸੀ । ਜਦੋਂ ਇਸ ਫ਼ਿਲਮ ਦੇ ਗੀਤ 'ਨਫ਼ਰਤ ਕੀ ਦੁਨੀਆ ਕੋ ਛੋੜਕਰ' ਦੀ ਰਿਕਾਰਡਿੰਗ ਦਾ ਸਮਾਂ ਆਇਆ ਤਾਂ ਕਿਸ਼ੋਰ ਕੁਮਾਰ ਨੇ ਇਸ ਨੂੰ ਗਾਉਣ ਤੋਂ ਮਨ੍ਹਾਂ ਕਰ ਦਿੱਤਾ। ਉਹ ਚਾਹੁੰਦੇ ਸਨ ਕਿ ਇਸ ਗੀਤ ਨੂੰ ਮੁਹੰਮਦ ਰਫ਼ੀ ਗਾਉਣ, ਕਿਉਂਕਿ ਉਹ ਹੀ ਇਸ ਦੇ ਬੋਲਾਂ ਨਾਲ ਇਨਸਾਫ਼ ਕਰ ਸਕਦੇ ਸਨ। ਫ਼ਿਲਮ ਦੇ ਸੰਗੀਤਕਾਰ ਲਕਸ਼ਮੀ ਕਾਂਤ-ਪਿਆਰੇ ਲਾਲ ਵੀ ਕਿਸ਼ੋਰ ਕੁਮਾਰ ਦੀ ਰਾਇ ਨਾਲ ਸਹਿਮਤ ਸਨ । ਪਰ ਰਾਜੇਸ਼ ਖੰਨਾ ਇਕਦਮ ਇਸ ਦੇ ਹੱਕ ਵਿਚ ਨਹੀਂ ਸੀ ਅਤੇ ਉਸ ਸਮੇਂ ਸੁਪਰ ਸਟਾਰ ਹੋਣ ਦੇ ਨਾਤੇ ਉਨ੍ਹਾਂ ਦੀ ਇਸ ਤਰ੍ਹਾਂ ਦੀ ਤੂਤੀ ਬੋਲਦੀ ਰਹੀ ਸੀ ਕਿ ਉਨ੍ਹਾਂ ਨੂੰ 'ਨਾਂਹ' ਕਹਿਣ ਦੀ ਕਿਸੇ ਵਿਚ ਹਿੰਮਤ ਨਹੀਂ ਸੀ। ਫਿਲਹਾਲ, ਕਿਸ਼ੋਰ ਕੁਮਾਰ ਆਪਣੀ ਜ਼ਿੱਦ 'ਤੇ ਅੜ ਗਏ। ਉਨ੍ਹਾਂ ਨੇ 'ਨਫ਼ਰਤ-ਕੀ ਦੁਨੀਆ ਕੋ ਛੋੜ ਕਰ' ਗੀਤ ਗਾਉਣ ਤੋਂ ਸਾਫ ਮਨ੍ਹਾਂ ਕਰ ਦਿੱਤਾ। ਆਖਿਰਕਾਰ ਫ਼ਿਲਮ ਦੇ ਨਿਰਦੇਸ਼ਕ ਐਮ.ਏ. ਥਿਰੁਮੁਗਮ ਅਤੇ ਲਕਸ਼ਮੀ ਕਾਂਤ-ਪਿਆਰੇ ਲਾਲ ਦੇ ਬਹੁਤ ਸਮਝਾਉਣ 'ਤੇ ਰਾਜੇਸ਼ ਖੰਨਾ ਬੇਮਨ ਜਿਹੇ ਮਨ ਨਾਲ ਮੰਨ ਹੀ ਗਏ। ਪਰ ਹੁਣ ਸਮੱਸਿਆ ਇਹ ਸੀ ਕਿ ਮੁਹੰਮਦ ਰਫ਼ੀ ਉਸ ਸਮੇਂ ਭਾਰਤ ਵਿਚ ਨਹੀਂ ਸਨ, ਉਹ ਆਪਣੇ ਵਰਲਡ ਟੂਰ ਦੇ ਸਿਲਸਿਲੇ ਵਿਚ ਇੰਗਲੈਂਡ ਵਿਚ ਸਨ ਅਤੇ ਉਨ੍ਹਾਂ ਨੂੰ ਬੁਲਾਉਣ ਦੀ ਜ਼ਿੰਮੇਵਾਰੀ ਕਿਸ਼ੋਰ ਕੁਮਾਰ ਨੂੰ ਦਿੱਤੀ ਗਈ। ਕਿਸ਼ੋਰ ਦੇ ਕਹਿਣ 'ਤੇ ਰਫ਼ੀ ਆਪਣਾ ਪ੍ਰੋਗਰਾਮ ਛੱਡ ਕੇ ਇੰਗਲੈਂਡ ਤੋਂ ਦੋ ਘੰਟਿਆਂ ਲਈ ਮੁੰਬਈ ਆਏ, ਰਿਕਾਰਡਿੰਗ ਕੀਤੀ, ਵਾਪਸ ਗਏ ਅਤੇ 'ਨਫ਼ਰਤ ਕੀ ਦੁਨੀਆ ਛੋੜ ਕਰ' ਫ਼ਿਲਮ 'ਹਾਥੀ ਮੇਰੇ ਸਾਥੀ' ਦਾ ਸਭ ਤੋਂ ਸਫ਼ਲ ਗੀਤ ਸਾਬਿਤ ਹੋਇਆ, ਜਿਸ ਨੂੰ ਦਰਸ਼ਕ ਆਪਣੀ ਜ਼ੁਬਾਨ 'ਤੇ ਅਤੇ ਅੱਖਾਂ ਵਿਚ ਹੰਝੂ ਲੈ ਕੇ ਸਿਨੇਮਾਘਰਾਂ 'ਚੋਂ ਬਾਹਰ ਨਿਕਲੇ ।






ਰਾਜੇਸ਼ ਖੰਨਾ ਦਾ ਸੁਪਰ ਸਟਾਰਡਮ ਆਪਣੀ ਪੂਰੀ ਚੋਟੀ 'ਤੇ ਸੀ ਕਿ ਇਸ ਦਰਮਿਆਨ 16 ਮਾਰਚ, 1973 ਨੂੰ ਧਰਮਿੰਦਰ ਦੀ ਫ਼ਿਲਮ 'ਲੋਫ਼ਰ' ਆਈ, ਜਿਸ ਵਿਚ ਉਨ੍ਹਾਂ ਦੇ ਨਾਲ ਮੁਮਤਾਜ਼ ਹੀਰੋਇਨ ਸੀ, ਜਿਨ੍ਹਾਂ ਦੀ ਰਾਜੇਸ਼ ਖੰਨਾ ਨਾਲ ਜੋੜੀ ਸਫ਼ਲਤਾਂ ਦੇ ਨਵੇਂ ਕੀਰਤੀਮਾਨ ਸਥਾਪਿਤ ਕਰ ਚੁੱਕੀ ਤੋ। ਫ਼ਿਲਮ ਇਸ ਦੀ ਸੰਗੀਤਕਾਰ ਜੋੜੀ ਲਕਸ਼ਮੀ ਕਾਂਤ-ਪਿਆਰੇ ਲਾਲ ਨੇ ਗੀਤਕਾਰ ਆਨੰਦ ਬਖਸ਼ੀ ਦੇ ਲਿਖੇ ਗੀਤ 'ਆਜ ਮੌਸਮ ਬੜਾ ਬੇਈਮਾਨ ਹੈ' ਨੂੰ ਆਪਣੇ ਪਸੰਦੀਦਾ ਗਾਇਕ ਮੁਹੰਮਦ ਰਫ਼ੀ ਨੂੰ ਗਾਉਣ ਦੀ ਜ਼ਿੰਮੇਵਾਰੀ ਸੌਂਪੀ ਅਤੇ ਰਫ਼ੀ ਨੇ ਆਪਣੀ ਮਖਮਲੀ ਆਵਾਜ਼ ਨਾਲ ਇਸ ਗਾਣੇ ਨੂੰ ਨਾ ਸਿਰਫ਼ ਅਮਰ ਕਰ ਦਿੱਤਾ, ' ਸਗੋਂ ਧਰਮਿੰਦਰ ਨੂੰ ਸੁਪਰ ਸਟਾਰ ਬਣਾਉਂਦੇ ਹੋਏ ਰਾਜੇਸ਼ ਖੰਨਾ ਦੇ ਸੁਪਰ ਸਟਾਰਡਮ ਨੂੰ ਵੀ ਫਿੱਕਾ ਕਰ ਦਿੱਤਾ। 'ਲੋਫ਼ਰ' 1961 ਦੀ ਅਮਰੀਕਨ ਫ਼ਿਲਮ 'ਪਾਕੇਟਫੁੱਲ ਆਫ਼ ਮਿਰੈਕਲਸ' ਤੋਂ ਪ੍ਰੇਰਿਤ ਸੀ। ਫਿਰ ਜਦੋਂ 1973 ਵਿਚ ਹੀ ਅਮਿਤਾਭ ਬੱਚਨ ਫ਼ਿਲਮ 'ਜ਼ੰਜੀਰ' ਤੋਂ 'ਐਂਗਰੀ ਜੰਗਮੈਨ' ਦੇ ਰੂਪ ਵਿਚ ਉੱਭਰੇ ਅਤੇ ਇਸ ਫ਼ਿਲਮ ਦੇ ਹਿਟ ਰੋਮਾਂਟਿਕ ਗੀਤ 'ਦੀਵਾਨੇ ਹੈਂ ਦੀਵਾਨੋਂ ਕੋ ਨਾ ਘਰ ਚਾਹੀਏ' ਨੇ ਤਹਿਲਕਾ ਮਚਾ ਦਿੱਤਾ, ਜਿਸ ਨੂੰ ਰਫ਼ੀ ਨੇ ਹੀ ਗਾਇਆ ਸੀ ਤੇ ਰਾਜੇਸ਼ ਖੰਨਾ ਦੇ ਸੁਪਰ ਸਟਾਰਡਮ 'ਤੇ ਪੂਰੀ ਤਰ੍ਹਾਂ ਵਿਰਾਮ ਲਗ ਗਿਆ, ਖ਼ਾਸ ਕਰਕੇ ਇਸ ਲਈ ਵੀ ਕਿ 1975 ਵਿਚ ਧਰਮਿੰਦਰ ਤੇ ਅਮਿਤਾਭ ਬੱਚਨ ਦੀ ਫ਼ਿਲਮ 'ਸ਼ੋਅਲੇ' ਆਈ, ਜਿਸ ਨੇ ਬਾਲੀਵੁੱਡ ਦਾ ਇਤਿਹਾਸ ਹੀ ਬਦਲ ਦਿੱਤਾ ਅਤੇ 'ਦੀਵਾਰ' ਤੋਂ ਬਾਅਦ ਅਮਿਤਾਭ ਬੱਚਨ ਸਦੀ ਦੇ ਮਹਾਨਾਇਕ ਦੇ ਰੂਪ ਵਿਚ ਸਥਾਪਿਤ ਹੋ ਗਏ। ਰਾਜੇਸ਼ ਖੰਨਾ ਇਤਿਹਾਸ ਦੇ ਸ ਫ਼ਿਆਂ ਵਿਚ ਸਿਮਟ ਕੇ ਰਹਿ ਗਏ।

## ਪਾਲੀਵੁੱਡ 'ਚ ਪ੍ਰਭਾਵੀ ਦਸਤਕ ਦੇਣ ਜਾ ਰਹੀ ਹੈ - ਜੋਤ ਅਰੋੜਾ

ਪੰਜਾਬੀ ਸਿਨੇਮਾ ਦੇ ਮੌਜੂਦਾ ਮੁਹਾਂਦਰੇ ਨੂੰ ਚਾਰ ਚੰਨ ਲਾਉਣ ਵਿਚ ਇਸ ਖਿੱਤੇ ਦਾ ਹਿੱਸਾ ਬਣੀਆਂ ਨਵ- ਪ੍ਰਭਿਤਾਵਾਂ ਅਹਿਮ ਭੂਮਿਕਾ ਨਿਭਾਅ ਰਹੀਆਂ ਹਨ, ਜਿਨ੍ਹਾਂ ਵਿਚੋਂ ਹੀ ਆਪਣੇ ਨਾਵਾਂ ਦਾ ਮਾਣਮੱਤਾ ਸ਼ੁਮਾਰ ਕਰਵਾਉਣ ਜਾ ਰਹੇ ਹਨ ਦੋ ਖ਼ੂਬਸੂਰਤ ਚਿਹਰੇ ਕੈਰਵ ਕੰਗ ਅਤੇ ਜੋਤ ਅਰੋੜਾ, ਜੋ ਨਵੀਂ ਆਉਣ ਜਾ ਰਹੀ ਪੰਜਾਬੀ ਫਿਲਮ 'ਮੇਰੀ ਗਰਲ ਫਰੈਂਡ ਦਾ ਵਿਆਹ' ਦੁਆਰਾ ਬਤੌਰ ਲੀਡ ਜੋੜੀ ਵਜੋਂ ਨਜ਼ਰ ਆਏਗੀ। ਫ਼ਿਲਮ ਦਾ ਨਿਰਦੇਸ਼ਨ ਸਮੀਪ ਕੰਗ ਕਰ ਰਹੇ ਹਨ। ਜੇਕਰ ਅਦਾਕਾਰਾ ਜੋਤ ਅਰੋੜਾ ਦੇ ਜੀਵਨ ਅਤੇ ਕਰੀਅਰ ਨਾਲ ਜੁੜੇ ਕੁਝ ਅਹਿਮ ਪਹਿਲੂਆਂ ਦੀ ਗੱਲ ਕਰੀਏ ਤਾਂ ਰੰਗਮੰਚ ਦੀ ਦੁਨੀਆ ਤੋਂ ਲੈ ਕੇ ਮੁੰਬਈ ਰੇ ਗਲੈਮਰ ਗਲਿਆਰਿਆਂ ਤੱਕ ਆਪਣੀ ਬਹੁ-ਪੱਖੀ ਸ਼ਖ਼ਸੀਅਤ ਦਾ ਪ੍ਰਗਟਾਵਾ ਕਰ ਚੁੱਕੀ ਹੈ। ਇਹ ਬਾ ਕ ਮਾਲ ਅ ਦਾ ਕਾਰਾ ਜਿਨ੍ਹਾਂ ਨੂੰ ਪਾਲੀਵੁੱਡ 'ਚ ਸਥਾਪਤੀ ਦੇਣ ਵਿਚ ਸਾਲ 2022 ਵਿਚ ਵੈੱਬ ਸੀਰੀਜ਼ 'ਯਾਰ ਚੱਲੇ ਬਾਹਰ' ਨੇ ਅਹਿਮ ਭੂਮਿਕਾ ਨਿਭਾਈ, ਜਿਸ ਵਿਚ ਉਨ੍ਹਾਂ ਵਲੋਂ ਨਿਭਾਇਆ ਗਿਆ ਲੀਡਿੰਗ ਰੋਲ ਅਮਿੱਟ ਛਾਪ ਛੱਡਣ ਵਿਚ ਸਫਲ ਰਿਹਾ।



ਜੋਤ ਮੂਲ ਰੂਪ ਵਿਚ ਪੰਜਾਬ ਦੇ ਇਤਿਹਾਸਕ ਅਤੇ ਧਾਰਮਿਕ ਸ਼ਹਿਰ ਸ੍ਰੀ ਅੰਮ੍ਰਿਤਸਰ ਸਾਹਿਬ ਨਾਲ ਸੰਬੰਧ ਰੱਖਦੀ ਹੈ, ਇਹ ਪ੍ਰਤਿਭਾਵਾਨ ਅਦਾਕਾਰਾ, ਜਿਨ੍ਹਾਂ ਦੇ ਪਿਤਾ ਦਲਜੀਤ ਸਿੰਘ ਅਰੋੜਾ ਅਤੇ ਭਰਾ ਮਨਜੋਤ ਸਿੰਘ ਵੀ (ਗੀਤਕਾਰ, ਸਿਨੇਮਾ ਆਲੋਚਕ ਅਤੇ ਨਿਰਦੇਸ਼ਕ) ਪੰਜਾਬੀ ਫ਼ਿਲਮ ਉਦਯੋਗ ਦੀਆਂ ਮਾਣਮੱਤੀਆਂ ਸ਼ਖ਼ਸੀਅਤਾਂ ਵਜੋਂ ਜਾਣੇ ਜਾਂਦੇ ਹਨ। ਸਾਲ 2018 ਵਿਚ ਸਾਹਮਣੇ ਆਈ ਅਤੇ ਰਾਣਾ ਰਣਬੀਰ ਵਲੋਂ ਨਿਰਦੇਸ਼ਿਤ ਕੀਤੀ ਅਰਥ-ਭਰਪੂਰ ਪੰਜਾਬੀ ਫਿਲਮ 'ਅਸੀਸ' ਦਾ ਵੀ ਕਾਬਲ-ਏ-ਤਾਰੀਫ਼ ਹਿੱਸਾ ਰਹੀ ਹੈ। ਇਹ ਬਾਕਮਾਲ ਅਦਾਕਾਰਾ, ਜਿਸ ਵਲੋਂ ਹੁਣ ਤੱਕ ਅੰਜਾਮ ਦਿੱਤੇ ਹੋਰਨਾਂ ਪ੍ਰੋਜੈਕਟਾਂ ਵੱਲ ਨਜ਼ਰਸਾਨੀ ਕੀਤੀ ਜਾਵੇ ਤਾਂ ਉਨ੍ਹਾਂ ਵਿਚ 'ਯਾਰ ਚੱਲੇ ਬਾਹਰ ਸੀਜ਼ਨ-2 (ਵੈੱਬ ਸੀਰੀਜ਼), 'ਮਾਂ ਵਰਗੀ' (ਮਿਊਜ਼ਿਕ ਵੀਡੀਓ) ਤੋਂ ਇਲਾਵਾ ਨਵਤੇਜ ਸੰਧੂ ਵਲੋਂ ਨਿਰਦੇਸ਼ਿਤ ਭਾਵਪੂਰਨ ਪੰਜਾਬੀ ਫ਼ਿਲਮ 'ਜਮਰੌਦ' ਆਦਿ ਵੀ ਸ਼ਾਮਿਲ ਰਹੇ ਹਨ। ਸਿਨੇਮਾ ਗਲਿਆਰਿਆਂ ਵਿਚ ਇਨ੍ਹੀਂ ਦਿਨੀਂ ਖਾਸੀ ਚਰਚਾ ਦਾ ਕੇਂਦਰ ਬਣੀ ਹੋਈ ਹੈ।

ਇਨ੍ਹਾਂ ਦੋਵਾਂ ਨਵ-ਕਲਾਕਾਰਾਂ ਦੀ ਉੱਕਤ ਦਿਲਚਸਪ ਪੰਜਾਬੀ ਫਿਲਮ ਜੋ ਇਨ੍ਹੀਂ ਦਿਨੀਂ ਮੁੰਬਈ ਦੀਆਂ ਵੱਖ-ਵੱਖ ਲੋਕੇਸ਼ਨਾਂ ਉੱਪਰ ਤੇਜ਼ੀ ਨਾਲ ਫਿਲਮਾਈ ਜਾ ਰਹੀ ਹੈ।

## ਦਿਸ਼ਾ ਪਟਾਨੀ

### ਆਪਣਾ ਘਰ ਵਸਾ ਰਹੀ ਹੈ...

ਤਾਮਿਲ ਫ਼ਿਲਮ ਸੰਸਾਰ ਵਿਚ ਦਿਸ਼ਾ ਪਟਾਨੀ ਨੇ ਫ਼ਿਲਮ 'ਕੰਗੂਵਾ' ਨਾਲ ਪੈਰ ਰੱਖ ਲਏ ਹਨ ਤੇ ਤਾਮਿਲ ਸਟਾਰ ਸੂਰੀਆ ਦੀ ਮੰਨੀਏ ਤਾਂ ਦਿਸ਼ਾ ਪਟਾਨੀ ਤਾਮਿਲ ਸਿਨੇਮਾ ਦੇ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕਰ ਸਕਦੀ ਹੈ। ਸੋਸ਼ਲ ਮੀਡੀਆ ਦੀ ਪ੍ਰੇਮਣ ਦਿਸ਼ਾ ਆਪਣੇ ਪ੍ਰਸੰਸਕਾਂ ਨਾਲ ਆਪਣੀ ਯਾਤਰਾ ਤੇ ਫੈਸ਼ਨ ਬਾਰੇ ਗੱਲਾਂ ਕਰਦੀ ਰਹਿੰਦੀ ਹੈ। ਉਧਰ ਦਿਸ਼ਾ ਪਟਾਨੀ ਨੂੰ ਹੁਣ ਘਰ ਉਜਾੜਨ ਵਾਲੀ ਸਹੇਲੀ ਇਕ ਫ਼ਿਲਮ ਪੋਰਟਲ ਨੇ ਆਖ ਦਿੱਤਾ ਹੈ। ਦਰਅਸਲ ਜੈਪੁਰ 'ਚ ਮੌਨੀ ਰਾਏ ਹਰ ਕਦਮ ਦਿਸ਼ਾ ਦੀ ਸਲਾਹ ਨਾਲ ਪੁੱਟ ਰਹੀ ਹੈ ਤੇ ਇਹ ਗੱਲ ਮੌਨੀ ਦੇ ਦੋਸਤ ਸੂਰਜ ਨਾਂਬੀਆਰ ਨੂੰ ਚੰਗੀ ਨਹੀਂ ਲੱਗੀ।

ਇਧਰ ਨਵੀਂ ਖ਼ਬਰ ਇਹ ਹੈ ਜਿਹੜੀ ਤਕਰੀਬਨ ਹੁਣੇ-ਹੁਣੇ ਹੀ ਪਹੁੰਚੀ ਹੈ ਕਿ ਦਿਸ਼ਾ ਪਟਾਨੀ ਪੰਜਾਬੀ ਗਾਇਕ ਤਲਵਿੰਦਰ ਸਿੰਘ ਦੇ ਪਿਆਰ 'ਚ ਗ੍ਰਿਫ਼ਤਾਰ ਹੋ ਚੁੱਕੀ ਹੈ ਤੇ ਦਿਸ਼ਾ ਉਸ ਦੇ ਵਧੀਆ ਵੀਡੀਓਜ਼. ਆਪਣੇ ਜਾਣਕਾਰ ਚੋਟੀ ਦੇ ਫ਼ਿਲਮੀ ਡਾਇਰੈਕਟਰ ਲੋਕਾਂ ਤੋਂ ਕਰਵਾ ਰਹੀ ਹੈ। ਤਲਵਿੰਦਰ ਸਿੰਘ ਹਾਈ- ਫਾਈ ਗਾਇਕ



ਆਪਣਾ ਚਿਹਰਾ ਅਕਸਰ ਪੇਂਟ ਨਾਲ ਢਕ ਕੇ ਰੱਖਦੇ ਹਨ, ਪਰ ਲੋਕਾਂ ਨੇ ਦਿਸ਼ਾ ਨਾਲ ਉਸ ਦੀ ਫੋਟੋ ਨੈੱਟ 'ਤੇ ਪਾ ਦਿੱਤੀ ਤਾਂ ਤਲਵਿੰਦਰ ਸਿੰਘ ਨੇ ਹੈਰਾਨ ਪ੍ਰੇਸ਼ਾਨ ਹੋ ਕੇ ਕਿਹਾ ਕਿ ਸਿਰਫ਼ ਵਿਊਜ਼ ਪ੍ਰਾਪਤ ਕਰਨ ਲਈ ਪੰਜ ਹਜ਼ਾਰ 'ਚ ਕਿਸੇ ਨੇ ਤਲਵਿੰਦਰ ਤੇ ਦਿਸ਼ਾ ਦੀ ਤਸਵੀਰ ਵੇਚੀ ਤੇ ਪੰਜਾਹ ਹਜ਼ਾਰ ਕਮਾ ਕੇ ਉਹ ਤਾਂ ਖ਼ੁਸ਼ ਹੋਊ, ਪਰ ਤਲਵਿੰਦਰ ਸਿੰਘ ਨੂੰ ਤਾਂ ਉਸ ਦੇ ਬਣ ਰਹੇ ਕਰੀਅਰ 'ਚ ਬਦਨਾਮੀ ਤੋਂ ਸਿਵਾ ਕੀ ਮਿਲਿਆ? 'ਅਵਾਰਾਪਨ-2' ਤੇ 'ਓ ਰੋਮੀਓ' ਫ਼ਿਲਮਾਂ ਕਰ ਰਹੀ ਦਿਸ਼ਾ ਪਟਾਨੀ ਤਾਂ ਤਲਵਿੰਦਰ ਸਿੰਘ ਦੇ ਪ੍ਰੋਗਰਾਮਾਂ 'ਚ ਵੀ ਜਾ ਰਹੀ ਹੈ।

# Reliable

## Trucks & Trailer Repair Shop

7401 Brookville Road Indianapolis, IN 46239

* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change



* DPF Work * Nox Sensor
* Truck & Trailer Bushings
* Air Compressor * Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**

# ਇੰਡੀਅਨਐਪੋਲਿਸ ਵਿਚ ਪਾਰਕਿੰਗ ਅਤੇ ਸੈਲਫ ਸਟੋਰੇਜ

## Indianapolis, IN

Yard Address: 10318 Pendleton Pike, Indianapolis, IN 46236

**Semiyard**

Parking & Self-Storage Available

Download Semiyard App & Book

916 755 0085

Mobile & Text:

916 610 0033

SCAN ME !

Install via App Store

Install via Google Play

24/7 Access & Support

## PARK MONTHLY!

